ਅੰਗ ੯੨੩ = ਰਾਮਕਲੀ ਸਦੁ ੴ ਸਤਿਗੁਰ ਪ੍ਰਸਾਦਿ ॥ ਜਗਿ ਦਾਤਾ ਸੋਇ, ਭਗਤਿ ਵਛਲੁ ਤਿਹੁ ਲੋਇ ਜੀਉ ॥ ਗੁਰ ਸਬਦਿ ਸਮਾਵਏ, ਅਵਰੁ ਨ ਜਾਣੈ ਕੋਇ ਜੀਉ ॥ ਅਵਰੋ ਨ ਜਾਣਹਿ ਸਬਦਿ ਗੁਰ ਕੈ, ਏਕੁ ਨਾਮੁ ਧਿਆਵਹੇ ॥ ਪਰਸਾਦਿ ਨਾਨਕ ਗੁਰੂ ਅੰਗਦ, ਪਰਮ ਪਦਵੀ ਪਾਵਹੇ ॥ ਆਇਆ ਹਕਾਰਾ ਚਲਣਵਾਰਾ, ਹਰਿ ਰਾਮ ਨਾਮਿ ਸਮਾਇਆ ॥ ਜਗਿ ਅਮਰੁ ਅਟਲੁ ਅਤੋਲੁ ਠਾਕੁਰੁ ,ਭਗਤਿ ਤੇ ਹਰਿ ਪਾਇਆ ॥੧॥ ਹਰਿ ਭਾਣਾ ਗੁਰ ਭਾਇਆ, ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ ॥ ਸਤਿਗੁਰੁ ਕਰੇ ਹਰਿ ਪਹਿ ਬੇਨਤੀ, ਮੇਰੀ ਪੈਜ ਰਖਹੁ ਅਰਦਾਸਿ ਜੀਉ ॥ ਪੈਜ ਰਾਖਹੁ ਹਰਿ ਜਨਹ ਕੇਰੀ, ਹਰਿ ਦੇਹੁ ਨਾਮੁ ਨਿਰੰਜਨੋ ॥ ਅੰਤਿ ਚਲਦਿਆ ਹੋਇ ਬੇਲੀ, ਜਮ ਦੂਤ ਕਾਲੁ ਨਿਖੰਜਨੋ ॥ ਸਤਿਗੁਰੂ ਕੀ ਬੇਨਤੀ ਪਾਈ, ਹਰਿ ਪ੍ਰਭਿ ਸੁਣੀ ਅਰਦਾਸਿ ਜੀਉ ॥ ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ, ਧਨੁ ਧਨੁ ਕਹੈ ਸਾਬਾਸਿ ਜੀਉ ॥੨॥ (ਹੇ ਭਾਈ!) ਜਗਤ ਵਿਚ ਦਾਤਾ ਉਹ ਹਰੀ ਹੀ ਹੈ, ਜੋ ਤਿੰਨਾਂ ਲੋਕਾਂ ਵਿਚ ਭਗਤੀ ਨੂੰ ਪਿਆਰ ਕਰਨ ਵਾਲਾ ਹੈ।(ਜੋ ਮਨੁੱਖ) ਗੁਰੂ ਦੇ ਸ਼ਬਦ ਵਿਚ ਲੀਨ ਹੁੰਦਾ ਹੈ, (ਉਹ ਹੀ ਪ੍ਰਭੂ ਨੂੰ) ਜਾਣਦਾ ਹੈ, ਹੋਰ ਕੋਈ ਨਹੀਂ (ਉਸ ਨੂੰ) ਜਾਣ ਸਕਦਾ।(ਜਿਹੜੇ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਹਰੀ ਦੇ ਇਕ ਨਾਮ ਨੂੰ ਧਿਆਉਂਦੇ ਹਨ, (ਉਹ ਹੀ ਹਰੀ ਨੂੰ) ਜਾਣਦੇ ਹਨ, ਹੋਰ (ਕਰਮ ਕਾਂਡੀ ਮਨੁੱਖ ਹਰੀ ਨੂੰ) ਨਹੀਂ ਜਾਣ ਸਕਦੇ।(ਗੁਰੂ ਅਮਰਦਾਸ ਜੀ ਇਸ ਅਨੰਨ ਭਗਤੀ ਦੀ) ਪਰਮ ਪਦਵੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੀ ਕ੍ਰਿਪਾ ਨਾਲ ਪ੍ਰਾਪਤ ਕਰ ਚੁਕੇ ਸਨ।(ਜਦੋਂ ਸੰਸਾਰ ਤੋਂ) ਚਲੇ ਜਾਣ ਵਾਲਾ ਸੱਦਾ (ਗੁਰੂ ਅਮਰਦਾਸ ਜੀ ਨੂੰ) ਆਇਆ, (ਤਾਂ ਗੁਰੂ ਜੀ) ਪ੍ਰਭੂ ਦੇ ਨਾਮ ਵਿਚ ਲੀਨ ਹੋ ਗਏ ਸਨ।ਜਗਤ ਵਿਚ ਰਹਿੰਦਿਆਂ (ਗੁਰੂ ਅਮਰਦਾਸ ਜੀ ਨੇ) ਅਟੱਲ, ਅਮਰ ਤੇ ਅਤੋਲ ਮਾਲਕ ਪ੍ਰਭੂ ਨੂੰ ਭਗਤੀ ਦੁਆਰਾ ਪਾਇਆ ਸੀ (ਪ੍ਰਭੂ ਦਾ ਰੂਪ ਹੋ ਗਏ ਸਨ) ।੧।ਹਰੀ ਦਾ ਭਾਣਾ (ਪ੍ਰਲੋਕ ਗਮਨ ਦਾ) ਗੁਰੂ ਜੀ ਨੂੰ ਮਿੱਠਾ ਲੱਗਾ ਅਤੇ ਗੁਰੂ ਜੀ ਹਰੀ ਪ੍ਰਭੂ ਦੇ ਪਾਸ ਜਾਣ ਲਈ ਤਿਆਰ ਹੋ ਗਏ; ਗੁਰੂ ਜੀ ਸਿੱਖ ਸੰਗਤਾਂ ਨੂੰ ਕਹਿੰਦੇ ਹਨ ਕਿ (ਅਸੀਂ) ਹਰੀ ਪ੍ਰਭੂ ਦੇ ਪਾਸ ਜਾ ਰਹੇ ਹਾਂ (ਫ.ਸ.)।ਸਤਿਗੁਰੂ (ਅਮਰਦਾਸ) ਜੀ ਨੇ ਹਰੀ ਪਾਸ ਬੇਨਤੀ ਕੀਤੀ, ਹੇ ਹਰੀ! ਮੇਰੀ ਅਰਦਾਸ ਹੈ, (ਕ੍ਰਿਪਾ ਕਰਕੇ ਮੇਰੀ) ਪੈਜ ਰੱਖੋ ਜੀ।ਹੇ ਹਰੀ! (ਆਪ ਸਦਾ ਅਪਣੇ) ਸੇਵਕਾਂ ਦੀ ਪੈਜ ਰਖਦੇ ਹੋ, ਹੇ ਹਰੀ! ਮਾਇਆ ਤੋਂ ਨਿਰਲੇਪ ਨਾਮ (ਸਾਨੂੰ) ਦੇਵੋ।ਜੋ ਅੰਤ ਸਮੇਂ ਪ੍ਰਲੋਕ ਨੂੰ ਚਲਦਿਆਂ ਮੇਰਾ ਸਾਥੀ ਬਣੇ, ਜੋ ਜਮ ਦੂਤਾਂ ਅਤੇ ਕਾਲ ਨੂੰ ਨਾਸ ਕਰਨ ਵਾਲਾ ਹੈ।ਸਤਿਗੁਰੂ ਦੀ ਕੀਤੀ ਹੋਈ ਬੇਨਤੀ ਰੂਪ ਅਰਦਾਸ ਹਰੀ ਪ੍ਰਭੂ ਨੇ ਸੁਣ ਲਈ।ਹਰੀ ਨੇ ਕ੍ਰਿਪਾ ਕਰਕੇ ਸਤਿਗੁਰੂ (ਅਮਰਦਾਸ ਜੀ) ਨੂੰ ਅਪਣੇ ਵਿਚ ਮਿਲਾ ਲਿਆ (ਅਤੇ ਕਹਿਣ ਲਗੇ (ਕਿ ਗੁਰੂ ਅਮਰਦਾਸ ਜੀ) ਧੰਨ ਹੈ, ਧੰਨ ਹੈ, ਸ਼ਾਬਾਸ਼ ਹੈ।੨।

ਗੁਰ ਸਬਦਿ ਸਮਾਵਏ, ਅਵਰੁ ਨ ਜਾਣੈ ਕੋਇ ਜੀਉ = ੧. ਗੁਰੂ ਅਮਰਦਾਸ ਜੀ ਗੁਰੂ ਦੇ ਸ਼ਬਦ ਵਿਚ ਲੀਨ ਰਹੇ ਹਨ, (ਉਹ ਗੁਰੂ ਦੇ ਸ਼ਬਦ ਤੋਂ ਬਿਨਾ) ਕੋਈ ਹੋਰ ਕਰਮ ਕਾਂਡ ਨਹੀਂ ਜਾਣਦੇ; ਗੁਰੂ ਦੇ ਸ਼ਬਦ ਤੋਂ ਬਿਨਾ ਹੋਰ ਕੋਈ ਪ੍ਰਭੂ ਨੂੰ ਨਹੀਂ ਜਾਣ ਸਕਦਾ।(ਗੁਰੂ ਅਮਰਦਾਸ ਜੀ) ਗੁਰੂ ਦੇ ਸ਼ਬਦ ਦੁਆਰਾ ਇਕ ਨਾਮ ਹੀ ਜਪਦੇ ਹਨ, (ਉਹ) ਹੋਰ ਕੋਈ (ਕਰਮ ਕਾਂਡ) ਨਹੀਂ ਜਾਣਦੇ।

ਪਦਾਰਥ = ਸਦੁ-ਸੱਦਾ; ਮੌਤ ਦਾ ਬੁਲਾਵਾ।ਜਗਿ-ਜਗਤ ਵਿਚ।ਸੋਇ-ਉਹ ਹੀ।ਭਗਤਿ ਵਛਲੁ-ਭਗਤੀ ਨੂੰ ਪਿਆਰ ਕਰਨ ਵਾਲਾ ।ਤਿਹੁ ਲੋਇ-ਤਿੰਨਾਂ ਲੋਕਾਂ ਵਿਚ।ਗੁਰ ਸਬਦਿ-ਗੁਰੂ ਦੇ ਸ਼ਬਦ ਵਿਚ।ਸਮਾਵਏ-ਲੀਨ ਹੁੰਦਾ ਹੈ।ਅਵਰੁ-ਹੋਰ।ਕੈ-ਦੇ।ਧਿਆਵਏ-ਸਿਮਰਦੇ ਹਨ।ਪਰਸਾਦਿ-ਕ੍ਰਿਪਾ ਨਾਲ।ਪਰਮ ਪਦਵੀ-ਸਭ ਤੋਂ ਉਚੀ ਪਦਵੀ।ਪਾਵਹੇ-ਪ੍ਰਾਪਤ ਕਰ ਚੁੱਕੇ ਹਨ।ਹਕਾਰਾ-ਬੁਲਾਵਾ; ਸੱਦਾ।ਚਲਣ ਵਾਲਾ-(ਸੰਸਾਰ ਤੋਂ) ਚਲੇ ਜਾਣ ਵਾਲਾ।ਰਾਮ ਨਾਮਿ ਸਮਾਇਆ-ਪ੍ਰਭੂ ਦੇ ਨਾਮ ਵਿਚ ਲੀਨ ਸਨ।ਅਮਰੁ-ਮੌਤ ਰਹਿਤ ।ਅਟਲੁ (ਅਟੱਲ ਪੜ੍ਹੋ)-ਅਚੱਲ; ਸਦਾ ਕਾਇਮ ਰਹਿਣ ਵਾਲਾ।ਅਤੋਲ-ਤੋਲ ਰਹਿਤ; (ਜਿਸ ਦਾ) ਅੰਦਾਜਾ ਨਾ ਲਾਇਆ ਜਾ ਸਕੇ। ਭਗਤਿ-ਭਗਤੀ ਦੁਆਰਾ।੧।ਹਰਿ ਭਾਣਾ-ਹਰੀ ਦਾ ਭਾਣਾ।ਭਾਇਆ-ਚੰਗਾ ਲੱਗਾ; ਮਿੱਠਾ ਲੱਗਾ।ਗੁਰੁ ਜਾਵੈ-ਗੁਰੂ ਜਾ ਰਿਹਾ ਹੈ; ਜਾਣ ਲਈ ਤਿਆਰ ਹੋ ਗਿਆ ਹੈ।ਹਰਿ ਪਹਿ-ਹਰੀ ਦੇ ਪਾਸ।ਪੈਜ-ਲਾਜ; ਇੱਜਤ।ਹਰਿ-ਹੇ ਹਰੀ!।ਜਨਹ ਕੇਰੀ-ਦਾਸਾਂ ਦੀ।ਦੇਹੁ-ਦੇਵੋ।ਨਿਰੰਜਨੋ-ਮਾਇਆ ਤੋਂ ਨਿਰਲੇਪ।ਅੰਤਿ-ਅੰਤ ਸਮੇਂ।ਬੇਲੀ-ਸਾਥੀ; ਸਹਾਇਕ।ਕਾਲੁ-ਮੌਤ ਨੂੰ।ਨਿਖੰਜਨੋ-ਨਾਸ਼ ਕਰਨ ਵਾਲਾ ।ਪਾਈ-ਕੀਤੀ ਹੋਈ।ਹਰਿ ਪ੍ਰਭਿ-ਹਰੀ ਪ੍ਰਭੂ ਨੇ।ਧਾਰਿ-ਕਰਕੇ।ਕਹੈ ਸਾਬਾਸਿ-(ਪ੍ਰਭੂ ਗੁਰੂ ਜੀ ਨੂੰ) ਸ਼ਾਬਾਸ਼ ਕਹਿੰਦਾ ਹੈ।੨।

ਵਿਆਖਿਆ = ਸਦੁ ਇਸ ਬਾਣੀ ਦਾ ਸਿਰਲੇਖ ਹੈ, ਇਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਦਾ ਵਰਨਣ ਹੈ। ਇਹ ਬਾਣੀ ਬਾਬਾ ਸੁੰਦਰ ਜੀ ਦੀ ਰਚਨਾ ਹੈ, ਜੋ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਉਨ੍ਹਾਂ ਕੋਲ ਮੌਜੂਦ ਸਨ।ਬਾਬਾ ਸੁੰਦਰ ਦਾਸ ਜੀ ਗੁਰੂ ਅਮਰਦਾਸ ਜੀ ਪੜੋਤੇ (ਮੋਹਰੀ ਜੀ ਦੇ ਪੋਤਰੇ ਅਤੇ ਅਨੰਦ ਜੀ ਦੇ ਪੁਤ੍ਰ) ਸਨ, ਇਸ ਸਦੁ ਬਾਣੀ ਦੇ ਛੇ ਚਰਣ

ਹਨ। ਮ.ਕੋ. ਅਨੁਸਾਰ ਸੱਦ ਪੰਜਾਬ ਦੇ ਪੇਂਡੂ ਲੋਕਾਂ ਦਾ ਲੰਬੀ ਹੇਕ ਨਾਲ ਗਾਇਆ ਹੋਇਆ ਇਕ ਪ੍ਰਕਾਰ ਦਾ ਗੀਤ ਹੈ।

ਜਦੋਂ ਗੁਰੂ ਅਰਜਨ ਦੇਵ ਜੀ ਬਾਬਾ ਮੋਹਣ ਜੀ ਪਾਸੋਂ ਪੋਥੀਆਂ ਲੈਣ ਵਾਸਤੇ ਗੋਇੰਦਵਾਲ ਸਾਹਿਬ ਆਏ, ਉਸ ਵੇਲੇ ਗੁਰੂ ਜੀ ਨੇ ਬਾਬਾ ਸੁੰਦਰ ਦਾਸ ਜੀ ਪਾਸੋਂ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਦਾ ਹਾਲ ਪੁਛਿਆ। ਬਾਬਾ ਸੁੰਦਰ ਦਾਸ ਜੀ ਨੇ ਸਾਰੀ ਗੱਲਬਾਤ ਦੱਸੀ ਅਤੇ ਜੋਤੀ ਜੋਤ ਸਮਾਉਣ ਸਬੰਧੀ ਰਚੀ ਸਦੁ ਬਾਣੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿਤੀ। ਗੁਰੂ ਅਰਜਨ ਦੇਵ ਜੀ ਨੇ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਰਾਮਕਲੀ ਵਿਚ ਚੜ੍ਹਾ ਦਿਤੀ। ਅਨੰਦ ਸਾਹਿਬ ਦੀ ਬਾਣੀ ਤੋਂ ਬਾਦ ਸਦੁ ਬਾਣੀ ਲਿਖਣ ਦਾ ਭਾਵ ਹੈ ਕਿ ਖੁਸ਼ੀ ਤੇ ਗਮੀ ਗੁਰਸਿੱਖਾਂ ਲਈ ਇਕ ਬਰਾਬਰ ਹੈ।

ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥ (੨੭੫)

ਮੇਰੇ ਸਿਖ ਸੁਣਹੁ ਪੁਤ ਭਾਈਹੋ, ਮੇਰੈ ਹਰਿ ਭਾਣਾ, ਆਉ ਮੈ ਪਾਸਿ ਜੀਉ ॥ ਹਰਿ ਭਾਣਾ ਗੁਰ ਭਾਇਆ, ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ ॥ ਭਗਤੁ ਸਤਿਗੁਰੁ ਪੁਰਖੁ ਸੋਈ, ਜਿਸੁ ਹਰਿ ਪ੍ਰਭ ਭਾਣਾ ਭਾਵਏ ॥ ਆਨੰਦ ਅਨਹਦ ਵਜਹਿ ਵਾਜੇ, ਹਰਿ ਆਪਿ ਗਲਿ ਮੇਲਾਵਏ ॥ ਤੁਸੀ ਪੁਤ ਭਾਈ ਪਰਵਾਰੁ ਮੇਰਾ, ਮਨਿ ਵੇਖਹੁ ਕਰਿ ਨਿਰਜਾਸਿ ਜੀਉ ॥ ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ, ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ ॥੩॥ ਸਤਿਗੁਰਿ ਭਾਣੈ ਆਪਣੈ, ਬਹਿ ਪਰਵਾਰੁ ਸਦਾਇਆ ॥ ਮਤ ਮੈ ਪਿਛੈ ਕੋਈ ਰੋਵਸੀ, ਸੋ ਮੈ ਮੂਲਿ ਨ ਭਾਇਆ ॥ ਮਿਤੁ ਪੈਝੈ ਮਿਤੁ ਬਿਗਸੈ, ਜਿਸੁ ਮਿਤ ਕੀ ਪੈਜ ਭਾਵਏ ॥ ਤੁਸੀ ਵੀਚਾਰਿ ਦੇਖਹੁ ਪੁਤ ਭਾਈ, ਹਰਿ ਸਤਿਗੁਰੂ ਪੈਨਾਵਏ ॥ ਸਤਿਗੁਰੁ ਪਰਤਖਿ ਹੋਦੈ, ਬਹਿ ਰਾਜੁ ਆਪਿ ਟਿਕਾਇਆ ॥ ਸਭਿ ਸਿਖ ਬੰਧਪ ਪੁਤ ਭਾਈ, ਰਾਮਦਾਸ ਪੈਰੀ ਪਾਇਆ ॥੪॥ (ਬਾਬਾ ਸੁੰਦਰ ਜੀ ਦਸ ਰਹੇ ਹਨ ਕਿ ਉਸ ਸਮੇਂ ਗੁਰੂ ਅਮਰਦਾਸ ਜੀ ਨੇ ਕਿਹਾ) ਹੇ ਮੇਰੇ ਸਿਖੋ! ਹੇ ਮੇਰੇ ਪੁਤ੍ਰੋ! ਹੇ ਮੇਰੇ ਭਰਾਵੋ! (ਤੁਸੀਂ ਸਾਰੇ) ਸੁਣੋ, ਮੇਰੇ ਹਰੀ ਦਾ (ਸਾਨੂੰ) ਹੁਕਮ ਹੈ ਕਿ ਮੇਰੇ ਪਾਸ ਆ ਜਾਓ। ਗੁਰੂ ਜੀ ਨੇ ਕਿਹਾ ਕਿ ਹਰੀ ਦਾ ਹੁਕਮ ਸਾਨੂੰ ਚੰਗਾ ਲੱਗਦਾ ਹੈ ਅਤੇ ਮੇਰਾ ਹਰੀ ਪ੍ਰਭੂ ਸਾਨੂੰ ਸ਼ਾਬਾਸ਼ ਦੇ ਰਿਹਾ ਹੈ। ਭਗਤ, ਸੱਚਾ ਗੁਰੂ ਅਤੇ ਪੂਰਨ ਪੁਰਖ ਉਹ ਹੀ ਹੈ, ਜਿਸ ਨੂੰ ਹਰੀ ਪ੍ਰਭੂ ਦਾ ਭਾਣਾ ਚੰਗਾ ਲਗਦਾ ਹੈ। (ਭਾਣਾ ਮੰਨਣ ਕਰਕੇ ਉਸ ਦੇ ਅੰਦਰ) ਅਨੰਦ ਦੇਣ ਵਾਲੇ ਵਾਜੇ ਲਗਾਤਾਰ ਵਜਣ ਲਗ ਪੈਂਦੇ ਹਨ ਅਤੇ ਹਰੀ ਆਪ (ਉਸ ਨੂੰ ਅਪਣੇ) ਗਲ ਨਾਲ ਮਿਲਾ ਲੈਂਦਾ ਹੈ। ਤੁਸੀਂ ਪੁਤ੍ਰ ,ਭਰਾ ਅਤੇ ਮੇਰਾ ਪ੍ਰਵਾਰ (ਅਪਣੇ) ਮਨ ਵਿਚ ਨਿਰਣਾ ਕਰਕੇ ਦੇਖ ਲਵੋ। ਕਿ ਧੁਰ ਤੋਂ ਲਿਖਿਆ ਹੁਕਮ ਮੋੜਿਆ ਨਹੀਂ ਜਾ ਸਕਦਾ, ਗੁਰੂ (ਅਮਰਦਾਸ ਜੀ) ਕਹਿੰਦੇ ਹਨ ਕਿ ਅਸੀਂ ਹਰੀ ਪ੍ਰਭੂ ਪਾਸ ਜਾ ਰਹੇ ਹਾਂ। ੩। (ਬਾਬਾ ਸੁੰਦਰ ਜੀ ਆਖਦੇ ਹਨ ਕਿ) ਸਤਿਗੁਰੂ (ਅਮਰਦਾਸ) ਜੀ ਨੇ ਬੈਠ ਕੇ ਅਪਣੇ ਹੁਕਮ ਨਾਲ ਅਪਣੇ ਪ੍ਰਵਾਰ ਨੂੰ ਬੁਲਾਇਆ। ਅਤੇ (ਆਖਿਆ ਕਿ) ਮੇਰੇ ਪਿਛੋਂ ਕੋਈ ਰੋਵੇ ਨਾ, ਉਹ (ਰੋਣ ਵਾਲਾ ਮਨੁੱਖ) ਮੈਨੂੰ ਬਿਲਕੁਲ ਚੰਗਾ ਨਹੀਂ ਲਗੇਗਾ। ਜਿਸ ਮਨੁੱਖ ਨੂੰ ਅਪਣੇ ਮਿਤ੍ਰ ਦੀ ਇੱਜਤ ਚੰਗੀ ਲਗਦੀ ਹੈ, (ਜਦੋਂ ਉਸ ਦੇ) ਮਿਤ੍ਰ ਨੂੰ ਵਡਿਆਈ ਮਿਲਦੀ ਹੈ, ਤਾਂ ਮਿਤ੍ਰ ਖੁਸ਼ ਹੁੰਦਾ ਹੈ (ਗੁਰੂ ਅਮਰਦਾਸ ਜੀ ਦੇ ਪਿਆਰ ਕਰਨ ਵਾਲਿਆਂ ਨੂੰ ਰੋਣ ਦੀ ਥਾਂ ਖੁਸ਼ ਹੋਣਾ ਚਾਹੀਦਾ ਹੈ ਕਿ ਉਹ ਹਰੀ ਦੀ ਦਰਗਾਹ ਵਿਚ ਵਡਿਆਏ ਜਾ ਰਹੇ ਹਨ)। ਹੇ ਮੇਰੇ ਪੁਤ੍ਰ ਤੇ ਭਰਾਵੋ! ਤੁਸੀਂ ਵਿਚਾਰ ਕਰਕੇ ਦੇਖੋ ਕਿ ਹਰੀ ਸਤਿਗੁਰੂ ਨੂੰ ਸਿਰੋਪਾ ਪਹਿਨਾ ਰਿਹਾ ਹੈ (ਇਸ ਕਰਕੇ ਤੁਸੀਂ ਸਾਰੇ ਖੁਸ਼ ਹੋਵੋ। ਬਾਬਾ ਸੁੰਦਰ ਜੀ ਆਖਦੇ ਹਨ ਕਿ) ਸਤਿਗੁਰੂ (ਅਮਰਦਾਸ ਜੀ) ਨੇ ਪ੍ਰਤੱਖ ਹੁੰਦਿਆਂ (ਸਰੀਰਕ ਜਾਮੇ ਵਿਚ ਹੀ ਅਪਣੇ ਸਿੰਘਾਸਨ ਤੇ) ਬੈਠ ਕੇ ਰਾਜ (ਗੁਰੂ ਰਾਮਦਾਸ ਜੀ ਨੂੰ ਗੁਰ) ਗੱਦੀ ਉਤੇ ਟਿਕਾ ਦਿਤਾ। ਸਾਰੇ ਸਿਖਾਂ, ਸਾਕ ਸਬੰਧੀਆਂ, ਪੁਤ੍ਰਾਂ ਅਤੇ ਭਰਾਵਾਂ ਨੂੰ ਗੁਰੂ ਰਾਮਦਾਸ ਜੀ ਦੇ ਪੈਰਾਂ ਉਤੇ ਪਾ ਦਿਤਾ (ਮੱਥਾ ਟਿਕਾਇਆ)। ੪।

ਪਦਾਰਥ = ਮੇਰੇ ਸਿਖ–ਹੇ ਮੇਰੇ ਸਿਖੋ!। ਭਾਈਹੋ–ਹੇ ਭਰਾਵੋ!। ਭਾਣਾ–ਹੁਕਮ। ਮੈ ਪਾਸਿ–ਮੇਰੇ ਕੋਲ। ਭਾਇਆ–ਚੰਗਾ ਲੱਗਾ। ਕਰੇ ਸਾਬਾਸਿ–ਸ਼ਾਬਾਸ਼ ਦੇ ਰਿਹਾ ਹੈ। ਸੋਈ–ਉਹ ਹੀ। ਭਾਵਏ–ਚੰਗਾ ਲਗਦਾ ਹੈ। ਆਨੰਦ ਵਾਜੇ–ਅਨੰਦ ਦੇਣ ਵਾਲੇ ਵਾਜੇ। ਅਨਹਦ–ਇਕ ਰਸ; ਲਗਾਤਾਰ। ਵਜਹਿ–ਵਜਦੇ ਹਨ। ਗਲਿ ਮੇਲਾਵਏ–ਗਲ ਨਾਲ ਮਿਲਾ ਲੈਂਦਾ ਹੈ। ਮਨਿ–ਮਨ ਵਿਚ। ਕਰਿ ਨਿਰਜਾਸਿ–ਨਿਰਣਾ ਕਰਕੇ। ਧੁਰਿ–ਧੁਰ (ਹਰੀ ਦੀ ਹਜੂਰੀ) ਤੋਂ। ਪਰਵਾਣਾ–ਹੁਕਮ। ਫਿਰੇ ਨਾਹੀ–ਮੋੜਿਆ ਨਹੀਂ ਜਾ ਸਕਦਾ। ੩। ਸਤਿਗੁਰਿ–ਸਤਿਗੁਰੂ ਨੇ । ਭਾਣੈ–ਹੁਕਮ ਨਾਲ; ਮਰਜੀ ਨਾਲ। ਬਹਿ–ਬੈਠ ਕੇ। ਮਤ–ਨਹੀਂ; ਮਤਾਂ। ਮੈ ਪਿਛੈ–ਮੇਰੇ ਪਿਛੋਂ। ਸੋ ਮੈ–ਉਹ ਮੈਨੂੰ। ਮੂਲਿ ਨ–ਬਿਲਕੁਲ ਨਹੀਂ। ਨ ਭਾਇਆ–ਚੰਗਾ ਨਹੀਂ ਲੱਗੇਗਾ। ਮਿਤੁ–ਮਿਤ੍ਰ। ਪੈਝੈ–ਆਦਰ ਮਿਲਦਾ ਹੈ। ਬਿਗਸੈ–ਖੁਸ਼ ਹੁੰਦਾ ਹੈ। ਪੈਜ ਭਾਵਏ–ਇੱਜਤ ਚੰਗੀ ਲਗਦੀ ਹੈ। ਪੁਤ ਭਾਈ–ਹੇ ਮੇਰੇ ਪੁਤ੍ਰੋ ਤੇ ਭਰਾਵੋ!। ਪੈਨਾਵਏ–ਸਿਰੋਪਾ ਪਹਿਨਾ ਰਿਹਾ ਹੈ। ਪਰਤਖਿ ਹੋਦੈ–ਪ੍ਰਤੱਖ (ਸਰੀਰਕ ਜਾਮੇ ਵਿਚ) ਹੁੰਦਿਆਂ। ਰਾਜੁ–ਗੁਰਿਆਈ ਦਾ ਰਾਜ। ਟਿਕਾਇਆ–ਥਾਪ ਦਿਤਾ। ਬੰਧਪ–ਸਾਕ ਸਬੰਧੀ। ਪੈਰੀ–ਪੈਰਾਂ ਉਤੇ। ੪।

ਅੰਤੇ ਸਤਿਗੁਰੁ ਬੋਲਿਆ, ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥ ਕੇਸੋ ਗੋਪਾਲ ਪੰਡਿਤ ਸਦਿਅਹੁ ,ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥ ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ, ਬੇਬਾਣੁ ਹਰਿ ਰੰਗੁ ਗੁਰ ਭਾਵਏ ॥ ਪਿੰਡੁ ਪਤਲਿ ਕਿਰਿਆ ਦੀਵਾ, ਫੁਲ ਹਰਿ ਸਰਿ ਪਾਵਏ ॥ ਹਰਿ ਭਾਇਆ ਸਤਿਗੁਰੁ ਬੋਲਿਆ, ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥ ਰਾਮਦਾਸ ਸੋਢੀ ਤਿਲਕੁ ਦੀਆ, ਗੁਰ ਸਬਦੁ ਸਚੁ ਨੀਸਾਣੁ ਜੀਉ ॥੫॥ (ਬਾਬਾ ਸੁੰਦਰ ਜੀ ਆਖ ਰਹੇ ਹਨ ਕਿ) ਅੰਤ ਸਮੇਂ ਸਤਿਗੁਰੂ (ਅਮਰਦਾਸ) ਜੀ ਬੋਲੇ ਕਿ (ਹੇ ਗਰਸਿੱਖੋ!) ਮੇਰੇ ਪਿਛੋਂ ਤੁਸੀਂ ਇਕ ਰਸ ਕੀਰਤਨ ਕਰਿਓ।ਪ੍ਰਮਾਤਮਾ, ਧਰਤੀ ਦੇ ਜੀਵਾਂ ਦੀ ਪਾਲਣਾ ਕਰਨ ਵਾਲੇ ਪ੍ਰਭੂ ਦੇ ਪੰਡਤਾਂ (ਵਿਦਵਾਨ ਗੁਰਸਿੱਖਾਂ) ਨੂੰ ਸੱਦਿਓ, ਜਿਹੜੇ ਆ ਕੇ ਹਰੀ ਦੀ ਕਥਾ ਰੂਪ ਪੁਰਾਨ ਪੜ੍ਹਨ।ਹਰੀ ਦੀ ਕਥਾ ਪੜ੍ਹਨਾ, ਹਰੀ ਦਾ ਨਾਮ ਸੁਣਨਾ, ਹਰੀ ਦਾ ਪ੍ਰੇਮ ਰੂਪ ਬੇਬਾਣ ਗੁਰੂ ਨੂੰ ਚੰਗਾ ਲਗਦਾ ਹੈ।ਪਿੰਡ ਭਰਨੇ, ਪੱਤਲਾਂ ਦੇਣੀਆਂ, ਕਿਰਿਆ ਕਰਮ, ਦੀਵਾ ਜਗਾਉਣਾ ਆਦਿ (ਕਰਮ ਕਰਨ ਦੀ ਥਾਂ ਪ੍ਰਭੂ ਦੀ ਸਿਫਤ ਸਲਾਹ ਕਰਨੀ) ਅਤੇ ਫੁੱਲ ਸਾਧ ਸੰਗਤ ਰੂਪ ਗੰਗਾ ਵਿਚ ਪਾਉਣੇ।ਸੁਜਾਣ ਹਰੀ ਪੁਰਖ ਨੂੰ (ਗੁਰੂ ਜੀ) ਮਿਲੇ ਹੋਏ ਹਨ (ਜੋ ਕੁਝ) ਹਰੀ ਨੂੰ ਚੰਗਾ ਲਗਿਆ ਹੈ, (ਉਹ ਹੀ ਬਚਨ) ਸਤਿਗੁਰੂ ਅਮਰਦਾਸ ਜੀ ਬੋਲਿਆ ਹੈ।(ਗੁਰੂ ਅਮਰਦਾਸ ਜੀ ਨੇ) ਸੋਢੀ ਰਾਮਦਾਸ ਜੀ ਨੂੰ ਗੁਰਿਆਈ ਦਾ ਤਿਲਕ ਦਿਤਾ ਹੈ ਅਤੇ (ਰਾਮਦਾਸ ਜੀ ਨੂੰ) ਗੁਰੂ ਦਾ ਸ਼ਬਦ ਰੂਪ ਸੱਚਾ ਨਿਸ਼ਾਨ ਵੀ ਬਖਸ਼ ਦਿਤਾ।੫। ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ।(੧੨੪੯)

ਅੰਗ ੯੨੪ = ਸਤਿਗੁਰੁ ਪੁਰਖੁ ਜਿ ਬੋਲਿਆ, ਗੁਰਸਿਖਾ ਮੰਨਿ ਲਈ ਰਜਾਇ ਜੀਉ ॥ ਮੋਹਰੀ ਪੁਤੁ ਸਨਮੁਖੁ ਹੋਇਆ, ਰਾਮਦਾਸੈ ਪੈਰੀ ਪਾਇ ਜੀਉ ॥ ਸਭ ਪਵੈ ਪੈਰੀ ਸਤਿਗੁਰੂ ਕੇਰੀ, ਜਿਥੈ ਗੁਰੂ ਆਪੁ ਰਖਿਆ ॥ ਕੋਈ ਕਰਿ ਬਖੀਲੀ ਨਿਵੈ ਨਾਹੀ, ਫਿਰਿ ਸਤਿ ਗੁਰੂ ਆਣਿ ਨਿਵਾਇਆ ॥ ਹਰਿ ਗੁਰਹਿ ਭਾਣਾ ਦੀਈ ਵਡਿਆਈ, ਧੁਰਿ ਲਿਖਿਆ ਲੇਖੁ ਰਜਾਇ ਜੀਉ ॥ ਕਹੈ ਸੁੰਦਰੁ ਸੁਣਹੁ ਸੰਤਹੁ ,ਸਭੁ ਜਗਤੁ ਪੈਰੀ ਪਾਇ ਜੀਉ ॥੬॥੧॥ (ਬਾਬਾ ਸੁੰਦਰ ਜੀ ਆਖ ਰਹੇ ਹਨ ਕਿ) ਜਿਸ ਵੇਲੇ ਪੂਰਨ ਪੁਰਖ ਸਤਿਗੁਰੂ ਅਮਰਦਾਸ ਜੀ ਬੋਲੇ, (ਕਿ ਸਾਥੋਂ ਬਾਅਦ ਗੁਰੂ ਰਾਮਦਾਸ ਜੀ ਨੂੰ ਗੁਰੂ ਮੰਨਿਓ, ਤਾਂ ਉਹ) ਆਗਿਆ ਗੁਰਸਿੱਖਾਂ ਨੇ ਮੰਨ ਲਈ।(ਸਭ ਤੋਂ ਪਹਿਲਾਂ) ਮੋਹਰੀ ਪੁਤ੍ਰ (ਗੁਰੂ ਅਮਰਦਾਸ ਜੀ ਦੇ) ਸਾਮ੍ਹਣੇ ਖੜਾ ਹੋਇਆ ਅਤੇ (ਗੁਰੂ ਅਮਰਦਾਸ ਜੀ ਨੇ ਉਸ ਨੂੰ ਗੁਰੂ ਰਾਮਦਾਸ ਜੀ ਦੇ) ਪੈਰੀਂ ਪਾ ਦਿਤਾ (ਗੁਰੂ ਰਾਮਦਾਸ ਅੱਗੇ ਮੱਥਾ ਟਿਕਾਇਆ।ਉਸ ਤੋਂ ਬਾਅਦ) ਸਾਰੀ ਸੰਗਤ ਸਤਿਗੁਰੂ ਰਾਮਦਾਸ ਜੀ ਦੀ ਪੈਰੀਂ ਪੈਂਦੀ ਹੈ, ਜਿਥੇ (ਗੁਰੂ ਰਾਮਦਾਸ ਜੀ ਵਿਚ) ਗੁਰੂ (ਅਮਰਦਾਸ ਜੀ ਨੇ) ਅਪਣੇ ਆਪ (ਅਪਣੀ ਆਤਮਕ ਜੋਤ) ਨੂੰ ਰੱਖਿਆ ਹੈ (ਜਿਸ ਕਰਕੇ ਉਹ ਗੁਰੂ ਬਣੇ।ਜੇ) ਕੋਈ ਮਨੁੱਖ ਈਰਖਾ ਕਰਕੇ (ਗੁਰੂ ਰਾਮਦਾਸ ਜੀ ਅੱਗੇ) ਨਹੀਂ ਝੁਕਦਾ ਸੀ, ਤਾਂ ਫਿਰ ਸਤਿਗੁਰੂ (ਅਮਰ ਦਾਸ ਜੀ ਨੇ ਆਪ ਉਸ ਨੂੰ ਸਮਝਾ ਬੁਝਾ ਕੇ) ਲਿਆ ਕੇ (ਗੁਰੂ ਰਾਮਦਾਸ ਜੀ) ਅੱਗੇ ਨਿਵਾਇਆ (ਮੱਥਾ ਟਿਕਵਾਇਆ)।ਗੁਰੂ ਪ੍ਰਮੇਸਰ ਨੂੰ ਚੰਗਾ ਲੱਗਾ, (ਜੋ ਗੁਰੂ ਰਾਮਦਾਸ ਜੀ ਨੂੰ) ਵਡਿਆਈ ਬਖਸ ਦਿਤੀ ਹੈ, ਪ੍ਰਮੇਸਰ ਦਾ ਇਹ ਹੁਕਮ ਰੂਪ ਲੇਖ ਧੁਰ ਤੋਂ ਲਿਖਿਆ ਆਇਆ ਸੀ (ਕਿ ਗੁਰਿਆਈ ਗੁਰੂ ਰਾਮਦਾਸ ਜੀ ਨੂੰ ਮਿਲੇ)।ਬਾਬਾ ਸੁੰਦਰ ਜੀ ਆਖਦੇ ਹਨ ਕਿ ਹੇ ਸੰਤ ਜਨੋਂ! ਸੁਣੋ, ਸਾਰੇ ਜਗਤ ਨੂੰ (ਗੁਰੂ ਅਮਰ ਦਾਸ ਜੀ ਨੇ ਗੁਰੂ ਰਾਮਦਾਸ ਜੀ ਦੇ) ਪੈਰੀਂ ਪਾ ਦਿਤਾ।੬।੧।

ਹਰਿ ਗੁਰਹਿ ਭਾਣਾ ਦੀਈ ਵਡਿਆਈ = ਜੋ ਹਰੀ ਨੂੰ ਚੰਗਾ ਲੱਗਾ, (ਉਸ ਅਨੁਸਾਰ) ਗੁਰੂ ਅਮਰਦਾਸ ਜੀ ਨੇ (ਰਾਮਦਾਸ ਜੀ ਨੂੰ ਗੁਰੂ ਹੋਣ ਦੀ) ਵਡਿਆਈ ਬਖਸ਼ ਦਿਤੀ।

ਪਦਾਰਥ = ਅੰਤੇ–ਅੰਤ (ਜੋਤੀ ਜੋਤ ਸਮਾਉਣ) ਸਮੇਂ।ਮੈ ਪਿਛੈ–ਮੇਰੇ ਪਿਛੋਂ।ਕਰਿਅਹੁ–ਤੁਸੀਂ ਕਰਿਓ।ਨਿਰਬਾਣੁ–ਲਗਾਤਾਰ; ਇਕ ਰਸ।ਕੇਸੋ–ਕੇਸ਼ਵ (ਵਾਹਿਗੁਰੂ)।ਗੋਪਾਲ–ਧਰਤੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਵਾਹਿਗੁਰੂ।ਪੰਡਿਤ–ਪੰਡਤਾਂ (ਗੁਰੂ ਦੇ ਵਿਦਵਾਨ ਸਿੱਖਾਂ) ਨੂੰ।ਸਦਿਅਹੁ–ਸੱਦਿਓ (ਬੁਲਾਇਓ)।ਕਥਾ ਪੜਹਿ ਪੁਰਾਣੁ–ਕਥਾ ਰੂਪ ਪੁਰਾਣ (ਹਰੀ ਦੀ ਸਿਫਤ ਸਲਾਹ ਦੀ ਕਥਾ) ਪੜ੍ਹਨ। ਹਰਿ ਰੰਗੁ–ਹਰੀ ਦਾ ਪ੍ਰੇਮ।ਭਾਵਏ–ਚੰਗਾ ਲਗਦਾ ਹੈ।ਫੁਲ–ਅਸਥੀਆਂ।ਹਰਿ ਸਰਿ–ਹਰੀ ਦੇ ਸਰੋਵਰ (ਸਾਧ ਸੰਗਤ) ਵਿਚ।ਪਾਵਏ–ਪਾ ਦੇਣੇ।ਭਾਇਆ–ਚੰਗਾ ਲੱਗਾ।ਸੁਜਾਣੁ–ਸਿਆਣਾ; ਜਾਣੀ ਜਾਣ।ਨੀਸਾਣੁ–ਚਿੰਨ੍ਹ; ਝੰਡਾ।੫।ਪੁਰਖੁ–ਪੂਰਨ ਪੁਰਖ।ਜਿ–ਜਿਹੜਾ; ਜਦੋਂ।ਰਜਾਇ–ਹੁਕਮ; ਆਗਿਆ।ਸਨਮੁਖੁ–ਸਾਮ੍ਹਣੇ; ਆਗਿਆਕਾਰੀ।ਰਾਮਦਾਸੈ ਪੈਰੀ–ਗੁਰੂ ਰਾਮਦਾਸ ਜੀ ਦੇ ਚਰਨਾਂ ਉਤੇ।ਪਾਇ–ਪਾ ਦਿਤਾ।ਸਭ–ਸਾਰੀ (ਸੰਗਤ)।ਪਵੈ–ਪੈਂਦੀ ਹੈ।ਕੇਰੀ–ਦੀ।ਆਪੁ–ਅਪਣੇ ਆਪ (ਅਪਣੀ ਆਤਮਕ ਜੋਤ) ਨੂੰ।ਕਰਿ ਬਖੀਲੀ–ਈਰਖਾ ਕਰ ਕੇ।ਨਿਵੈ ਨਾਹੀ–ਝੁਕਦਾ ਨਹੀਂ।ਆਨਿ–ਲਿਆ ਕੇ।ਨਿਵਾਇਆ–ਝੁਕਾਇਆ।ਹਰਿ ਗੁਰਹਿ–ਹਰੀ ਅਤੇ ਗੁਰੂ ਨੂੰ; ਗੁਰੂ ਪ੍ਰਮੇਸਰ ਨੂੰ; ਹਰੀ ਰੂਪ ਗੁਰੂ ਨੂੰ।ਭਾਣਾ–ਚੰਗਾ ਲੱਗਾ।ਦੀਈ–ਦਿਤੀ।ਧੁਰਿ–ਧੁਰ ਤੋਂ।ਰਜਾਇ–ਰਜ਼ਾ ਦੇ ਮਾਲਕ ਪ੍ਰਭੂ ਦਾ।੬।੧।

ਵਿਆਖਿਆ = ਇਸ ਪਵਿਤ੍ਰ ਬਾਣੀ ਦੇ ੫ ਵੇਂ ਪਦੇ ਵਿਚ ਆਏ ਸ਼ਬਦ ਕੇਸੋ, ਗੋਪਾਲ, ਪੰਡਿਤ, ਪੁਰਾਣ, ਬੇਬਾਣ, ਹਰਿ ਰੰਗੁ, ਪਿੰਡੁ ,ਪਤਲਿ, ਕਿਰਿਆ, ਦੀਵਾ, ਫੁਲ ਅਤੇ ਹਰਿ ਸਰਿ ਵਿਚਾਰ ਕਰਨ ਯੋਗ ਹਨ। ਕਿਉਂਕਿ ਇਹ ਸਾਰੇ ਲਫਜ ਹਿੰਦੂ ਧਰਮ ਨਾਲ ਸਬੰਧ ਰਖਦੇ ਹਨ, ਗੁਰਮਤਿ ਤੋਂ ਅਣਜਾਣ ਬਹੁਤੇ ਵਿਆਖਿਆਕਾਰ ਇਨ੍ਹਾਂ ਸ਼ਬਦਾਂ ਦੀ ਵਿਆਖਿਆ ਹਿੰਦੂ ਮੱਤ ਦੇ ਕਰਮਕਾਂਡ ਅਨੁਸਾਰ ਕਰਦੇ ਹਨ। ਗੁਰਮਤਿ, ਗੁਰਬਾਣੀ ਦੇ ਜਾਣਕਾਰਾਂ ਨੇ ਇਨ੍ਹਾਂ ਸ਼ਬਦਾਂ ਦੀ ਵਿਆਖਿਆ ਨਿਮਨ ਲਿਖਤ ਅਨੁਸਾਰ ਕੀਤੀ ਹੈ।

ਕੇਸੋ = ਕੇਸ਼ਵ-(ਸੁੰਦਰ ਕੇਸਾਂ ਵਾਲਾ) ਪ੍ਰਕਾਸ਼ ਸਰੂਪ ਵਾਹਿਗੁਰੂ। ਪ੍ਰਮਾਣ =

੧. ਕੇਸਵ ਕਲੇਸ ਨਾਸ ਅਘ ਖੰਡਨ ਨਾਨਕ ਜੀਵਤ ਦਰਸ ਦਿਸੇ ॥ ਅੰਗ ੮੨੯

੨. ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤ ॥ ਅੰਗ ੧੩੬੯

੩. ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥ ਅੰਗ ੧੩੭੬

੪. ਪਿਡੁ ਪਤਲਿ ਮੇਰੀ ਕੇਸੋ ਕਿਰਿਆ ਸਚੁ ਨਾਮੁ ਕਰਤਾਰੁ ॥ ਅੰਗ ੩੫੮

੫. ਮੇਰੋ ਬਾਪ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ ॥ ਅੰਗ ੯੮੮

ਗੋਪਾਲ = ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਵਾਹਿਗੁਰੂ। ਪ੍ਰਮਾਣ =

੧. ਗੋਪਾਲ ਤੇਰਾ ਆਰਤਾ ॥ ਅੰਗ ੬੯੫, ਟੂਟੀ ਗਾਢਨਹਾਰ ਗੁੋਪਾਲ ॥ ਅੰਗ ੨੮੨

੩. ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥ ਅੰਗ ੧੨੭੩

ਪੰਡਿਤ = ਲੋਕਾਂ ਨੂੰ ਸਿਖਿਆ ਦੇਣ ਵਾਲਾ ਵਿਦਵਾਨ ਮਨੁੱਖ; ਵਿਦਿਆ ਵਿਚ ਨਿਪੰਨ ਮਨੁੱਖ; ਪ੍ਰਮਾਤਮਾ। ਪ੍ਰਮਾਣ =

੧. ਬਿਨੁ ਬਿਦਿਆ ਕਹਾ ਕੋਈ ਪੰਡਿਤ ॥ ਅੰਗ ੧੧੪੦, ੨. ਪੰਡਿਤ ਸਾਸਤ ਸਿਮ੍ਰਿਤਿ ਪੜਿਆ ॥ ਅੰਗ ੧੬੩

(ਇਨ੍ਹਾਂ ਦੋਹਾਂ ਪੰਗਤੀਆਂ ਵਿਚ ਪੰਡਤ ਦਾ ਅਰਥ ਵਿਦਵਾਨ ਮਨੁੱਖ ਹੈ)।

੩. ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ ॥ ਅੰਗ ੪੩੨ (ਇਥੇ ਪੰਡਤ ਦਾ ਅਰਥ ਪ੍ਰਮਾਤਮਾ ਹੈ)

ਪੁਰਾਣ = ਹਿੰਦੂ ਧਰਮ ਦੀਆਂ ੧੮ ਪੁਸਤਕਾਂ, ਜਿਨ੍ਹਾਂ ਵਿਚ ਰਾਜਿਆਂ ਦੇਵਤਿਆਂ ਤੇ ਮਹਾਤਮਾਂ ਦੀਆਂ ਪੀੜ੍ਹੀਆਂ, ਸ੍ਰਿਸਟੀ ਦੀ ਉਤਪਤੀ, ਪ੍ਰਲਯ, ਮੰਨੂੰ ਦੇ ਰਾਜ ਦਾ ਸਮਾਂ ਤੇ ਉਸ ਦੇ ਪੁਤ੍ਰਾਂ ਦਾ ਹਾਲ, ਸੂਰਜ ਅਤੇ ਚੰਦ੍ਰ ਵੰਸ ਦੀ ਕਥਾ, ਕ੍ਰਿਸ਼ਨ ਜੀ ਦਾ ਜੀਵਨ ਤੇ ਹੋਰ ਕਈ ਵਿਸ਼ੇ ਦਰਜ ਹਨ। ਪਰ ਕ੍ਰਮ ਕੋਈ ਨਹੀਂ, ਇਤਿਹਾਸਕ ਸਮਾਚਾਰ ਵੀ ਥੋੜੇ ਥੋੜੇ ਮਿਲਦੇ ਹਨ। ਕਵਿਤਾ ਵਿਖੇ ਕਹਾਣੀਆਂ ਆਦਿਕ ਦਰਜ ਹਨ, ਇਖਲਾਕੀ ਤੇ ਸਿੱਖਿਆ ਦੇ ਕਿੱਸੇ ਵੀ ਲਿਖੇ ਹੋਏ ਹਨ। ਬ੍ਰਹਮ ਵਿਦਿਆ ਦਾ ਵਿਸ਼ਾ ਵੀ ਆਉਂਦਾ ਹੈ, ਇਨ੍ਹਾਂ ਵਿਚੋਂ ਵਿਸ਼ਨੂੰ ਪੁਰਾਣ ਪੁਰਾਤਨ ਜਾਪਦਾ ਹੈ, ਸਾਰੇ ਪੁਰਾਣਾਂ ਦਾ ਕਰਤਾ ਬਿਆਸ ਨੂੰ ਹੀ ਮੰਨਿਆ ਜਾਂਦਾ ਹੈ। ਪੁਰਾਣ ਦਾ ਅਰਥ ਪੁਰਾਤਨ ਪਰੰਪਰਾ ਤੋਂ ਚਲੀ ਆਈ ਰੀਤ ਵੀ ਕੀਤਾ ਹੈ। ਪ੍ਰਾਚੀਨ ਪ੍ਰਸੰਗ ਅਤੇ ਇਤਹਾਸ (ਮ.ਕੋ. ਅਤੇ ਗੁ. ਗ੍ਰੰਥ ਕੋਸ਼)।

੧. ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥ ਅੰਗ ੧੧੧੭

੨. ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ ॥ ਅੰਗ ੧੪੦੯ (ਭਟ ਹਰਬੰਸ ਜੀ)

ਬੇਬਾਣ = ਮੋਏ ਹੋਏ ਵੱਡੇ ਅਤੇ ਵ੍ਰਿਧ ਆਦਮੀ ਦੀ ਵਾਜੇ ਗਾਜੇ ਅਤੇ ਸਜ ਧਜ ਨਾਲ ਕਢੀ ਅਰਥੀ ਨੂੰ ਵਿਮਾਨ ਕਿਹਾ ਜਾਂਦਾ ਹੈ। ਭਾਵ ਇਹ ਹੈ ਕਿ ਮੋਇਆ ਪ੍ਰਾਣੀ ਵਿਮਾਨ ਤੇ ਸਵਾਰ ਹੋ ਕੇ ਸੁਰਗ ਨੂੰ ਜਾਂਦਾ ਹੈ। (ਮ.ਕੋ.)

ਹਰਿ ਰੰਗੁ = ਹਰੀ ਦਾ ਪਿਆਰ। ੧. ਸਤਿਗੁਰੁ ਹੋਇ ਦਇਆਲੁ ਤ ਹਰਿ ਰੰਗੁ ਮਾਣੀਐ ॥ ਅੰਗ ੧੪੯

੨. ਜਾਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥ ਅੰਗ ੬੭੯

ਪਿੰਡੁ ਪਤਲਿ = ਜੌਂ ਦੇ ਆਟੇ ਦੇ ਪਿੰਨੇ, ਜੋ ਪਿਤਰਾਂ ਨਮਿਤ ਦਿਤੇ ਜਾਂਦੇ ਹਨ। ਢੱਕ ਦੇ ਪੱਤਿਆਂ ਨੂੰ ਜੋੜ ਕੇ ਬਣਾਈ ਥਾਲੀ, ਜਿਸ ਉਤੇ ਭੋਜਨ ਰਖ ਕੇ ਖਾਂਦੇ ਹਨ। ਵਿਆਹਾਂ, ਯੱਗਾਂ, ਸਰਾਧਾਂ ਅਤੇ ਪ੍ਰੀਤੀ ਭੋਜਨਾਂ ਵੇਲੇ ਇਸ ਨੂੰ ਵਰਤਦੇ ਹਨ। ਖਾਣ ਦਾ ਸਮਾਨ ਪੱਤਲ ਤੇ ਰਖ ਕੇ ਵਿਆਹ ਸਮੇਂ ਕੁੜਮਾਂ ਨੂੰ ਜਾਂ ਮਰਨੇ ਵੇਲੇ ਬ੍ਰਾਹਮਣਾਂ ਨੂੰ ਦੇਣ ਵਾਲੀ ਕਿਰਿਆ ਨੂੰ ਵੀ ਪੱਤਲ ਕਹਿੰਦੇ ਹਨ। ਪ੍ਰਮਾਣ =

੧. ਪਿੰਡੁ ਪਤਲਿ ਮੇਰੀ ਕੇਸੋ ਕਿਰਿਆ ਸਚੁ ਨਾਮੁ ਕਰਤਾਰੁ ॥ ਅੰਗ ੩੫੮

੨. ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੁਟਸਿ ਨਾਹਿ ॥ ਅੰਗ ੩੫੮

ਕਿਰਿਆ = ਮਰੇ ਹੋਏ ਪ੍ਰਾਣੀ ਦੇ ਨਮਿਤ ਕੀਤੇ ਜਾਣ ਵਾਲੇ ਕਰਮ। ਪ੍ਰਾਣੀ ਦੇ ਸਸਕਾਰ ਵੇਲੇ ਕਪਾਲ ਕਿਰਿਆ ਕੀਤੀ ਜਾਂਦੀ ਹੈ,

ਬਲਦੀ ਚਿਖਾ ਵਿਚ ਇਕ ਬਾਂਸ ਖੋਪਰੀ ਵਿਚ ਹੌਲੀ ਹੋਲੀ ਮਾਰਿਆ ਜਾਂਦਾ ਹੈ।੧੩ ਵੇਂ ਦਿਨ ਪੰਡਤ ਨੂੰ ਦਾਨ ਆਦਿ ਦਿਤਾ ਜਾਂਦਾ ਹੈ ਅਤੇ ਸਮਝਿਆ ਜਾਂਦਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਪ੍ਰਲੋਕ ਯਾਤਰਾ ਵਿਚ ਮ੍ਰਿਤਕ ਦੀ ਆਤਮਾ ਨੂੰ ਕੋਈ ਦੁਖ ਨਹੀਂ ਮਿਲੇਗਾ।
ਦੀਵਾ = ਹਿੰਦੂ ਲੋਕ ਮਰਨ ਲਗੇ ਪ੍ਰਾਣੀ ਨੂੰ ਦੀਵਾ ਦਿਖਾਲਦੇ ਹਨ ਤੇ ਮਣਸਾਂਦੇ ਹਨ।ਪ੍ਰਾਣੀ ਦੇ ਮਰਨ ਬਾਅਦ ੧੩ ਦਿਨ ਘਰ ਵਿਚ ਅੱਠੇ ਪਹਿਰ ਦੀਵਾ ਜਗਾਈ ਰਖਦੇ ਹਨ।ਪ੍ਰਮਾਣ =
ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥ ਅੰਗ ੩੫੮
ਫੁਲ = ਪੈਰਾਂ ਹੱਥਾਂ ਦੀਆਂ ਉਂਗਲਾਂ ਦੀਆਂ ਹੱਡੀਆਂ ਚਿਤਾ ਵਿਚੋਂ ਚੁਗ ਕੇ ਹਿੰਦੂ ਗੰਗਾ ਆਦਿ ਤੀਰਥਾਂ ਵਿਚ ਪਾਉਂਦੇ ਹਨ।ਸਿਖ ਕੀਰਤ ਪੁਰ ਸਾਹਿਬ ਜਲ ਵਿਚ ਪ੍ਰਵਾਹ ਕਰਦੇ ਹਨ।ਦਸਮੇਸ਼ ਜੀ ਨੇ ਅੰਗੀਠਾ ਨਾ ਫਰੋਲਨ ਨੂੰ ਕਿਹਾ ਹੈ।

ਕਿਰਿਆ ਕਰਮ ਕਰਾਵਤ ਨਾਹਿ ॥ ਹਡੀ ਪਾਇ ਨ ਗੰਗਾ ਮਾਹਿ ॥ (ਪੰਥ ਪ੍ਰਕਾਸ਼)

ਹਰਿ ਸਰਿ = ਹਰੀ ਦਾ ਸਰੋਵਰ ਸਾਧ ਸੰਗਤ। ਪ੍ਰਮਾਣ = ੧. ਸੰਗਤਿ ਸੰਤ ਮਿਲਾਏ ॥ ਹਰਿ ਸਰਿ ਨਿਰਮਲਿ ਨਾਏ ॥ ਅੰਗ ੭੭੪
੨. ਹਰਿ ਸਰਿ ਤੀਰਥਿ ਜਾਨਿ ਮਨੂਆ ਨਾਇਆ ॥ ਅੰਗ ੧੨੯੬
ਰਾਮਕਲੀ ਮਹਲਾ ੫ ਛੰਤ ੴ ਸਤਿਗੁਰ ਪ੍ਰਸਾਦਿ ॥ ਸਾਜਨੜਾ ਮੇਰਾ ਸਾਜਨੜਾ, ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥ ਜਾਨੀਅੜਾ ਹਰਿ ਜਾਨੀਅੜਾ, ਨੈਣ ਅਲੋਇਅੜਾ ਹਰਿ ਜਾਨੀਅੜਾ ॥ ਨੈਣ ਅਲੋਇਆ ਘਟਿ ਘਟਿ ਸੋਇਆ, ਅਤਿ ਅੰਮ੍ਰਿਤ ਪ੍ਰਿਅ ਗੂੜਾ ॥ ਨਾਲਿ ਹੋਵੰਦਾ ਲਹਿ ਨ ਸਕੰਦਾ, ਸੁਆਉ ਨ ਜਾਣੈ ਮੂੜਾ ॥ ਮਾਇਆ ਮਦਿ ਮਾਤਾ ਹੋਛੀ ਬਾਤਾ, ਮਿਲਣੁ ਨ ਜਾਈ ਭਰਮ ਧੜਾ ॥ ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ, ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥ ਗੋਬਿੰਦਾ ਮੇਰੇ ਗੋਬਿੰਦਾ, ਪ੍ਰਾਣ ਅਧਾਰਾ ਮੇਰੇ ਗੋਬਿੰਦਾ ॥ ਕਿਰਪਾਲਾ ਮੇਰੇ ਕਿਰਪਾਲਾ, ਦਾਨ ਦਾਤਾਰਾ ਮੇਰੇ ਕਿਰਪਾਲਾ ॥ ਦਾਨ ਦਾਤਾਰਾ ਅਪਰ ਅਪਾਰਾ, ਘਟ ਘਟ ਅੰਤਰਿ ਸੋਹਨਿਆ ॥ ਇਕ ਦਾਸੀ ਧਾਰੀ ਸਬਲ ਪਸਾਰੀ, ਜੀਅ ਜੰਤ ਲੈ ਮੋਹਨਿਆ ॥ ਜਿਸ ਨੋ ਰਾਖੈ ਸੋ ਸਚੁ ਭਾਖੈ, ਗੁਰ ਕਾ ਸਬਦੁ ਬੀਚਾਰਾ ॥ ਕਹੁ ਨਾਨਕ ਜੋ ਪ੍ਰਭ ਕੋ ਭਾਣਾ, ਤਿਸ ਹੀ ਕਉ ਪ੍ਰਭੁ ਪਿਆਰਾ ॥੨॥ (ਹੇ ਭਾਈ!) ਪ੍ਰਭੂ ਸਜਨ ਮੇਰਾ ਮਿਤ੍ਰ ਹੈ ਅਤੇ (ਉਹ) ਮੇਰਾ ਮਿਤ੍ਰ ਸਜਨ (ਸਭ ਦੇ) ਨੇੜੇ ਖੜਾ ਹੈ (ਸਰਬ ਵਿਆਪਕ ਹੈ)।ਹਰੀ ਜਾਨ ਤੋਂ ਵੀ ਪਿਆਰਾ ਹੈ, ਹਰੀ ਜਾਨ ਤੋਂ ਵੀ ਪਿਆਰਾ ਹੈ, ਮੈਂ (ਅਪਣੀਆਂ ਦੈਵੀ) ਅੱਖਾਂ ਨਾਲ ਪਿਆਰਾ ਹਰੀ ਦੇਖ ਲਿਆ ਹੈ।ਹਰੇਕ ਜੀਵ ਦੇ ਹਿਰਦੇ ਵਿਚ ਗੁਪਤ ਵਸਿਆ ਹੋਇਆ (ਪਿਆਰਾ ਹਰੀ) ਮੈਂ ਦੈਵੀ ਅੱਖਾਂ ਨਾਲ ਦੇਖ ਲਿਆ ਹੈ, (ਉਹ) ਅੰਮ੍ਰਿਤ ਤੋਂ ਵੀ ਬਹੁਤ ਮਿੱਠਾ ਅਤੇ ਪਿਆਰਾ ਮਿਤ੍ਰ ਹੈ।(ਪ੍ਰਭੂ ਮਿਤ੍ਰ ਸਰੀਰ ਦੇ) ਨਾਲ ਹੁੰਦਾ ਹੋਇਆ ਵੀ ਮੂਰਖ ਮਨੁੱਖ (ਉਸ ਨੂੰ) ਲੱਭ ਨਹੀਂ ਸਕਦਾ ਅਤੇ ਨਾ ਹੀ (ਉਸ ਦੇ ਮਿਲਾਪ ਦਾ) ਅਨੰਦ ਜਾਣ ਸਕਦਾ ਹੈ। (ਕਿਉਂਕਿ ਮੂਰਖ ਮਨੁੱਖ) ਮਾਇਆ ਦੇ ਨਸ਼ੇ ਵਿਚ ਮਸਤ ਹੋਇਆ ਹੋਛੀਆਂ ਗੱਲਾਂ ਕਰਦਾ ਹੈ, ਭਰਮ ਦੇ ਪੱਖ ਵਿਚ ਖੜਾ ਹੋਣ ਕਰਕੇ (ਉਹ ਹਰੀ ਨਾਲ) ਨਹੀਂ ਮਿਲ ਸਕਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਸੱਜਣ ਸਭ ਦੇ ਨੇੜੇ ਖੜਾ (ਸਰਬ ਵਿਆਪਕ) ਹੈ, (ਪਰ ਉਹ) ਗੁਰੂ ਤੋਂ ਬਿਨਾ ਦਿਸਦਾ ਨਹੀਂ; ਗੁਰੂ ਤੋਂ ਬਿਨਾ (ਉਸ ਹਰੀ ਦੀ) ਸਮਝ ਨਹੀਂ ਪੈਂਦੀ।੧।ਹੇ ਗੋਬਿੰਦ! ਹੇ ਮੇਰੇ ਗੋਬਿੰਦ! ਹੇ ਮੇਰੇ ਪ੍ਰਾਣਾਂ ਦੇ ਆਸਰਾ ਗੋਬਿੰਦ!।ਹੇ ਕ੍ਰਿਪਾ ਦੇ ਘਰ! ਹੇ ਕ੍ਰਿਪਾਲੂ! (ਸਭ ਨੂੰ) ਦਾਨ ਦੇਣ ਵਾਲੇ ਹੇ ਕ੍ਰਿਪਾਲੂ ਪ੍ਰਭੂ!।(ਸਭ ਨੂੰ) ਦਾਨ ਦੇਣ ਵਾਲੇ ਬੇਅੰਤ ਤੋਂ ਬੇਅੰਤ ਪ੍ਰਭੂ! ਤੂੰ ਹਰੇਕ ਜੀਵ ਦੇ ਹਿਰਦੇ ਅੰਦਰ ਸੋਭ ਰਿਹਾ (ਵਸਦਾ) ਹੈਂ।ਤੂੰ ਇਕ ਦਾਸੀ ਬਣਾਈ ਹੈ, ਜੋ ਬਲ ਸਹਿਤ (ਸਭ ਜਗ੍ਹਾ) ਪਸਰੀ ਹੋਈ ਹੈ, (ਉਸ ਦਾਸੀ ਨੇ ਸਾਰੇ) ਜੀਵ ਜੰਤਾਂ ਨੂੰ ਮੋਹ ਲਿਆ (ਅਪਣੇ ਵਸ ਵਿਚ ਕੀਤਾ) ਹੈ। ਜਿਸ ਮਨੁੱਖ ਨੂੰ (ਤੂੰ ਮਾਇਆ ਤੋਂ) ਬਚਾ ਕੇ ਰਖਦਾ ਹੈਂ, ਉਹ ਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੈ ਅਤੇ ਸੱਚਾ ਨਾਮ ਬੋਲਦਾ (ਜਪਦਾ) ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜੋ (ਮਨੁੱਖ) ਪ੍ਰਭੂ ਨੂੰ ਚੰਗਾ ਲਗਦਾ ਹੈ, ਉਸ ਨੂੰ ਹੀ ਪ੍ਰਭੂ ਪਿਆਰਾ ਲਗਦਾ ਹੈ।੨।
ਪਦਾਰਥ = ਛੰਤ–ਹਰੀ ਦੇ ਜਸ ਦਾ ਗੀਤ।ਸਾਜਨੜਾ–ਪਿਆਰਾ ਸੱਜਨ।ਨਿਕਟਿ–ਨੇੜੇ।ਖਲੋਇਅੜਾ–ਖੜਾ ਹੈ।ਜਾਨੀਅੜਾ–ਪ੍ਰਾਣਾਂ ਤੋਂ ਵੀ ਪਿਆਰਾ।ਨੈਣ–ਅੱਖਾਂ ਨਾਲ।ਅਲੋਇਅੜਾ–ਦੇਖ ਲਿਆ ਹੈ।ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ।ਸੋਇਆ–ਸੋਭ ਰਿਹਾ ਹੈ; ਬਿਰਾਜਿਆ (ਵਸਿਆ) ਹੋਇਆ ਹੈ।ਅਤਿ–ਬਹੁਤ।ਅੰਮ੍ਰਿਤ–ਮਿੱਠਾ; ਅੰਮ੍ਰਿਤ ਰੂਪ ਹੈ।ਪ੍ਰਿਅ–ਪਿਆਰਾ।ਗੂੜਾ–ਗੁਪਤ; ਬਹੁਤ। ਹੋਵੰਦਾ–ਹੁੰਦਾ ਹੋਇਆ।ਲਹਿ ਨ ਸਕੰਦਾ–ਲੱਭ ਨਹੀਂ ਸਕਦਾ।ਸੁਆਉ–ਸੁਆਦ; ਅਨੰਦ।ਮੂੜਾ–ਮੂਰਖ।ਮਦਿ–ਨਸ਼ੇ ਵਿਚ; ਹੰਕਾਰ ਵਿਚ।ਮਾਤਾ–ਮਸਤ।ਹੋਛੀ ਬਾਤਾ–ਘਟੀਆ ਗੱਲਾਂ; ਬੇਥਵੀਆਂ ਗੱਲਾਂ।ਭਰਮ ਧੜਾ–ਭਰਮ ਦੇ ਪੱਖ ਵਿਚ ਖੜਾ ਹੋਣ ਕਰਕੇ।ਨਹੀ ਸੂਝੈ–ਦਿਸਦਾ ਨਹੀਂ; ਸਮਝ ਨਹੀਂ ਪੈਂਦੀ।੧।ਗੋਬਿੰਦਾ–ਹੇ ਗੋਬਿੰਦ!।ਪ੍ਰਾਣ ਅਧਾਰਾ–ਹੇ ਪ੍ਰਾਣਾਂ ਦੇ ਆਸਰਾ!।ਕਿਰਪਾਲਾ–ਕ੍ਰਿਪਾ ਦਾ

ਘਰ। ਦਾਤਾਰਾ–ਦਾਤਾਂ ਦੇਣ ਵਾਲਾ। ਅਪਰ ਅਪਾਰਾ–ਬੇਅੰਤ ਤੋਂ ਬੇਅੰਤ। ਘਟ ਘਟ ਅੰਤਰਿ–ਹਰੇਕ ਜੀਵ ਦੇ ਹਿਰਦੇ ਅੰਦਰ। ਦਾਸੀ–ਮਾਇਆ। ਸੋਹਨਿਆ–ਸੋਭ (ਵਸ) ਰਿਹਾ ਹੈਂ। ਧਾਰੀ–ਬਣਾਈ। ਪਸਾਰੀ–ਪਸਰੀ ਹੋਈ ਹੈ। ਸਬਲ–ਬਲ ਸਹਿਤ। ਲੈ ਮੋਹਨਿਆ–ਮੋਹ (ਵਸ ਵਿਚ ਕਰ) ਲਿਆ ਹੈ। ਸੋ–ਉਹ। ਸਚੁ ਭਾਖੈ–ਸੱਚਾ ਨਾਮ ਬੋਲਦਾ (ਜਪਦਾ) ਹੈ। ਕਉ–ਨੂੰ। ਭਾਣਾ–ਚੰਗਾ ਲਗਦਾ ਹੈ।੨।

ਮਾਣੋ ਪ੍ਰਭ ਮਾਣੋ, ਮੇਰੇ ਪ੍ਰਭ ਕਾ ਮਾਣੋ ॥ ਜਾਣੋ ਪ੍ਰਭੁ ਜਾਣੋ, ਸੁਆਮੀ ਸੁਘੜੁ ਸੁਜਾਣੋ ॥ ਸੁਘੜ ਸੁਜਾਨਾ ਸਦ ਪਰਧਾਨਾ, ਅੰਮ੍ਰਿਤੁ ਹਰਿ ਕਾ ਨਾਮਾ ॥ ਚਾਖਿ ਅਘਾਣੇ ਸਾਰਿਗਪਾਣੇ, ਜਿਨ ਕੈ ਭਾਗ ਮਥਾਨਾ ॥ ਤਿਨ ਹੀ ਪਾਇਆ ਤਿਨਹਿ ਧਿਆਇਆ, ਸਗਲ ਤਿਸੈ ਕਾ ਮਾਣੋ ॥ ਕਹੁ ਨਾਨਕ ਥਿਰੁ ਤਖਤਿ ਨਿਵਾਸੀ, ਸਚੁ ਤਿਸੈ ਦੀਬਾਣੋ ॥੩॥ ਮੰਗਲਾ ਹਰਿ ਮੰਗਲਾ, ਮੇਰੇ ਪ੍ਰਭ ਕੈ ਸੁਣੀਐ ਮੰਗਲਾ ॥ ਸੋਹਿਲੜਾ ਪ੍ਰਭ ਸੋਹਿਲੜਾ, ਅਨਹਦ ਧੁਨੀਐ ਸੋਹਿਲੜਾ ॥ ਅਨਹਦ ਵਾਜੇ ਸਬਦ ਅਗਾਜੇ, ਨਿਤ ਨਿਤ ਜਿਸਹਿ ਵਧਾਈ ॥ ਸੋ ਪ੍ਰਭੁ ਧਿਆਈਐ ਸਭੁ ਕਿਛੁ ਪਾਈਐ, ਮਰੈ ਨ ਆਵੈ ਜਾਈ ॥ ਚੂਕੀ ਪਿਆਸਾ ਪੂਰਨ ਆਸਾ, ਗੁਰਮੁਖਿ ਮਿਲੁ ਨਿਰਗੁਨੀਐ ॥ ਕਹੁ ਨਾਨਕ ਘਰਿ ਪ੍ਰਭ ਮੇਰੇ ਕੈ, ਨਿਤ ਨਿਤ ਮੰਗਲੁ ਸੁਨੀਐ ॥੪॥੧॥ (ਹੇ ਭਾਈ! ਮੈਨੂੰ) ਮਾਣ ਹੈ, ਮੈਨੂੰ ਪ੍ਰਭੂ ਦਾ ਮਾਣ ਹੈ, ਮੇਰੇ ਪ੍ਰਭੂ ਦਾ ਮੈਨੂੰ ਮਾਣ ਹੈ {ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ ੨੧੭}। ਜਾਨਣਹਾਰ ਪ੍ਰਭੂ ਨੂੰ ਜਾਣੋ (ਸਮਝੋ, ਉਹ) ਮਾਲਕ ਪ੍ਰਭੂ ਸ੍ਰੇਸ਼ਟ ਘਾੜਤ ਘੜਨ ਵਾਲਾ ਸਿਆਣਾ ਹੈ। ਪ੍ਰਭੂ ਸਦਾ ਹੀ ਸਿਆਣਾ, ਚਤੁਰ ਤੇ ਮੁਖੀ ਹੈ ਅਤੇ ਹਰੀ ਦਾ ਨਾਮ ਅੰਮ੍ਰਿਤ (ਸਦੀਵੀ ਜੀਵਨ ਦੇਣ ਵਾਲਾ) ਹੈ। ਜਿਨ੍ਹਾਂ ਮਨੁੱਖਾਂ ਦੇ ਮੱਥੇ ਦੇ ਭਾਗ ਚੰਗੇ ਹਨ, (ਉਹ) ਪ੍ਰਭੂ ਦਾ ਅੰਮ੍ਰਿਤ ਨਾਮ ਰਸ ਚੱਖ ਕੇ ਰੱਜ ਗਏ ਹਨ (ਉਨ੍ਹਾਂ ਨੂੰ ਕੋਈ ਭੁੱਖ ਨਹੀਂ ਰਹੀ)। ਉਨ੍ਹਾਂ ਪੁਰਖਾਂ ਨੇ ਪ੍ਰਭੂ ਨੂੰ ਧਿਆਇਆ ਹੈ, ਉਨ੍ਹਾਂ ਨੇ ਹੀ ਪ੍ਰਭੂ ਨੂੰ ਪਾਇਆ ਹੈ, (ਉਨ੍ਹਾਂ ਨੂੰ) ਸਭ ਉਸੇ ਪ੍ਰਭੂ ਦਾ ਮਾਣ (ਫਖਰ) ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਸਦਾ ਕਾਇਮ ਰਹਿਣ ਵਾਲੇ ਤਖਤ ਤੇ ਟਿਕਿਆ ਰਹਿਣ ਵਾਲਾ ਹੈ ਅਤੇ ਉਸ ਦਾ ਸਚਾ ਦੀਬਾਨ ਹੈ (ਨਿਆਂਕਾਰੀ ਹੈ)।੩। (ਹੇ ਭਾਈ!) ਖੁਸ਼ੀ ਦੇ ਗੀਤ, ਹਰੀ ਪ੍ਰਭੂ ਦੀ ਖਸ਼ੀ ਦੇ ਗੀਤ ਹਨ, ਮੇਰੇ ਪ੍ਰਭੂ ਦੇ ਘਰ (ਸਤਸੰਗਤ) ਵਿਚ ਖੁਸ਼ੀ ਦੇ ਗੀਤ ਸੁਣੀਦੇ ਹਨ। ਅਨੰਦ ਦਾ ਗੀਤ, ਅਨੰਦ ਦਾ ਗੀਤ ਹਰੀ ਦਾ ਹੈ, (ਉਸ ਦੇ ਘਰ ਵਿਚ) ਅਨੰਦ ਦੀ ਧੁਨੀ ਵਾਲੇ ਵਾਜੇ ਇਕ ਰਸ ਵਜਦੇ ਰਹਿੰਦੇ ਹਨ; (ਉਸ ਦੇ) ਜਸ ਦੀ ਧੁਨੀ ਲਗਾਤਾਰ ਵਜਦੀ ਰਹਿੰਦੀ ਹੈ। ਜਿਸ ਦੇ (ਘਰ ਵਿਚ) ਹਰ ਰੋਜ ਵਧਾਈਆਂ ਮਿਲਦੀਆਂ ਹਨ ਅਤੇ ਸ਼ਬਦ ਦੇ ਵਾਜੇ ਇਕ ਰਸ ਗੱਜ ਰਹੇ ਹਨ। ਜੇ ਉਸ ਪ੍ਰਭੂ ਨੂੰ ਸਿਮਰੀਏ, ਤਾਂ (ਉਸ ਤੋਂ) ਸਭ ਕੁਛ ਪਾ ਲਈਦਾ ਹੈ, (ਉਹ ਪ੍ਰਭੂ) ਨਾ ਮਰਦਾ ਹੈ ਤੇ ਨਾ ਹੀ ਕਿਧਰੇ ਆਉਂਦਾ ਜਾਂਦਾ ਹੈ (ਜੰਮਦਾ ਮਰਦਾ ਨਹੀਂ। ਹੇ ਭਾਈ!) ਗੁਰੂ ਰਾਹੀਂ ਤਿੰਨਾਂ ਗੁਣਾਂ ਤੋਂ ਰਹਿਤ ਪ੍ਰਭੂ ਨੂੰ ਮਿਲ, (ਫਿਰ ਤੇਰੀ) ਪਿਆਸ ਦੂਰ ਹੋ ਜਾਵੇਗੀ ਅਤੇ ਆਸਾ ਵੀ ਪੂਰੀ ਹੋਵੇਗੀ। ਨਾਨਕ ਗੁਰੂ ਜੀ ਆਖਦੇ ਹਨ ਕਿ ਮੇਰੇ ਪ੍ਰਭੂ ਦੇ ਘਰ (ਸਤਸੰਗਤ) ਵਿਚ ਹਰ ਰੋਜ ਖੁਸ਼ੀ ਦੇ ਗੀਤ ਸੁਣੀਦੇ ਹਨ।੪।੧।

ਮਾਣੋ ਪ੍ਰਭ ਮਾਣੋ = ੧. (ਸਭ ਦੇ ਦਿਤੇ) ਆਦਰਾਂ ਵਿਚੋਂ ਆਦਰ (ਉਹ ਚੰਗਾ ਹੈ, ਜੋ) ਪ੍ਰਭੂ ਦੀ ਦਰਗਾਹ ਵਿਚ ਹੋਵੇ (ਗੁ.ਗ੍ਰੰਥ ਕੋਸ਼)। ੨. ਮਾਨਾਂ ਵਿਚੋਂ ਮਾਨ ਮੇਰੇ ਸੁਆਮੀ ਦਾ ਦਿਤਾ ਮਾਨ ਹੈ (ਮ.ਕੋ.)।੩. ਮੇਰੇ ਪ੍ਰਭੂ ਦਾ ਅਨੰਦ ਮਨ ਤਨ ਤੇ ਬਾਣੀ ਕਰਕੇ ਮਾਣੋ ਵਾ ਹਮਾਰੇ ਕੋ ਤੀਨੋ ਕਾਲ ਪ੍ਰਭੂ ਕਾ ਹੀ ਮਾਣ ਹੈ (ਫ.ਸ.; ਸੰ.ਸ.)।

ਪਦਾਰਥ = ਮਾਣੋ–ਫਖਰ; ਆਸਰਾ; ਵਡਿਆਈ; ਆਦਰ। ਜਾਣੋ–ਜਾਨਣਹਾਰ; ਸਮਝੋ। ਸੁਆਮੀ–ਮਾਲਕ ਪ੍ਰਭੂ। ਸੁਘੜ–ਸ੍ਰੇਸ਼ਟ ਘਾੜਤ ਘੜਨ ਵਾਲਾ; ਸਿਆਣਾ। ਸੁਜਾਣੋ–ਚੰਗੀ ਤਰ੍ਹਾਂ ਜਾਨਣ ਵਾਲਾ; ਚਤੁਰ। ਸਦ–ਸਦਾ। ਪਰਧਾਨਾ–ਮੁਖੀ; ਸਭ ਤੋਂ ਉਚਾ। ਚਾਖਿ–ਚੱਖ ਕੇ। ਅਘਾਣੇ–ਰੱਜ ਗਏ। ਸਾਰਿਗਪਾਣੇ–ਧਨੁਖਧਾਰੀ ਪ੍ਰਭੂ। ਜਿਨ ਕੈ–ਜਿਨ੍ਹਾਂ ਦੇ। ਮਥਾਨਾ–ਮੱਥੇ ਦੇ। ਤਿਨ ਹੀ–ਉਨ੍ਹਾਂ ਨੇ ਹੀ। ਸਗਲ –ਸਾਰਾ। ਤਿਸੈ ਕਾ–ਉਸ (ਪ੍ਰਭੂ) ਦਾ। ਥਿਰੁ–ਸਦਾ ਕਾਇਮ ਰਹਿਣ ਵਾਲਾ। ਤਖਤਿ–ਤਖਤ ਉਤੇ। ਨਿਵਾਸੀ–ਟਿਕਿਆ ਰਹਿਣ ਵਾਲਾ। ਦੀਬਾਣੋ–ਨਿਆਂ ਕਰਨ ਵਾਲਾ ਹਾਕਮ; ਦਰਬਾਰ; ਕਚਹਿਰੀ।੩। ਮੰਗਲਾ–ਖੁਸ਼ੀ ਦਾ ਗੀਤ (ਸਿਫਤ ਸਲਾਹ)। ਸੋਹਿਲੜਾ–ਅਨੰਦ ਦਾ ਗੀਤ; ਜਸ। ਅਨਹਦ–ਇਕ ਰਸ (ਲਗਾਤਾਰ); ਬਿਨਾ ਵਜਾਏ ਵੱਜਣ ਵਾਲੇ। ਧੁਨੀਐ–ਧੁਨੀ (ਸੁਰ) ਵਾਲੇ; ਵਾਜੇ। ਅਗਾਜੇ–ਗੱਜ (ਜੋਰ ਨਾਲ ਵੱਜ) ਰਹੇ ਹਨ। ਨਿਤ ਨਿਤ–ਹਰ ਰੋਜ; ਸਦਾ ਸਦਾ। ਜਿਸਹਿ–ਜਿਸ (ਪ੍ਰਭੂ) ਦੀ। ਵਧਾਈ–ਖੁਸ਼ੀਆਂ; ਵਧਾਈਆਂ। ਸੋ ਪ੍ਰਭੁ–ਉਸ ਪ੍ਰਭੂ ਨੂੰ। ਨ ਆਵੈ ਜਾਈ–ਆਉਂਦਾ ਜਾਂਦਾ (ਜੰਮਦਾ ਮਰਦਾ) ਨਹੀਂ। ਚੂਕੀ–ਦੂਰ ਹੋ ਗਈ। ਪਿਆਸਾ–ਤ੍ਰਿਸ਼ਨਾ; ਇੱਛਾ। ਗੁਰਮੁਖਿ–ਗੁਰੂ ਰਾਹੀਂ। ਨਿਰਗੁਨੀਐ–ਮਾਇਆ ਦੇ ਤਿੰਨ ਗੁਣਾਂ ਤੋਂ ਰਹਿਤ ਪ੍ਰਭੂ।੪।੧।

ਅੰਗ ੯੨੫ = ਰਾਮਕਲੀ ਮਹਲਾ ੫ ॥ ਹਰਿ ਹਰਿ ਧਿਆਇ ਮਨਾ, ਖਿਨੁ ਨ ਵਿਸਾਰੀਐ ॥ ਰਾਮ ਰਾਮਾ ਰਾਮ ਰਮਾ, ਕੰਠਿ ਉਰ ਧਾਰੀਐ ॥ ਉਰਧਾਰਿ ਹਰਿ ਹਰਿ ਪੁਰਖੁ ਪੂਰਨੁ ,ਪਾਰਬ੍ਰਹਮੁ ਨਿਰੰਜਨੋ ॥ ਭੈ ਦੂਰਿ ਕਰਤਾ ਪਾਪ ਹਰਤਾ, ਦੁਸਹ ਦੁਖ ਭਵ ਖੰਡਨੋ ॥

ਜਗਦੀਸ ਈਸ ਗੋੁਪਾਲ ਮਾਧੋ, ਗੁਣ ਗੋਵਿੰਦ ਵੀਚਾਰੀਐ ॥ ਬਿਨਵੰਤਿ ਨਾਨਕ ਮਿਲਿ ਸੰਗਿ ਸਾਧੂ ,ਦਿਨਸੁ ਰੈਣਿ ਚਿਤਾਰੀਐ ॥੧॥ ਚਰਨ ਕਮਲ ਆਧਾਰੁ ,ਜਨ ਕਾ ਆਸਰਾ ॥ ਮਾਲੁ ਮਿਲਖ ਭੰਡਾਰ, ਨਾਮੁ ਅਨੰਤ ਧਰਾ ॥ ਨਾਮੁ ਨਰਹਰ ਨਿਧਾਨੁ ਜਿਨ ਕੈ, ਰਸ ਭੋਗ ਏਕ ਨਰਾਇਣਾ ॥ ਰਸ ਰੂਪ ਰੰਗ ਅਨੰਤ ਬੀਠਲ, ਸਾਸਿ ਸਾਸਿ ਧਿਆਇਣਾ ॥ ਕਿਲਵਿਖ ਹਰਣਾ ਨਾਮ ਪੁਨਹ ਚਰਣਾ, ਨਾਮੁ ਜਮ ਕੀ ਤ੍ਰਾਸ ਹਰਾ ॥ ਬਿਨਵੰਤਿ ਨਾਨਕ ਰਾਸਿ ਜਨ ਕੀ, ਚਰਨ ਕਮਹ ਆਸਰਾ ॥੨॥ ਹੇ (ਮੇਰੇ) ਮਨ! ਤੂੰ ਹਰੀ ਦਾ ਨਾਮ ਧਿਆਇਆ ਕਰ, ਇਕ ਖਿਨ ਮਾਤ੍ਰ ਸਮੇਂ ਲਈ ਵੀ (ਉਸ ਨੂੰ) ਭੁਲਾਉਣਾ ਨਹੀਂ ਚਾਹੀਦਾ। ਸਰਬ ਵਿਆਪਕ ਸੁੰਦਰ ਰਾਮ ਨੂੰ ਅਪਣੇ ਗਲੇ ਵਿਚ ਤੇ ਹਿਰਦੇ ਵਿਚ ਧਾਰ ਕੇ ਰੱਖਣਾ ਚਾਹੀਦਾ ਹੈ। ਮਾਇਆ ਤੋਂ ਨਿਰਲੇਪ ਪੂਰਨ ਪੁਰਖ ਜੋ ਪਾਰਬ੍ਰਹਮ ਹੈ, (ਉਸ ਨੂੰ ਅਪਣੇ) ਹਿਰਦੇ ਵਿਚ ਟਿਕਾ ਕੇ ਰੱਖ। (ਉਹ ਪ੍ਰਭੂ ਹਰੇਕ ਤਰ੍ਹਾਂ ਦਾ) ਡਰ ਦੂਰ ਕਰਨ ਵਾਲਾ ਹੈ ਤੇ ਪਾਪ ਨਾਸ਼ ਕਰਨ ਵਾਲਾ ਹੈ, ਕਠਨ ਸਹਾਰੇ ਜਾਣ ਵਾਲੇ ਦੁਖਾਂ ਨੂੰ ਅਤੇ ਜਨਮ ਮਰਨ ਮਿਟਾਉਣ ਵਾਲਾ ਹੈ। ਜੋ ਜਗਤ ਦੇ ਰਾਜਿਆਂ ਦਾ ਮਾਲਕ ਹੈ, ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਹੈ, ਮਾਇਆ ਦਾ ਪਤੀ ਹੈ, (ਅਜੇਹੇ) ਗੋਬਿੰਦ ਦੇ ਗੁਣ ਵਿਚਾਰਨੇ ਚਾਹੀਦੇ ਹਨ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਸਾਧੂਆਂ ਨਾਲ ਮਿਲ ਕੇ ਦਿਨ ਰਾਤ ਹਰੀ ਨੂੰ ਚੇਤੇ ਕਰਦੇ ਰਹਿਣਾ ਚਾਹੀਦਾ ਹੈ।੧। (ਹੇ ਭਾਈ! ਜੋ) ਪ੍ਰਭੂ ਦੇ ਚਰਨ ਕਮਲਾਂ ਦਾ ਆਸਰਾ ਹੈ, (ਉਹ ਹੀ) ਸੰਤ ਜਨਾਂ ਦਾ ਆਸਰਾ ਹੈ। (ਸੰਤ ਜਨਾਂ ਨੇ ਹਿਰਦੇ ਵਿਚ ਜੋ) ਬੇਅੰਤ ਪ੍ਰਭੂ ਦਾ ਨਾਮ ਧਾਰਨ ਕੀਤਾ ਹੈ, (ਇਹੋ ਹੀ ਉਨ੍ਹਾਂ ਲਈ) ਧਨ ਸੰਪਦਾ, ਜਗੀਰ ਅਤੇ ਖਜਾਨੇ ਹਨ। ਪ੍ਰਭੂ ਦਾ ਨਾਮ ਰੂਪ ਖਜਾਨਾ ਜਿਨ੍ਹਾਂ ਪੁਰਖਾਂ ਦੇ ਹਿਰਦੇ ਵਿਚ ਹੈ, (ਉਨ੍ਹਾਂ ਵਾਸਤੇ) ਇਕ ਪ੍ਰਭੂ ਦਾ ਨਾਮ ਹੀ ਭੋਗਾਂ ਦਾ ਰਸ ਹੈ। ਬੇਅੰਤ ਪ੍ਰਭੂ ਦਾ ਸੁਆਸ ਸੁਆਸ ਨਾਮ ਧਿਆਉਣਾ (ਉਨ੍ਹਾਂ ਲਈ) ਰਸ, ਰੂਪ ਅਤੇ ਰੰਗਾਂ ਦਾ ਮਾਣਨਾ ਹੈ। ਪ੍ਰਭੂ ਦਾ ਨਾਮ ਪਾਪ ਨਾਸ਼ ਕਰਨ ਵਾਲਾ ਹੈ, ਨਾਮ ਹੀ ਪ੍ਰਾਸਚਿਤ ਕਰਮ ਹੈ ਤੇ ਨਾਮ ਹੀ ਜਮਾਂ ਦਾ ਡਰ ਦੂਰ ਕਰਨ ਵਾਲਾ ਹੈ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਪ੍ਰਭੂ ਦੇ ਚਰਨ ਕਮਲਾਂ ਦਾ ਆਸਰਾ ਸੰਤ ਜਨਾਂ ਦੀ ਪੂੰਜੀ ਹੈ।੨।

ਪਦਾਰਥ = ਮਨਾ-ਹੇ (ਮੇਰੇ) ਮਨ!। ਖਿਨੁ-ਇਕ ਪਲ ਜਿੰਨਾ ਸਮਾਂ। ਨ ਵਿਸਾਰੀਐ-ਭੁਲਾਉਣਾ ਨਹੀਂ ਚਾਹੀਦਾ। ਰਾਮ ਰਮਾ-ਸਰਬ ਵਿਆਪਕ ਸੁੰਦਰ ਪ੍ਰਭੂ। ਕੰਠਿ-ਗਲੇ ਵਿਚ। ਉਰ-ਹਿਰਦੇ ਵਿਚ। ਉਰ ਧਾਰੀਐ-ਟਿਕਾ ਕੇ ਰੱਖਣਾ ਚਾਹੀਦਾ ਹੈ। ਧਾਰਿ-ਹਿਰਦੇ ਵਿਚ ਟਿਕਾ ਕੇ ਰੱਖ। ਪੁਰਖੁ-ਸਰਬ ਵਿਆਪਕ ਪ੍ਰਭੂ। ਪੂਰਨੁ-ਸਾਰੇ ਗੁਣਾਂ ਨਾਲ ਪੂਰਨ। ਨਿਰੰਜਨੋ-ਮਾਇਆ ਤੋਂ ਨਿਰਲੇਪ। ਕਰਤਾ-ਕਰਨ ਵਾਲਾ। ਹਰਤਾ-ਨਾਸ਼ ਕਰਨ ਵਾਲਾ। ਦੁਸਹ ਦੁਖ-ਮੁਸ਼ਕਲ ਨਾਲ ਸਹਾਰੇ ਜਾਣ ਵਾਲੇ ਦੁਖ। ਭਵ ਖੰਡਨੋ-ਜਨਮ ਮਰਨ ਮਿਟਾਉਣ ਵਾਲਾ। ਜਗਦੀਸ ਈਸ-ਜਗਤ ਦੇ ਰਾਜਿਆਂ ਦਾ ਮਾਲਕ; ਜਗਤ ਦੇ ਜੋ ਪੂਜਨੀਕ ਬ੍ਰਹਮਾ ਵਿਸ਼ਨੂੰ ਤੇ ਸ਼ਿਵ ਹਨ, ਉਨ੍ਹਾਂ ਦਾ ਵੀ ਮਾਲਕ ਹੈ। ਗੋੁਪਾਲ-ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਭੂ। ਮਾਧੋ-ਮਾਇਆ ਦਾ ਪਤੀ। ਬਿਨਵੰਤਿ-ਬੇਨਤੀ ਕਰਦਾ ਹੈ। ਸੰਗਿ ਸਾਧੂਆਂ-ਸਾਧੂਆਂ ਨਾਲ। ਦਿਨਸੁ-ਦਿਨ। ਰੈਣਿ-ਰਾਤ। ਚਿਤਾਰੀਐ-ਚੇਤੇ ਕਰਨਾ ਚਾਹੀਦਾ ਹੈ।੧। ਆਧਾਰੁ-ਆਸਰਾ। ਜਨ ਕਾ-ਸੰਤ ਜਨਾਂ ਦਾ। ਮਾਲੁ-ਧਨ ਸੰਪਦਾ (ਡੰਗਰ, ਹਾਥੀ ਘੋੜੇ ਅਤੇ ਰਥ ਆਦਿ)। ਮਿਲਖ-ਜਗੀਰ। ਭੰਡਾਰ-ਖਜਾਨੇ। ਅਨੰਤ-ਬੇਅੰਤ। ਧਰਾ-(ਹਿਰਦੇ ਵਿਚ) ਧਾਰਨ ਕੀਤਾ ਹੈ। ਨਰਹਰ-ਪ੍ਰਭੂ। ਨਿਧਾਨੁ-ਖਜਾਨਾ। ਜਿਨ ਕੈ-ਜਿਨ੍ਹਾਂ ਦੇ (ਹਿਰਦੇ ਵਿਚ)। ਰਸ ਭੋਗ-ਭੋਗਾਂ ਦਾ ਸੁਆਦ। ਬੀਠਲ-ਪ੍ਰਭੂ। ਸਾਸਿ ਸਾਸਿ-ਹਰੇਕ ਸਾਹ ਦੇ ਨਾਲ। ਕਿਲਵਿਖ-ਪਾਪ। ਹਰਣਾ-ਨਾਸ਼ ਕਰਨ ਵਾਲਾ। ਪੁਨਹਚਰਣਾ-ਕਿਸੇ ਕਾਰਜ ਦੀ ਸਿਧੀ ਵਾਸਤੇ ਦੁਖਾਂ ਕਲੇਸ਼ਾ ਨੂੰ ਦੂਰ ਕਰਨ ਲਈ ਕਿਸੇ ਦੇਵਤੇ ਦੇ ਸਨਮੁਖ ਹੋ ਕੇ ਮੰਤ੍ਰ ਦਾ ਜਾਪ ਕਰਨਾ ਪ੍ਰਾਸਚਿਤ ਕਰਮ ਹਨ। ਤ੍ਰਾਸ-ਡਰ। ਹਰਾ-ਦੂਰ ਕਰਨ ਵਾਲਾ। ਰਾਸਿ-ਪੂੰਜੀ। ਜਨ ਕੀ-ਸੰਤ ਜਨਾਂ ਦੀ।੨।

ਗੁਣ ਬੇਅੰਤ ਸੁਆਮੀ ਤੇਰੇ, ਕੋਇ ਨ ਜਾਨਈ ॥ ਦੇਖਿ ਚਲਤ ਦਇਆਲ, ਸੁਣਿ ਭਗਤ ਵਖਾਨਈ ॥ ਜੀਅ ਜੰਤ ਸਭਿ ਤੁਝੁ ਧਿਆਵਹਿ, ਪੁਰਖ ਪਤਿ ਪਰਮੇਸਰਾ ॥ ਸਰਬ ਜਾਚਿਕ ਏਕੁ ਦਾਤਾ, ਕਰੁਣਾਮੈ ਜਗਦੀਸਰਾ ॥ ਸਾਧੂ ਸੰਤੁ ਸੁਜਾਣੁ ਸੋਈ, ਜਿਸਹਿ ਪ੍ਰਭ ਜੀ ਮਾਨਈ ॥ ਬਿਨਵੰਤਿ ਨਾਨਕ ਕਰਹੁ ਕਿਰਪਾ, ਸੋਇ ਤੁਝਹਿ ਪਛਾਨਈ ॥੩॥ ਮੋਹਿ ਨਿਰਗੁਣ ਅਨਾਥੁ ,ਸਰਣੀ ਆਇਆ ॥ ਬਲਿ ਬਲਿ ਬਲਿ ਗੁਰਦੇਵ, ਜਿਨਿ ਨਾਮੁ ਦ੍ਰਿੜਾਇਆ ॥ ਗੁਰਿ ਨਾਮੁ ਦੀਆ ਕੁਸਲੁ ਥੀਆ, ਸਰਬ ਇਛਾ ਪੁੰਨੀਆ ॥ ਜਲਨੇ ਬੁਝਾਈ ਸਾਂਤਿ ਆਈ, ਮਿਲੇ ਚਿਰੀ ਵਿਛੁੰਨਿਆ ॥ ਆਨੰਦ ਹਰਖ ਸਹਜ ਸਾਚੇ, ਮਹਾ ਮੰਗਲ ਗੁਣ ਗਾਇਆ ॥ ਬਿਨਵੰਤਿ ਨਾਨਕ ਨਾਮੁ ਪ੍ਰਭ ਕਾ, ਗੁਰ ਪੂਰੇ ਤੇ ਪਾਇਆ ॥੪॥੨॥ ਹੇ ਮੇਰੇ ਮਾਲਕ ਪ੍ਰਭੂ! ਤੇਰੇ ਗੁਣ ਬੇਅੰਤ ਹਨ, (ਕੋਈ ਵੀ ਜੀਵ ਤੇਰੇ ਗੁਣਾਂ ਦਾ ਅੰਤ) ਨਹੀਂ ਜਾਣਦਾ। ਹੇ ਦਿਆਲੂ ਪ੍ਰਭੂ! ਤੇਰੇ ਅਸਚਰਜ ਕੌਤਕ ਦੇਖ ਕੇ ਅਤੇ ਸੁਣ ਕੇ ਭਗਤ ਜਨ ਬਿਆਨ ਕਰਦੇ ਹਨ। ਹੇ ਪੁਰਖਾਂ ਦੇ ਮਾਲਕ ਪ੍ਰਮੇਸਰ! ਸਾਰੇ ਜੀਵ ਜੰਤ ਤੈਨੂੰ ਸਿਮਰਦੇ ਹਨ। ਹੇ ਦਇਆ ਸਰੂਪ ਜਗਤ ਦੇ ਮਾਲਕ ਪ੍ਰਭੂ! ਇਕ ਤੂੰ ਹੀ (ਸਭ ਦਾ)

ਦਾਤਾ ਹੈਂ, (ਹੋਰ ਸਾਰੇ ਜੀਵ ਜੰਤ) ਮੰਗਤੇ ਹਨ। ਉਹ ਹੀ ਸਾਧੂ ਸੰਤ ਅਤੇ ਗਿਆਨਵਾਨ ਹੈ, ਜਿਸ ਨੂੰ ਪ੍ਰਭੂ ਜੀ ਮੰਨ ਲੈਂਦਾ (ਪ੍ਰਵਾਨ ਕਰਦਾ) ਹੈ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ ਜੀ! (ਜਿਸ ਮਨੁੱਖ ਉਤੇ) ਤੁਸੀਂ ਕ੍ਰਿਪਾ ਕਰਦੇ ਹੋ, ਉਹ ਹੀ ਤੁਹਾਨੂੰ ਪਛਾਣਦਾ ਹੈ।੩। ਹੇ ਪ੍ਰਭੂ! ਮੈਂ ਗੁਣ ਹੀਣ ਤੇ ਯਤੀਮ ਤੇਰੀ ਸਰਣ ਵਿਚ ਆਇਆ ਹਾਂ। ਮੈਂ (ਅਪਣੇ) ਗੁਰੂ ਤੋਂ ਮਨ ਬਾਣੀ ਅਤੇ ਸਰੀਰ ਕਰਕੇ ਬਲਿਹਾਰ ਜਾਂਦਾ ਹਾਂ, ਜਿਸ ਨੇ (ਮੈਨੂੰ ਹਰੀ ਦਾ) ਨਾਮ ਦ੍ਰਿੜ ਕਰਾਇਆ ਹੈ। ਗੁਰੂ ਨੇ (ਮੈਨੂੰ ਹਰੀ ਦਾ) ਨਾਮ ਦਿਤਾ ਹੈ ,(ਜਿਸ ਦਾ ਸਿਮਰਨ ਕਰਕੇ ਮੈਨੂੰ) ਸੁਖ ਪ੍ਰਾਪਤ ਹੋਇਆ ਹੈ ਅਤੇ (ਮੇਰੀਆਂ) ਸਾਰੀਆਂ ਇਛਾਂ ਪੂਰੀਆਂ ਹੋ ਗਈਆਂ ਹਨ। (ਨਾਮ ਸਿਮਰਨ ਨੇ ਤ੍ਰਿਸ਼ਨਾ ਜਾਂ ਈਰਖਾ ਦੀ) ਜਲਨ ਬੁਝਾ ਦਿਤੀ, (ਮਨ ਵਿਚ) ਸ਼ਾਂਤੀ ਆ ਗਈ ਅਤੇ ਚਿਰਾਂ ਤੋਂ ਵਿਛੜੇ ਪ੍ਰਭੂ ਜੀ ਮਿਲ ਪਏ ਹਨ। (ਜਦ) ਮਹਾਨ ਖੁਸ਼ੀ ਪੈਦਾ ਕਰਨ ਵਾਲੇ ਹਰੀ ਦੇ ਗੁਣਾਂ ਨੂੰ ਗਾਇਆ, ਤਾਂ ਸਹਜੇ ਹੀ ਸੱਚਾ ਅਨੰਦ ਤੇ ਖੁਸ਼ੀਆਂ ਮਿਲ ਗਈਆਂ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਪ੍ਰਭੂ ਦਾ ਨਾਮ ਪੂਰੇ ਗੁਰੂ ਤੋਂ ਪ੍ਰਾਪਤ ਕੀਤਾ ਹੈ।੪।੨।

ਪਦਾਰਥ = ਸੁਆਮੀ–ਹੇ ਮਾਲਕ ਪ੍ਰਭੂ!। ਨ ਜਾਨਈ–ਨਹੀਂ ਜਾਣਦਾ। ਚਲਤ–ਕੌਤਕ। ਸੁਨਿ ਭਗਤ–ਭਗਤਾਂ ਤੋਂ ਸੁਣ ਕੇ। ਵਖਾਨਈ–ਬਿਆਨ ਕਰਦਾ ਹੈ। ਜੀਅ ਜੰਤ–ਛੋਟੇ ਵੱਡੇ ਜੀਵ। ਤੁਝੁ–ਤੈਨੂੰ। ਪੁਰਖ ਪਤਿ–ਹੇ ਪੁਰਖਾਂ ਦੇ ਮਾਲਕ!। ਸਰਬ–ਸਾਰੇ। ਜਾਚਿਕ–ਮੰਗਤੇ। ਕਰੁਣਾਮੈ–ਹੇ ਦਇਆ ਸਰੂਪ!। ਜਗਦੀਸਰਾ–ਹੇ ਜਗਤ ਦੇ ਮਾਲਕ!। ਸੁਜਾਣੁ–ਸਿਆਣਾ। ਸੋਈ–ਉਹ ਹੀ। ਜਿਸਹਿ–ਜਿਸ ਨੂੰ। ਮਾਨਈ –ਮੰਨ ਲੈਂਦਾ (ਪ੍ਰਵਾਨ ਕਰਦਾ) ਹੈ। ਬਿਨਵੰਤਿ–ਬੇਨਤੀ ਕਰਦਾ ਹੈ। ਕਰਹੁ–ਤੁਸੀਂ ਕਰਦੇ ਹੋ। ਸੋਇ–ਉਹ ਹੀ। ਪਛਾਨਈ–ਪਛਾਣਦਾ ਹੈ।੩। ਮੋਹਿ–ਮੈਂ। ਨਿਰਗੁਣ–ਗੁਣ ਹੀਣ। ਅਨਾਥ–ਯਤੀਮ। ਬਲਿ–ਬਲਿਹਾਰ; ਕੁਰਬਾਨ। ਗੁਰਦੇਵ–ਗੁਰੂ ਤੋਂ। ਦ੍ਰਿੜਾਇਆ–ਮਨ ਵਿਚ ਪੱਕਾ ਕਰ ਦਿਤਾ। ਜਿਨਿ–ਜਿਸ ਨੇ। ਗੁਰਿ–ਗੁਰੂ ਨੇ। ਕੁਸਲੁ–ਸੁਖ ਅਨੰਦ। ਥੀਆ–ਹੋਇਆ। ਪੁੰਨੀਆ–ਪੂਰੀਆਂ ਹੋ ਗਈਆਂ। ਜਲਨੇ–(ਤ੍ਰਿਸ਼ਨਾ ਜਾਂ ਈਰਖਾ ਦੀ) ਜਲਨ। ਬੁਝਾਈ–ਬੁਝਾ ਦਿਤੀ; ਦੂਰ ਕਰ ਦਿਤੀ। ਚਿਰੀ–ਚਿਰਾਂ ਤੋਂ। ਵਿਛੁੰਨਿਆ–ਵਿਛੜਿਆ। ਹਰਖ–ਖੁਸ਼ੀ। ਸਹਜ–ਸਹਜੇ ਹੀ; ਸਹਿਜ ਅਵਸਥਾ। ਮਹਾ ਮੰਗਲ–ਮਹਾਨ ਖੁਸ਼ੀ। ਤੇ–ਤੋਂ।੪।੨।

ਰਾਮਕਲੀ ਮਹਲਾ ੫ ॥ ਰੁਣ ਝੁਣੋ ਸਬਦੁ ਅਨਾਹਦੁ ,ਨਿਤ ਉਠਿ ਗਾਈਐ ਸੰਤਨ ਕੈ ॥ ਕਿਲਵਿਖ ਸਭਿ ਦੋਖ ਬਿਨਾਸਨੁ ,ਹਰਿ ਨਾਮੁ ਜਪੀਐ ਗੁਰ ਮੰਤਨ ਕੈ ॥ ਹਰਿ ਨਾਮੁ ਲੀਜੈ ਅਮਿਉ ਪੀਜੈ, ਰੈਣਿ ਦਿਨਸੁ ਅਰਾਧੀਐ ॥ ਜੋਗ ਦਾਨ ਅਨੇਕ ਕਿਰਿਆ, ਲਗਿ ਚਰਣ ਕਮਲਹ ਸਾਧੀਐ ॥ ਭਾਉ ਭਗਤਿ ਦਇਆਲ ਮੋਹਨ, ਦੂਖ ਸਗਲੇ ਪਰਹਰੈ ॥ ਬਿਨਵੰਤਿ ਨਾਨਕ ਤਰੈ ਸਾਗਰੁ ,ਧਿਆਇ ਸੁਆਮੀ ਨਰਹਰੈ ॥੧॥ ਸੁਖ ਸਾਗਰ ਗੋਬਿੰਦ ਸਿਮਰਣੁ ,ਭਗਤ ਗਾਵਹਿ ਗੁਣ ਤੇਰੇ ਰਾਮ ॥ ਅਨਦ ਮੰਗਲ ਗੁਰ ਚਰਣੀ ਲਾਗੇ, ਪਾਏ ਸੂਖ ਘਨੇਰੇ ਰਾਮ ॥ ਸੁਖ ਨਿਧਾਨੁ ਮਿਲਿਆ ਦੂਖ ਹਰਿਆ, ਕ੍ਰਿਪਾ ਕਰਿ ਪ੍ਰਭਿ ਰਾਖਿਆ ॥ ਹਰਿ ਚਰਣ ਲਾਗਾ ਭ੍ਰਮੁ ਭਉ ਭਾਗਾ, ਹਰਿ ਨਾਮੁ ਰਸਨਾ ਭਾਖਿਆ ॥ ਹਰਿ ਏਕੁ ਚਿਤਵੈ ਪ੍ਰਭੁ ਏਕੁ ਗਾਵੈ, ਹਰਿ ਏਕੁ ਦ੍ਰਿਸਟੀ ਆਇਆ ॥ ਬਿਨਵੰਤਿ ਨਾਨਕ ਪ੍ਰਭਿ ਕਰੀ ਕਿਰਪਾ, ਪੂਰਾ ਸਤਿਗੁਰੁ ਪਾਇਆ ॥੨॥ (ਹੇ ਭਾਈ!) ਹਰ ਰੋਜ਼ ਉਠ ਕੇ ਸੰਤਾਂ ਦੇ ਨਾਲ ਮਿਲ ਕੇ ਰਸਦਾਇਕ ਮਿੱਠੀ ਮਿੱਠੀ ਅਵਾਜ ਵਿਚ (ਗੁਰੂ ਦੇ) ਸ਼ਬਦ ਨੂੰ ਇਕ ਰਸ ਗਾਉਣਾ ਚਾਹੀਦਾ ਹੈ। ਗੁਰੂ ਦੇ ਉਪਦੇਸ਼ ਦੁਆਰਾ ਹਰੀ ਦਾ ਨਾਮ ਜਪਣਾ ਚਾਹੀਦਾ ਹੈ, ਜੋ ਸਾਰੇ ਪਾਪਾਂ ਤੇ ਦੋਸ਼ਾਂ ਨੂੰ ਨਾਸ਼ ਕਰਨ ਵਾਲਾ ਹੈ। ਹਰੀ ਦਾ ਨਾਮ ਲਈਏ, ਇਹੋ ਅੰਮ੍ਰਿਤ ਪੀ ਲਈਏ, ਰਾਤ ਦਿਨ (ਹਰੀ ਦਾ ਨਾਮ) ਸਿਮਰੀਏ। ਜੋਗ ਕਮਾਉਣਾ, ਦਾਨ ਦੇਣਾ ਅਤੇ ਹੋਰ ਅਨੇਕ ਤਰ੍ਹਾਂ ਦੀ ਧਾਰਮਕ ਕਿਰਿਆ ਦਾ ਫਲ ਗੁਰੂ ਦੇ ਚਰਨ ਕਮਲਾਂ ਵਿਚ ਲਗ ਕੇ ਪ੍ਰਾਪਤ ਕਰ ਲਈਦਾ ਹੈ; ਗੁਰੂ ਦੇ ਚਰਨ ਕਮਲਾਂ ਵਿਚ ਲਗ ਕੇ ਮਨ ਨੂੰ ਸਾਧਿਆ (ਕਾਬੂ ਕੀਤਾ) ਜਾ ਸਕਦਾ ਹੈ। ਦਇਆ ਕਰਨ ਵਾਲੇ ਮੋਹਨ ਪ੍ਰਭੂ ਦੀ ਪ੍ਰੇਮਾ ਭਗਤੀ ਸਾਰੇ ਦੁਖ ਦੂਰ ਕਰ ਦੇਂਦੀ ਹੈ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਮਾਲਕ ਪ੍ਰਭੂ ਨੂੰ ਧਿਆ ਕੇ (ਮਨੁੱਖ) ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ।੧। ਹੇ ਸੁੱਖਾਂ ਦੇ ਸਾਗਰ ਗੋਬਿੰਦ! ਭਗਤ ਤੇਰਾ ਸਿਮਰਣ ਕਰਦੇ ਹਨ ਅਤੇ ਤੇਰੇ ਗੁਣ ਗਾਉਂਦੇ ਹਨ। ਗੁਰੂ ਦੇ ਚਰਨੀਂ ਲਗ ਕੇ (ਉਨ੍ਹਾਂ ਭਗਤਾਂ ਨੇ) ਅਨੰਦ, ਖੁਸ਼ੀਆਂ ਤੇ ਬਹੁਤੇ ਸੁਖ ਪ੍ਰਾਪਤ ਕਰ ਲਏ ਹਨ। (ਹੇ ਭਾਈ! ਜਿਸ ਮਨੁੱਖ ਨੂੰ) ਸੁੱਖਾਂ ਦਾ ਖਜਾਨਾ ਪ੍ਰਭੂ ਮਿਲਿਆ ਹੈ, (ਉਸ ਦਾ) ਦੁਖ ਨਾਸ਼ ਹੋ ਗਿਆ, ਪ੍ਰਭੂ ਨੇ ਕ੍ਰਿਪਾ ਕਰਕੇ (ਉਸ ਦੀ ਆਪ) ਰੱਖਿਆ ਕੀਤੀ ਹੈ। (ਉਹ ਮਨੁੱਖ) ਹਰੀ ਦੇ ਚਰਨੀਂ ਲਗ ਗਿਆ ਹੈ ਅਤੇ (ਉਸ ਨੇ) ਜੀਭ ਨਾਲ ਹਰੀ ਦਾ ਨਾਮ ਜਪਿਆ, (ਜਿਸ ਦੀ ਬਰਕਤ ਨਾਲ ਉਸ ਦਾ ਹਰੇਕ ਕਿਸਮ ਦਾ) ਭਰਮ ਤੇ ਡਰ ਭੱਜ ਗਿਆ ਹੈ। (ਕਿਉਂਕਿ ਉਹ) ਇਹ ਹਰੀ ਨੂੰ ਚੇਤੇ ਕਰਦਾ ਹੈ, ਇਕ ਪ੍ਰਭੂ ਨੂੰ ਹੀ ਗਾਉਂਦਾ ਹੈ ਅਤੇ (ਉਸ ਨੂੰ ਹਰ ਥਾਂ) ਇਕ ਹਰੀ ਨਜਰੀਂ ਆਇਆ ਹੈ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ (ਜਿਸ ਮਨੁੱਖ ਉਤੇ) ਪ੍ਰਭੂ ਨੇ ਕਿਰਪਾ ਕੀਤੀ ਹੈ, (ਉਸ ਨੇ) ਪੂਰਾ ਸਤਿਗੁਰੂ ਪਾ ਲਿਆ ਹੈ।੨।

ਪਦਾਰਥ = ਰੁਣ ਝੁਣੋ–(ਰੁਣ–ਬਰੀਕ ਅਵਾਜ।ਝੁਣ–ਝਾਂਜਰਾਂ ਦੇ ਛਣਕਣ ਦੀ ਅਵਾਜ) ਰਸਦਾਇਕ ਮਿੱਠੀ ਮਿੱਠੀ ਅਵਾਜ।ਅਨਾਹਦੁ–ਇਕ ਰਸ; ਲਗਾਤਾਰ {ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ੨੬੩}।ਨਿਤ ਉਠਿ–ਹਰ ਰੋਜ ਉਠ ਕੇ।ਗਾਈਐ–ਗਾਉਣਾ ਚਾਹੀਦਾ ਹੈ।ਸੰਤਨ ਕੈ–ਸੰਤਾਂ ਦੇ ਨਾਲ ਮਿਲ ਕੇ।ਦੋਖ–ਦੋਸ਼; ਔਗਣ; ਐਬ।ਕਿਲਵਿਖ–ਪਾਪ।ਬਿਨਾਸਨੁ–ਨਾਸ਼ ਕਰਨ ਵਾਲਾ।ਗੁਰ ਮੰਤਨ ਕੈ–ਗੁਰੂ ਦੇ ਉਪਦੇਸ਼ ਦੁਆਰਾ।ਲੀਜੈ–ਲੈਣਾ ਚਾਹੀਦਾ ਹੈ।ਪੀਜੈ–ਪੀਣਾ ਚਾਹੀਦਾ ਹੈ।ਅਮਿਉ–ਅੰਮ੍ਰਿਤ।ਰੈਣਿ–ਰਾਤ।ਅਰਾਧੀਐ–ਅਰਾਧਨਾ ਚਾਹੀਦਾ ਹੈ।ਜੋਗ–ਜੋਗ ਅਭਿਆਸ।ਕਿਰਿਆ–ਧਾਰਮਕ ਕਰਮ।ਲਗਿ–ਲਗ ਕੇ।ਸਾਧੀਐ–ਪ੍ਰਾਪਤ ਜਾਂ ਕਾਬੂ ਕਰ ਸਕੀਦਾ ਹੈ।ਭਾਉ ਭਗਤਿ–ਪ੍ਰੇਮਾ ਭਗਤੀ।ਮੋਹਨ–ਸਭ ਨੂੰ ਮੋਹ ਲੈਣ ਵਾਲਾ ਪ੍ਰਭੂ।ਸਗਲੇ–ਸਾਰੇ।ਪਰਹਰੈ–ਦੂਰ ਕਰ ਦੇਂਦਾ ਹੈ।ਬਿਨਵੰਤਿ–ਬੇਨਤੀ ਕਰਦਾ ਹੈ।ਤਰੈ–ਤਰ ਜਾਂਦਾ ਹੈ।ਸਾਗਰੁ–ਸੰਸਾਰ ਸਮੁੰਦਰ।ਸੁਆਮੀ ਨਰਹਰੈ–ਮਾਲਕ ਪ੍ਰਭੂ।੧।ਸੁਖ ਸਾਗਰੁ–ਹੇ ਸੁੱਖਾਂ ਦੇ ਸਮੁੰਦਰ!।ਗਾਵਹਿ–ਗਾਉਂਦੇ ਹਨ।ਅਨਦ ਮੰਗਲ–ਅਨੰਦ ਤੇ ਖੁਸ਼ੀਆਂ।ਲਾਗੇ–ਲਗ ਕੇ।ਘਨੇਰੇ–ਬਹੁਤ।ਸੁਖ ਨਿਧਾਨੁ–ਸੁਖਾਂ ਦਾ ਖਜਾਨਾ।ਹਰਿਆ–ਨਾਸ਼ ਹੋ ਗਿਆ।ਪ੍ਰਭਿ–ਪ੍ਰਭੂ ਨੇ।ਰਾਖਿਆ–ਰੱਖਿਆ ਕੀਤੀ।ਭਉ–ਡਰ।ਭਾਗਾ–ਭੱਜ (ਦੂਰ ਹੋ) ਗਿਆ।ਰਸਨਾ–ਜੀਭ ਨਾਲ।ਭਾਖਿਆ–ਜਪਿਆ।ਚਿਤਵੈ–ਵਿਚਾਰਦਾ ਹੈ; ਚੇਤੇ ਕਰਦਾ ਹੈ।ਦ੍ਰਿਸਟੀ ਆਇਆ–ਨਜਰੀਂ ਆਇਆ ਹੈ।੨।

ਅੰਗ ੯੨੬ = ਮਿਲਿ ਰਹੀਐ ਪ੍ਰਭ ਸਾਧ ਜਨਾ, ਮਿਲਿ ਹਰਿ ਕੀਰਤਨੁ ਸੁਨੀਐ ਰਾਮ ॥ ਦਇਆਲ ਪ੍ਰਭੂ ਦਾਮੋਦਰ ਮਾਧੋ, ਅੰਤੁ ਨ ਪਾਈਐ ਗੁਨੀਐ ਰਾਮ ॥ ਦਇਆਲ ਦੁਖ ਹਰ ਸਰਣਿ ਦਾਤਾ, ਸਗਲ ਦੋਖ ਨਿਵਾਰਣੋ ॥ ਮੋਹ ਸੋਗ ਵਿਕਾਰ ਬਿਖੜੇ, ਜਪਤ ਨਾਮ ਉਧਾਰਣੋ ॥ ਸਭਿ ਜੀਅ ਤੇਰੇ ਪ੍ਰਭੂ ਮੇਰੇ, ਕਰਿ ਕਿਰਪਾ ਸਭ ਰੇਣ ਥੀਵਾ ॥ ਬਿਨਵੰਤਿ ਨਾਨਕ ਪ੍ਰਭ ਮਇਆ ਕੀਜੈ, ਨਾਮੁ ਤੇਰਾ ਜਪਿ ਜੀਵਾ ॥੩॥ ਰਾਖਿ ਲੀਏ ਪ੍ਰਭਿ ਭਗਤ ਜਨਾ, ਅਪਣੀ ਚਰਣੀ ਲਾਏ ਰਾਮ ॥ ਆਠ ਪਹਰ ਅਪਨਾ ਪ੍ਰਭੁ ਸਿਮਰਹ, ਏਕੋ ਨਾਮੁ ਧਿਆਏ ਰਾਮ ॥ ਧਿਆਇ ਸੋ ਪ੍ਰਭੁ ਤਰੇ ਭਵਜਲ, ਰਹੇ ਆਵਣ ਜਾਣਾ ॥ ਸਦਾ ਸੁਖੁ ਕਲਿਆਣ ਕੀਰਤਨੁ ,ਪ੍ਰਭ ਲਗਾ ਮੀਠਾ ਭਾਣਾ ॥ ਸਭ ਇਛ ਪੁੰਨੀ ਆਸ ਪੂਰੀ, ਮਿਲੇ ਸਤਿਗੁਰ ਪੂਰਿਆ ॥ ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੇ, ਫਿਰਿ ਨਾਹੀ ਦੂਖ ਵਿਸੂਰਿਆ ॥੪॥੩॥

(ਹੇ ਭਾਈ!) ਪ੍ਰਭੂ ਦੇ ਸਾਧੂ ਜਨਾਂ ਨਾਲ ਮਿਲ ਕੇ ਰਹੀਏ ਅਤੇ (ਉਨ੍ਹਾਂ ਨੂੰ) ਮਿਲ ਕੇ ਹਰੀ ਦਾ ਕੀਰਤਨ ਸੁਣੀਏ।ਜੋ ਦਇਆ ਕਰਨ ਵਾਲਾ ਦਾਮੋਦਰ, ਮਾਇਆ ਦਾ ਪਤੀ ਪ੍ਰਭੂ ਹੈ (ਉਸ ਦੇ) ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ।ਪ੍ਰਭੂ ਦਇਆ ਦਾ ਘਰ ਹੈ, ਦੁਖ ਨਾਸ਼ ਕਰਨ ਵਾਲਾ ਹੈ, ਸ਼ਰਣ ਵਿਚ ਆਇਆਂ ਨੂੰ ਆਸਰਾ ਦੇਣ ਵਾਲਾ ਹੈ ਅਤੇ ਸਾਰੇ ਦੋਸ਼ਾਂ ਨੂੰ ਦੂਰ ਕਰਨ ਵਾਲਾ ਹੈ।(ਜੋ ਮਨੁੱਖ) ਨਾਮ ਜਪਦੇ ਹਨ, (ਉਨ੍ਹਾਂ ਨੂੰ) ਪ੍ਰਭੂ ਮੋਹ, ਸੋਗ ਅਤੇ ਦੁਖਦਾਈ ਵਿਸ਼ੇ ਵਿਕਾਰਾਂ ਤੋਂ ਬਚਾਉਣ ਵਾਲਾ ਹੈ।ਹੇ ਮੇਰੇ ਪ੍ਰਭੂ! ਸਾਰੇ ਜੀਵ ਤੇਰੇ ਪੈਦਾ ਕੀਤੇ ਹੋਏ ਹਨ, (ਮੇਰੇ ਉਤੇ) ਕਿਰਪਾ ਕਰ, (ਤਾਂ ਕਿ) ਮੈਂ ਸਭ ਦੇ ਚਰਨਾਂ ਦੀ ਧੂੜ ਹੋ ਜਾਵਾਂ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! (ਮੇਰੇ ਉਤੇ) ਮੇਹਰ ਕਰ, (ਤਾਂ ਕਿ) ਮੈਂ ਤੇਰਾ ਨਾਮ ਜਪ ਕੇ ਜਿਉਂਦਾ ਰਹਾਂ।੩।(ਹੇ ਭਾਈ!) ਪ੍ਰਭੂ ਨੇ ਅਪਣੇ ਭਗਤ ਜਨ ਅਪਣੀ ਚਰਨੀਂ ਲਾ ਕੇ ਰਖ ਲਏ ਹਨ।(ਕਿਉਂਕਿ ਉਹ ਭਗਤ) ਅੱਠੇ ਪਹਿਰ ਅਪਣੇ ਪ੍ਰਭੂ ਨੂੰ ਸਿਮਰਦੇ ਹਨ ਅਤੇ (ਉਹ) ਪ੍ਰਭੂ ਦੇ ਇਕ ਨਾਮ ਨੂੰ ਹੀ ਧਿਆਉਂਦੇ ਹਨ (ਹੋਰ ਕੋਈ ਕਰਮ ਕਾਂਡ ਨਹੀਂ ਕਰਦੇ।ਜਿਹੜੇ ਮਨੁੱਖ) ਉਸ ਪ੍ਰਭੂ ਨੂੰ ਧਿਆਉਂਦੇ ਹਨ, (ਉਹ) ਭਵਜਲ ਤੋਂ ਤਰੇ ਗਏ ਹਨ ਅਤੇ (ਉਨ੍ਹਾਂ ਦੇ) ਆਉਣ ਜਾਣ (ਜਨਮ ਮਰਨ) ਦੇ ਗੇੜ ਮੁੱਕ ਗਏ ਹਨ (ਜਿਉਂਦੇ ਹੀ ਮੁਕਤ ਹੋ ਗਏ ਹਨ।ਉਹ) ਸਦਾ ਕੀਰਤਨ ਕਰਦੇ ਰਹਿੰਦੇ ਹਨ, ਜੋ ਸੁਖ ਅਤੇ ਕਲਿਆਣ ਦਾ ਸੋਮਾ ਹੈ ਅਤੇ (ਉਨ੍ਹਾਂ ਨੂੰ) ਪ੍ਰਭੂ ਦਾ ਭਾਣਾ ਮਿੱਠਾ ਲਗਦਾ ਹੈ।(ਜਿਸ ਮਨੁੱਖ ਨੂੰ) ਪੂਰਨ ਸਤਿਗੁਰੂ ਮਿਲੇ ਹਨ, (ਉਸ ਦੀਆਂ) ਸਾਰੀਆਂ ਇਛਾਵਾਂ ਪੂਰੀਆਂ ਹੋ ਗਈਆਂ ਅਤੇ (ਪ੍ਰਲੋਕ ਦੀਆਂ) ਆਸਾਂ ਵੀ ਪੂਰੀਆਂ ਹੋ ਗਈਆਂ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਨੇ (ਜਿਹੜੇ ਮਨੁੱਖ ਅਪਣੇ ਨਾਲ) ਆਪ ਮੇਲ ਲਏ ਹਨ, ਫਿਰ (ਉਨ੍ਹਾਂ ਨੂੰ) ਝੋਰੇ ਅਤੇ ਦੁਖ ਨਹੀਂ ਵਿਆਪਦੇ।੪।੩।

ਪਦਾਰਥ = ਮਿਲਿ–ਮਿਲ ਕੇ।ਦਇਆਲ–ਦਇਆ ਕਰਨ ਵਾਲਾ; ਦਇਆ ਦਾ ਘਰ।ਦਾਮੋਦਰ–ਜਿਸ ਪ੍ਰਭੂ ਦੇ ਪੇਟ ਵਿਚ ਸਾਰਾ ਵਿਸ਼ਵ ਹੈ।ਮਾਧੋ–ਮਾਇਆ ਦਾ ਪਤੀ ਪ੍ਰਭੂ।ਗੁਨੀਐ–ਗੁਣਾਂ ਦਾ।ਦੁਖ ਹਰ–ਦੁੱਖਾਂ ਦਾ ਨਾਸ਼ ਕਰਨ ਵਾਲਾ।ਸਗਲ–ਸਾਰੇ।ਦੋਖ–ਪਾਪ; ਔਗਣ।ਨਿਵਾਰਣੋ–ਦੂਰ ਕਰਨ ਵਾਲਾ।ਸੋਗ–ਗਮ।ਵਿਕਾਰ ਬਿਖੜੇ–ਦੁਖਦਾਈ ਵਿਸ਼ੇ ਵਿਕਾਰ।ਉਧਾਰਣੋ–ਬਚਾਉਣ ਵਾਲਾ।ਸਭਿ ਜੀਅ–ਸਾਰੇ ਜੀਵ।ਰੇਣ–ਚਰਨ ਧੂੜ।ਥੀਵਾ–ਹੋ ਜਾਵਾਂ।ਬਿਨਵੰਤਿ–ਬੇਨਤੀ ਕਰਦਾ ਹੈ।ਮਇਆ ਕੀਜੈ–ਮੇਹਰ ਕਰ।੩।ਪ੍ਰਭਿ–ਪ੍ਰਭੂ ਨੇ।ਲਾਏ–ਲਾ ਕੇ।ਸਿਮਰਹ–ਸਿਮਰਦੇ ਹਨ।ਧਿਆਏ–ਧਿਆਉਂਦੇ ਹਨ।ਧਿਆਇ–ਧਿਆਉਂਦੇ ਹਨ।ਸੋ ਪ੍ਰਭੁ–ਉਸ ਪ੍ਰਭੂ ਨੂੰ।ਤਰੇ ਭਵਜਲ–ਸੰਸਾਰ ਸਮੁੰਦਰ ਤੋਂ ਤਰ ਗਏ ਹਨ।ਰਹੇ–ਮੁੱਕ ਗਏ।ਆਵਣ ਜਾਣਾ–ਜੰਮਣਾ ਮਰਨਾ।ਕਲਿਆਣ–ਸੁਖ ਅਨੰਦ।ਪਭ ਭਾਣਾ

–ਪ੍ਰਭੂ ਦਾ ਭਾਣਾ। ਪੁੰਨੀ–ਪੂਰੀ ਹੋ ਗਈ। ਫਿਰਿ–ਮੁੜ ਦੁਬਾਰਾ। ਵਿਸੂਰਿਆ–ਝੋਰੇ; ਸ਼ੋਕ ਪਸ਼ਚਾਤਾਪ।੪।੩।

ਸਾਰੰਸ਼ = ਹਰੀ ਦੇ ਸਿਮਰਨ ਨਾਲ ਪਾਪ ਦੂਰ ਹੁੰਦੇ ਹਨ ਅਤੇ ਜੋਗ ਦਾਨ ਆਦਿ ਕਰਮਾਂ ਦਾ ਪੁੰਨ ਪ੍ਰਾਪਤ ਹੁੰਦਾ ਹੈ। ਭਰਮ ਤੇ ਭਉ ਦੂਰ ਹੋ ਕੇ ਹਰ ਤਰ੍ਹਾਂ ਦਾ ਸੁਖ ਮਿਲਦਾ ਹੈ। ਸੋਗ ਮੋਹ ਆਦਿ ਦੇ ਦੋਸ਼ ਦੂਰ ਹੁੰਦੇ ਹਨ ਅਤੇ ਹੁਕਮੀ ਬੰਦਾ ਬਣ ਕੇ ਸਭ ਆਸਾਂ ਪੂਰੀਆਂ ਹੁੰਦੀਆਂ ਹਨ ਅਤੇ ਜਨਮ ਮਰਨ ਕੱਟਿਆ ਜਾਂਦਾ ਹੈ। (ਸ਼ਬਦਾਰਥ)

ਰਾਮਕਲੀ ਮਹਲਾ ੫ ਛੰਤ ॥ ਸਲੋਕੁ ॥ ਚਰਨ ਕਮਲ ਸਰਣਾਗਤੀ, ਅਨਦ ਮੰਗਲ ਗੁਣ ਗਾਮ ॥ ਨਾਨਕ ਪ੍ਰਭੁ ਆਰਾਧੀਐ, ਬਿਪਤਿ ਨਿਵਾਰਣ ਰਾਮ ॥੧॥ ਛੰਤੁ ॥ ਪ੍ਰਭੁ ਬਿਪਤਿ ਨਿਵਾਰਣੋ, ਤਿਸੁ ਬਿਨੁ ਅਵਰੁ ਨ ਕੋਇ ਜੀਉ ॥ ਸਦਾ ਸਦਾ ਹਰਿ ਸਿਮਰੀਐ, ਜਲਿ ਥਲਿ ਮਹੀਅਲਿ ਸੋਇ ਜੀਉ ॥ ਜਲਿ ਥਲਿ ਮਹੀਅਲਿ ਪੂਰਿ ਰਹਿਆ, ਇਕ ਨਿਮਖ ਮਨਹੁ ਨ ਵੀਸਰੈ ॥ ਗੁਰ ਚਰਨ ਲਾਗੇ ਦਿਨ ਸਭਾਗੇ, ਸਰਬ ਗੁਣ ਜਗਦੀਸਰੈ ॥ ਕਰਿ ਸੇਵ ਸੇਵਕ ਦਿਨਸੁ ਰੈਣੀ, ਤਿਸੁ ਭਾਵੈ ਸੋ ਹੋਇ ਜੀਉ ॥ ਬਲਿ ਜਾਇ ਨਾਨਕੁ ਸੁਖਹ ਦਾਤੇ, ਪਰਗਾਸੁ ਮਨਿ ਤਨਿ ਹੋਇ ਜੀਉ ॥੧॥ (ਹੇ ਭਾਈ!) ਗੁਰੂ ਦੇ ਚਰਨ ਕਮਲ ਦੀ ਸ਼ਰਣ ਵਿਚ ਆ ਕੇ ਹਰੀ ਦੇ ਅਨੰਦ ਮੰਗਲ ਰੂਪ ਗੁਣ ਗਾਈਏ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਨੂੰ ਅਰਾਧੀਏ, (ਜੋ ਜੀਵ ਦੀ ਹਰ ਤਰ੍ਹਾਂ ਦੀ) ਬਿਪਤਾ ਦੂਰ ਕਰਨ ਵਾਲਾ ਹੈ।੧। (ਹੇ ਭਾਈ!) ਪ੍ਰਭੂ ਬਿਪਤਾ ਦੂਰ ਕਰਨ ਵਾਲਾ ਹੈ, ਉਸ ਤੋਂ ਬਿਨਾ (ਬਿਪਤਾ ਦੂਰ ਕਰਨ ਵਾਲਾ) ਹੋਰ ਕੋਈ ਨਹੀਂ ਹੈ। ਹਰੀ ਨੂੰ ਸਦਾ ਸਦਾ ਸਿਮਰਦੇ ਰਹੀਏ, (ਕਿਉਂਕਿ) ਉਹ ਹੀ ਪਾਣੀਆਂ ਵਿਚ, ਖੁਸ਼ਕ ਜਮੀਨ ਵਿਚ, ਧਰਤੀ ਤੇ ਅਕਾਸ਼ ਵਿਚਕਾਰ ਪੁਲਾੜ ਵਿਚ ਵਿਆਪਕ ਹੈ। (ਪ੍ਰਭੂ) ਪਾਣੀਆਂ ਵਿਚ, ਖੁਸ਼ਕ ਜਮੀਨ ਵਿਚ ਅਤੇ ਪੁਲਾੜ ਵਿਚ ਵਿਆਪਕ ਹੋ ਰਿਹਾ ਹੈ, (ਉਸ ਨੂੰ ਇਉਂ ਯਾਦ ਕਰੋ ਕਿ ਉਹ) ਇਕ ਪਲ ਵੀ ਮਨ ਤੋਂ ਨਾ ਭੁੱਲ ਸਕੇ। (ਜਿਹੜੇ ਮਨੁੱਖ) ਗੁਰੂ ਦੇ ਚਰਨੀਂ ਲੱਗੇ ਹਨ, (ਉਨ੍ਹਾਂ ਦੇ) ਦਿਨ ਭਾਗਾਂ ਵਾਲੇ ਬਣ ਗਏ ਹਨ, (ਇਹ) ਸਾਰਾ ਉਪਕਾਰ ਜਗਤ ਦੇ ਮਾਲਕ ਪ੍ਰਭੂ ਦਾ ਹੈ। (ਹੇ ਭਾਈ! ਤੂੰ) ਸੇਵਕ ਬਣ ਕੇ ਦਿਨ ਰਾਤ ਪ੍ਰਭੂ ਦੀ ਸੇਵਾ ਭਗਤੀ ਕਰਿਆ ਕਰ, ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ ਹੀ ਹੁੰਦਾ ਹੈ (ਤੂੰ ਕੋਈ ਫਿਕਰ ਨਾ ਕਰ)। ਨਾਨਕ ਸੁੱਖਾਂ ਦੇ ਦਾਤੇ ਪ੍ਰਭੂ ਤੋਂ ਬਲਿਹਾਰ ਜਾਂਦਾ ਹੈ, (ਜਿਸ ਦੀ ਕ੍ਰਿਪਾ ਨਾਲ) ਮਨ ਵਿਚ ਤੇ ਸਰੀਰ ਵਿਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ।੧।

ਪਦਾਰਥ = ਸਲੋਕ। ਚਰਨ ਕਮਲ–ਕਮਲ ਫੁੱਲ ਵਰਗੇ ਸੁੰਦਰ ਚਰਨ। ਸਰਣਾਗਤੀ–ਸ਼ਰਣ ਵਿਚ ਆ ਕੇ। ਮੰਗਲ–ਖੁਸ਼ੀ ਦਾ ਗੀਤ। ਗੁਣ ਗਾਮ–ਗੁਣ ਗਾਈਏ। ਆਰਾਧੀਐ–ਅਰਾਧੀਏ। ਬਿਪਤਿ–ਬਿਪਤਾ; ਦੁਖ; ਤਬਾਹੀ। ਨਿਵਾਰਣ–ਦੂਰ ਕਰਨ ਵਾਲਾ।੧। ਛੰਤ। ਅਵਰੁ–ਹੋਰ। ਜਲਿ–ਪਾਣੀਆਂ ਵਿਚ। ਥਲਿ–ਸੁੱਕੀ ਧਰਤੀ ਵਿਚ। ਮਹੀਅਲਿ–ਧਰਤੀ ਤੇ ਅਕਾਸ਼ ਵਿਚਕਾਰ ਪੁਲਾੜ ਵਿਚ। ਸੋਇ–ਉਹ ਹੀ। ਪੂਰਿ ਰਹਿਆ–ਵਿਆਪਕ ਹੋ ਰਿਹਾ ਹੈ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਮਨਹੁ–ਮਨ ਤੋਂ। ਨ ਵੀਸਰੈ–ਨਾ ਭੁਲ ਸਕੇ। ਸਭਾਗੇ–ਭਾਗਾਂ ਵਾਲੇ। ਜਗਦੀਸਰੈ–ਜਗਤ ਦੇ ਮਾਲਕ ਦਾ। ਰੈਣੀ–ਰਾਤ। ਤਿਸੁ–ਉਸ ਨੂੰ। ਭਾਵੈ–ਚੰਗਾ ਲਗਦਾ ਹੈ। ਸੋ–ਉਹ। ਬਲਿ ਜਾਇ–ਬਲਹਾਰ ਜਾਂਦਾ ਹੈ। ਸੁਖਹ ਦਾਤੇ–ਸੁਖ ਦੇਣ ਵਾਲੇ ਤੋਂ। ਮਨਿ–ਮਨ ਵਿਚ। ਤਨਿ–ਸਰੀਰ ਵਿਚ। ਪਰਗਾਸੁ–ਚਾਨਣ।੧।

ਛੰਤ = ਕਾਵਿ ਰਚਨਾ; ਹਰੀ ਦੇ ਜਸ ਦੇ ਗੀਤ; ਗੁਰੂ ਗ੍ਰੰਥ ਸਾਹਿਬ ਵਿਚ ਇਕ ਤਰ੍ਹਾਂ ਦੇ ਸ਼ਬਦ, ਜਿਸ ਵਿਚ ਚਾਰ ਬੰਦ ਹਨ।

ਸਲੋਕੁ ॥ ਹਰਿ ਸਿਮਰਤ ਮਨੁ ਤਨੁ ਸੁਖੀ, ਬਿਨਸੀ ਦੁਤੀਆ ਸੋਚ ॥ ਨਾਨਕ ਟੇਕ ਗੋੁਪਾਲ ਕੀ, ਗੋਵਿੰਦ ਸੰਕਟ ਮੋਚ ॥੧॥ ਛੰਤੁ ॥ ਭੈ ਸੰਕਟ ਕਾਟੇ ਨਾਰਾਇਣ ਦਇਆਲ ਜੀਉ ॥ ਹਰਿ ਗੁਣ ਆਨੰਦ ਗਾਏ, ਪ੍ਰਭ ਦੀਨਾ ਨਾਥ ਪ੍ਰਤਿਪਾਲ ਜੀਉ ॥ ਪ੍ਰਤਿਪਾਲ ਅਚੁਤ ਪੁਰਖੁ ਏਕੋ, ਤਿਸਹਿ ਸਿਉ ਰੰਗੁ ਲਾਗਾ ॥ ਕਰ ਚਰਨ ਮਸਤਕੁ ਮੇਲਿ ਲੀਨੇ, ਸਦਾ ਅਨਦਿਨੁ ਜਾਗਾ ॥ ਜੀਉ ਪਿੰਡੁ ਗ੍ਰਿਹੁ ਥਾਨੁ ਤਿਸ ਕਾ, ਤਨੁ ਜੋਬਨੁ ਧਨੁ ਮਾਲੁ ਜੀਉ ॥ ਸਦ ਸਦਾ ਬਲਿ ਜਾਇ ਨਾਨਕੁ ,ਸਰਬ ਜੀਆ ਪ੍ਰਤਿਪਾਲ ਜੀਉ ॥੨॥ (ਹੇ ਭਾਈ!) ਪ੍ਰਭੂ ਦਾ ਸਿਮਰਨ ਕਰਦਿਆਂ (ਇਕ ਤਾਂ ਮੇਰਾ) ਮਨ ਤੇ ਤਨ ਸੁਖੀ ਹੋ ਗਿਆ ਹੈ, ਦੂਜੀ ਚਿੰਤਾ ਨਾਸ਼ ਹੋ ਗਈ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ (ਉਸ) ਪ੍ਰਭੂ ਦੀ ਟੇਕ ਲਈ ਹੈ, (ਜਿਹੜਾ) ਪ੍ਰਭੂ ਸਾਰੇ ਦੁਖ ਕੱਟ ਦੇਣ ਵਾਲਾ ਹੈ।੧। (ਹੇ ਭਾਈ!) ਦਇਆ ਦੇ ਘਰ ਨਰਾਇਣ ਨੇ (ਮੇਰੇ ਸਭ ਕਿਸਮ ਦੇ) ਡਰ ਤੇ ਦੁਖ ਕੱਟ ਦਿਤੇ ਹਨ ਜੀ। (ਜਿਹੜਾ) ਪ੍ਰਭੂ ਗਰੀਬਾਂ ਦਾ ਮਾਲਕ ਤੇ ਪਾਲਣਾ ਕਰਨ ਵਾਲਾ ਹੈ, (ਉਸ) ਹਰੀ ਦੇ ਅਨੰਦ ਦੇਣ ਵਾਲੇ ਗੁਣ ਗਾਏ ਹਨ ਜੀ। (ਜੋ ਸਾਰੇ ਜੀਵਾਂ ਦੀ) ਪਾਲਣਾ ਕਰਨ ਵਾਲਾ ਇਕੋ ਅਟੱਲ ਪੁਰਖ ਹੈ, ਉਸ ਨਾਲ (ਮੇਰਾ) ਪ੍ਰੇਮ ਲੱਗ ਗਿਆ ਹੈ। (ਜਦ ਮੈਂ ਉਸ ਦੇ) ਚਰਨਾਂ ਉਤੇ (ਅਪਣਾ) ਮੱਥਾ ਰੱਖਿਆ ਅਤੇ ਹੱਥ ਚਰਨਾਂ ਉਤੇ ਰੱਖੇ, (ਤਾਂ ਉਸ ਨੇ ਮੈਨੂੰ ਅਪਣੇ ਨਾਲ) ਮੇਲ ਲਿਆ, (ਹੁਣ ਮੇਰਾ ਮਨ ਮੋਹ ਮਾਇਆ ਦੀ ਨੀਂਦ ਵਿਚੋਂ) ਦਿਨ ਰਾਤ ਸਦਾ ਲਈ ਜਾਗ ਪਿਆ ਹੈ। ਜਿੰਦ, ਸਰੀਰ, ਘਰ, ਥਾਂ, ਸੂਖਮ ਸਰੀਰ, ਜਵਾਨੀ ਅਤੇ ਧਨ ਮਾਲ (ਮੈਨੂੰ ਸਭ ਕੁਛ) ਉਸੇ ਪ੍ਰਭੂ ਦਾ ਬਖਸ਼ਿਆ ਹੋਇਆ

ਹੈ।ਨਾਨਕ (ਉਸ ਪ੍ਰਭੂ ਤੋਂ) ਸਦਾ ਸਦਾ ਬਲਿਹਾਰ ਜਾਂਦਾ ਹੈ, ਜੋ ਸਾਰੇ ਜੀਵਾਂ ਦੀ ਪਾਲਣਾ ਕਰਦਾ ਹੈ।੨।

ਪਦਾਰਥ = ਸਲੋਕੁ।ਸਿਮਰਤ-ਸਿਮਰਦਿਆਂ।ਤਨੁ-ਸਰੀਰ।ਬਿਨਸੀ-ਨਾਸ਼ ਹੋ ਗਈ।ਦੁਤੀਆ-ਦੂਜੀ।ਸੋਚ-ਚਿੰਤਾ।ਟੇਕ-ਆਸਰਾ। ਗੋੁਪਾਲ ਕੀ-ਧਰਤੀ ਦੀ ਪਾਲਣਾ ਕਰਨ ਵਾਲੇ ਪ੍ਰਭੂ ਦੀ।ਗੋਵਿੰਦ-ਪ੍ਰਭੂ।ਸੰਕਟ-ਦੁਖ ਕਲੇਸ਼।ਮੋਚ-ਕੱਟ ਦੇਣ ਵਾਲਾ।੧।ਛੰਤੁ।ਭੈ-ਡਰ।ਦੀਨਾ ਨਾਥ-ਗਰੀਬਾਂ ਦਾ ਮਾਲਕ।ਪ੍ਰਤਿਪਾਲ-ਪਾਲਣਾ ਕਰਨ ਵਾਲਾ।ਅਚੁਤ-ਅਟੱਲ; ਅਬਿਨਾਸੀ।ਤਿਸਹਿ ਸਿਉ-ਉਸ ਨਾਲ। ਰੰਗੁ-ਪ੍ਰੇਮ।ਕਰ-ਹੱਥ।ਮਸਤਕੁ-ਮੱਥਾ।ਅਨਦਿਨ-ਹਰ ਰੋਜ; ਸਦਾ।ਜਾਗਾ-ਜਾਗ ਪਿਆ।ਜੀਉ-ਜਿੰਦ।ਪਿੰਡੁ-ਸਰੀਰ।ਗ੍ਰਿਹੁ-ਘਰ ।ਥਾਨੁ-ਥਾਂ।ਮਾਲ-ਹਾਥੀ, ਘੋੜੇ ਤੇ ਡੰਗਰ ਆਦਿ।ਬਲਿ ਜਾਇ-ਸਦਕੇ ਜਾਂਦਾ ਹੈ।ਸਰਬ ਜੀਆ-ਸਾਰੇ ਜੀਵਾਂ ਦੀ।੨।

ਸਲੋਕੁ ॥ ਰਸਨਾ ਉਚਰੈ ਹਰਿ ਹਰੇ, ਗੁਣ ਗੋਵਿੰਦ ਵਖਿਆਨ ॥ ਨਾਨਕ ਪਕੜੀ ਟੇਕ ਏਕ, ਪਰਮੇਸਰੁ ਰਖੈ ਨਿਦਾਨ ॥੧॥ ਛੰਤੁ ॥ ਸੋ ਸੁਆਮੀ ਪ੍ਰਭੁ ਰਖਕੋ, ਅੰਚਲਿ ਤਾ ਕੈ ਲਾਗੁ ਜੀਉ ॥ ਭਜੁ ਸਾਧੂ ਸੰਗਿ ਦਇਆਲ ਦੇਵ, ਮਨ ਕੀ ਮਤਿ ਤਿਆਗੁ ਜੀਉ ॥ ਇਕ ਓਟ ਕੀਜੈ ਜੀਉ ਦੀਜੈ, ਆਸ ਇਕ ਧਰਣੀ ਧਰੈ ॥ (ਹੇ ਭਾਈ! ਗੁਰਮੁਖ ਬੰਦੇ) ਜੀਭ ਨਾਲ ਹਰਿ ਹਰਿ ਨਾਮ ਉਚਾਰਦੇ ਹਨ ਅਤੇ ਗੋਬਿੰਦ ਦੇ ਗੁਣ ਵਖਿਆਨ ਕਰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਗੁਰਮੁਖਾਂ ਨੇ) ਇਕ ਹਰੀ ਦੀ ਟੇਕ ਫੜੀ ਹੈ, (ਇਸੇ ਕਰਕੇ) ਅੰਤ ਸਮੇਂ ਪ੍ਰਮੇਸਰ (ਉਨ੍ਹਾਂ ਦੀ) ਰੱਖਿਆ ਕਰਦਾ ਹੈ।੧।ਉਹ ਮਾਲਕ ਪ੍ਰਭੂ (ਸਾਰੇ ਜੀਵਾਂ ਦੀ) ਰੱਖਿਆ ਕਰਨ ਵਾਲਾ ਹੈ, ਹੇ ਜੀਵ! ਤੂੰ ਉਸ ਪ੍ਰਭੂ ਦੇ ਪੱਲੇ ਨਾਲ ਲਗ ਜਾ।ਤੂੰ ਸਾਧੂਆਂ ਦੀ ਸੰਗਤ ਵਿਚ ਦਇਆ ਦੇ ਘਰ ਪ੍ਰਕਾਸ਼ ਸਰੂਪ ਪ੍ਰਭੂ ਦਾ ਭਜਨ ਕਰ, ਹੇ ਜੀਵ! ਤੂੰ (ਅਪਣੇ) ਮਨ ਦੀ ਮੱਤ ਛਡ ਦੇਹ।ਇਕ ਪ੍ਰਭੂ ਦੀ ਓਟ ਲੈਣਾ ਕਰ, ਜੀਵਨ (ਉਸ ਹਰੀ ਦੇ) ਹਵਾਲੇ ਕਰ ਦੇਹ ਅਤੇ ਧਰਤੀ ਨੂੰ ਅਸਰਾ ਦੇਣ ਵਾਲੇ ਇਕ ਪ੍ਰਭੂ ਉਤੇ ਆਸ ਰੱਖ।

ਅੰਗ ੯੨੭ = ਸਾਧ ਸੰਗੇ ਹਰਿ ਨਾਮ ਰੰਗੇ, ਸੰਸਾਰੁ ਸਾਗਰੁ ਸਭੁ ਤਰੈ ॥ ਜਨਮ ਮਰਣ ਬਿਕਾਰ ਛੂਟੇ, ਫਿਰਿ ਨ ਲਾਗੈ ਦਾਗੁ ਜੀਉ ॥ ਬਲਿ ਜਾਇ ਨਾਨਕੁ ਪੁਰਖ ਪੂਰਨ, ਥਿਰੁ ਜਾ ਕਾ ਸੋਹਾਗੁ ਜੀਉ ॥੩॥ (ਜੋ ਮਨੁੱਖ) ਸਾਧ ਸੰਗਤ ਕਰਕੇ ਹਰੀ ਦੇ ਨਾਮ ਨਾਲ ਪਿਆਰ ਕਰਦਾ ਹੈ, ਉਹ ਸਾਰਾ ਸੰਸਾਰ ਸਮੁੰਦਰ ਤਰ ਜਾਂਦਾ ਹੈ।(ਉਹ) ਜਨਮ ਮਰਨ ਅਤੇ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ, (ਉਸ ਨੂੰ) ਮੁੜ ਕੇ ਕੋਈ ਦਾਗ ਨਹੀਂ ਲਗਦਾ।ਨਾਨਕ ਪੂਰਨ ਪੁਰਖ ਪ੍ਰਭੂ ਤੋਂ ਬਲਹਾਰ ਜਾਂਦਾ ਹੈ, ਜਿਸ ਦਾ ਸੁਹਾਗ (ਸਾਰੇ ਜੀਵਾਂ ਲਈ) ਸਥਿਰ ਹੈ ਭਾਵ ਉਹ ਸਾਰੇ ਜੀਵਾਂ ਲਈ ਸਦਾ ਕਾਇਮ ਰਹਿਣ ਵਾਲਾ ਪਤੀ ਹੈ।੩।

ਪਦਾਰਥ = ਸਲੋਕੁ।ਰਸਨਾ-ਜੀਭ ਨਾਲ।ਉਚਰੈ-ਉਚਾਰਦੇ ਹਨ।ਟੇਕ-ਆਸਰਾ।ਰਖੈ-ਰੱਖਿਆ ਕਰਦਾ ਹੈ।ਨਿਦਾਨੁ-ਅੰਤ ਸਮੇਂ।੧ ।ਛੰਤੁ।ਸੋ ਸੁਆਮੀ-ਉਹ ਮਾਲਕ ਪ੍ਰਭੂ।ਰਖਕੋ-ਰਖਵਾਲਾ।ਤਾ ਕੈ-ਉਸ (ਪ੍ਰਭੂ) ਦੇ।ਅੰਚਲਿ-ਪੱਲੇ ਨਾਲ।ਜੀਉ-ਹੇ ਜੀਵ!।ਭਜੁ-ਭਜਨ ਕਰ।ਦਇਆਲ-ਦਇਆ ਦਾ ਘਰ।ਦੇਵ-ਪ੍ਰਭੂ।ਮਤਿ-ਅਕਲ।ਜੀਉ-ਜੀਵਨ; ਜਿੰਦ।ਧਰਣੀ ਧਰੈ-ਧਰਤੀ ਦਾ ਆਸਰਾ ਪ੍ਰਭੂ ।ਰੰਗੇ-ਪਿਆਰ ਵਿਚ।ਤਰੈ-ਤਰ ਜਾਂਦਾ ਹੈ।ਬਿਕਾਰ-ਦੁਖ; ਰੋਗ; ਪਾਪ।ਫਿਰਿ-ਮੁੜ ਕੇ।ਦਾਗੁ-ਕਲੰਕ; ਦੋਸ਼।ਥਿਰੁ ਸੋਹਾਗੁ-ਸਦਾ ਕਾਇਮ ਰਹਿਣ ਵਾਲਾ ਸੁਹਾਗ; ਸਦਾ ਜਿਉਂਦੇ ਰਹਿਣ ਵਾਲੇ ਪਤੀ ਪ੍ਰਮੇਸਰ ਦਾ ਸੁਖ।੩।

ਸਲੋਕੁ ॥ ਧਰਮ ਅਰਥ ਅਰੁ ਕਾਮ ਮੋਖ, ਮੁਕਤਿ ਪਦਾਰਥ ਨਾਥ ॥ ਸਗਲ ਮਨੋਰਥ ਪੂਰਿਆ, ਨਾਨਕ ਲਿਖਿਆ ਮਾਥ ॥੧॥ ਛੰਤੁ ॥ ਸਗਲ ਇਛ ਮੇਰੀ ਪੁੰਨੀਆ, ਮਿਲਿਆ ਨਿਰੰਜਨ ਰਾਇ ਜੀਉ ॥ ਅਨਦੁ ਭਇਆ ਵਡਭਾਗੀਹੋ, ਗ੍ਰਿਹਿ ਪ੍ਰਗਟੇ ਪ੍ਰਭ ਆਇ ਜੀਉ ॥ ਗ੍ਰਿਹਿ ਲਾਲ ਆਏ ਪੁਰਬਿ ਕਮਾਏ, ਤਾ ਕੀ ਉਪਮਾ ਕਿਆ ਗਣਾ ॥ ਬੇਅੰਤ ਪੂਰਨ ਸੁਖ ਸਹਜ ਦਾਤਾ, ਕਵਨ ਰਸਨਾ ਗੁਣ ਭਣਾ ॥ ਆਪੇ ਮਿਲਾਏ ਗਹਿ ਕੰਠਿ ਲਾਏ, ਤਿਸੁ ਬਿਨਾ ਨਹੀ ਜਾਇ ਜੀਉ ॥ ਬਲਿ ਜਾਇ ਨਾਨਕੁ ਸਦਾ ਕਰਤੇ, ਸਭ ਮਹਿ ਰਹਿਆ ਸਮਾਇ ਜੀਉ ॥੪॥ (ਹੇ ਭਾਈ!) ਧਰਮ, ਅਰਥ, ਕਾਮ ਅਤੇ ਮੋਖ ਮੁਕਤੀ ਆਦਿ ਪਦਾਰਥਾਂ ਦਾ ਪ੍ਰਭੂ ਮਾਲਕ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਦੇ) ਮੱਥੇ ਦਾ ਚੰਗਾ ਭਾਗ ਲਿਖਿਆ ਹੋਵੇ, (ਉਸ ਦੇ) ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ।੧।(ਹੇ ਭਾਈ! ਮੈਨੂੰ) ਮਾਇਆ ਤੋਂ ਨਿਰਲੇਪ ਪ੍ਰਭੂ ਪਾਤਸ਼ਾਹ ਮਿਲ ਗਿਆ, (ਜਿਸ ਕਰਕੇ) ਮੇਰੀਆਂ ਸਾਰੀਆਂ ਇਛਾਂ ਪੂਰੀਆਂ ਹੋ ਗਈਆਂ ਹਨ।ਹੇ ਵੱਡੇ ਭਾਗਾਂ ਵਾਲਿਓਂ! (ਮੇਰੇ) ਹਿਰਦੇ ਘਰ ਵਿਚ ਪ੍ਰਭੂ ਜੀ ਆ ਕੇ ਪ੍ਰਗਟ ਹੋਏ ਹਨ, (ਜਿਸ ਕਰਕੇ ਮੈਨੂੰ) ਬਹੁਤ ਅਨੰਦ ਪ੍ਰਾਪਤ ਹੋਇਆ ਹੈ।ਪਹਿਲੇ ਜਨਮਾਂ ਦੇ ਕਮਾਏ ਚੰਗੇ ਕਰਮਾਂ ਕਰਕੇ ਮੇਰੇ ਹਿਰਦੇ ਘਰ ਵਿਚ ਪਿਆਰੇ ਪ੍ਰਭੂ ਜੀ ਆਏ ਹਨ, ਮੈਂ ਉਸ (ਪ੍ਰਭੂ) ਦੀ ਕਿਹੜੀ ਉਪਮਾ ਗਿਣਾਂ (ਕਿਹੜੀ ਕਿਹੜੀ ਵਡਿਆਈ ਦੱਸਾਂ)? ਪ੍ਰਭੂ ਬੇਅੰਤ ਗੁਣਾਂ ਨਾਲ ਭਰਪੂਰ ਹੈ ਅਤੇ ਕੁਦਰਤੀ ਅਨੰਦ ਦਾ ਦਾਤਾ ਹੈ, ਮੈਂ ਕਿਹੜੀ ਜੀਭ ਨਾਲ (ਉਸ ਦੇ) ਗੁਣ ਉਚਾਰਨ ਕਰਾਂ? (ਕਿਉਂਕਿ ਉਸ ਦੇ ਗੁਣ ਬੇਅੰਤ ਹਨ)।ਪ੍ਰਭੂ ਨੇ

ਆਪ ਫੜ ਕੇ ਗਲ ਨਾਲ ਲਗਾ ਕੇ ਮੈਨੂੰ ਅਪਣੇ ਨਾਲ ਮਿਲਾ ਲਿਆ ਹੈ, ਉਸ ਤੋਂ ਬਿਨਾ (ਸੁਖ ਦੇਣ ਵਾਲੀ ਹੋਰ ਕੋਈ) ਜਗ੍ਹਾ ਨਹੀਂ।ਨਾਨਕ ਕਰਤਾਰ ਤੋਂ ਸਦਾ ਬਲਹਾਰ ਜਾਂਦਾ ਹੈ, ਜੋ ਸਾਰੇ ਜੀਵਾਂ ਵਿਚ ਵਿਆਪਕ ਹੋ ਰਿਹਾ ਹੈ।੪।੪।

ਪਦਾਰਥ = ਸਲੋਕੁ।ਅਰਥ–ਧਨ ਪਦਾਰਥ।ਅਰੁ–ਅਤੇ।ਕਾਮ–ਕਾਮਨਾ (ਇੱਛਾ)।ਮੋਖ ਮੁਕਤਿ–ਮੁਕਤੀ ਅਤੇ ਤਿਆਗ।ਸਗਲ ਮਨੋਰਥ–ਮਨ ਦੇ ਸਾਰੇ ਸੰਕਲਪ।ਮਾਥ–ਮੱਥੇ ਉਤੇ।੧।ਛੰਤੁ।ਇਛ–ਇਛਾਂਵਾਂ।ਪੁੰਨੀਆ–ਪੂਰੀਆਂ ਹੋ ਗਈਆਂ।ਨਿਰੰਜਨ ਰਾਇ–ਮਾਇਆ ਤੋਂ ਨਿਰਲੇਪ ਪ੍ਰਭੂ ਪਾਤਸ਼ਾਹ।ਭਇਆ–ਹੋਇਆ।ਗ੍ਰਿਹਿ–ਹਿਰਦੇ ਘਰ ਵਿਚ।ਆਇ–ਆ ਕੇ।ਲਾਲ–ਪਿਆਰਾ ਪ੍ਰਭੂ।ਪੁਰਬਿ ਕਮਾਏ–ਪਹਿਲੇ ਜਨਮਾਂ ਵਿਚ ਕੀਤੇ ਚੰਗੇ ਕਰਮਾਂ ਕਰਕੇ।ਤਾ ਕੀ–ਉਸ ਦੀ।ਉਪਮਾ–ਵਡਿਆਈ।ਗਣਾ–ਗਿਣਾਂ (ਦੱਸਾਂ)।ਸੁਖ ਸਹਜ –ਕੁਦਰਤੀ ਅਨੰਦ।ਕਵਨ–ਕਿਹੜੇ।ਰਸਨਾ–ਜੀਭ।ਗਹਿ–ਫੜ ਕੇ।ਕੰਠਿ ਲਾਏ–ਗਲ ਨਾਲ ਲਾ ਕੇ।ਜਾਇ–ਜਗ੍ਹਾ।ਬਲਿ ਜਾਇ–ਬਲਹਾਰ ਜਾਂਦਾ ਹੈ।ਕਰਤੇ–ਕਰਤਾਰ ਤੋਂ।ਸਭ ਮਹਿ–ਸਭ ਵਿਚ।ਰਹਿਆ ਸਮਾਇ–ਸਮਾ ਰਿਹਾ ਹੈ।੪।੪।

ਰਾਗੁ ਰਾਮਕਲੀ ਮਹਲਾ ੫ ॥ ਰਣ ਝੁੰਝਨੜਾ ਗਾਉ ਸਖੀ, ਹਰਿ ਏਕੁ ਧਿਆਵਹੁ ॥ ਸਤਿਗੁਰੁ ਤੁਮ ਸੇਵਿ ਸਖੀ, ਮਨਿ ਚਿੰਦਿਅੜਾ ਫਲੁ ਪਾਵਹੁ ॥ ਹੇ ਸਖੀਓ! ਤੁਸੀਂ ਰਸਦਾਇਕ ਮਿੱਠੀ ਮਿੱਠੀ ਸੁਰ ਵਿਚ ਪ੍ਰਭੂ ਦਾ ਜਸ ਗਾਓ; ਇਹੋ ਜਿਹਾ ਸ਼ਬਦ ਗਾਓ, ਜਿਸ ਕਰਕੇ ਬਿਬੇਕ ਦੀ ਸੈਨਾ ਮੋਹ ਦੀ ਸੈਨਾ ਨੂੰ ਜਿਤ ਲਵੇ ਅਤੇ ਇਕ ਹਰੀ ਨੂੰ ਧਿਆਵੋ।ਹੇ ਸਖੀਓ! ਤੁਸੀਂ ਸਤਿਗੁਰੂ ਦੀ ਸੇਵਾ ਭਗਤੀ ਕਰਕੇ ਮਨ ਵਿਚ ਚਿਤਵਿਆ ਫਲ ਪ੍ਰਾਪਤ ਕਰ ਲਵੋ।

ਪਦਾਰਥ = ਰਣ ਝੁਝਨੜਾ–ਰਸਦਾਇਕ ਮਿੱਠੀ ਮਿਠੀ ਸੁਰ; ਘੁੰਘਰੂ ਤੇ ਝਾਂਜਰਾਂ ਦੀ ਧੁਨੀ; ਜੁੱਧ ਦਾ ਗੀਤ; ਜੰਗ ਵਿਚ ਵਾਜੇ ਸ਼ਸ਼ਤਰ ਆਦਿ ਦੀ ਧੁਨ (ਮ.ਕੋ. ਗੁ.ਗ੍ਰੰਥ ਕੋਸ਼; ਦਰਪਣ ਸਭ ਨੇ ਇਸੇ ਤਰ੍ਹਾਂ ਦੇ ਅਰਥ ਕੀਤੇ ਹਨ।ਸਖੀ–ਹੇ ਸਖੀਓ!।ਤੁਮ–ਤੁਸੀਂ।ਸੇਵਿ–ਸੇਵਾ ਕਰੋ।ਮਨਿ–ਮਨ ਵਿਚ।ਚਿੰਦਿਅੜਾ–ਚਿਤਵਿਆ ਹੋਇਆ।ਪਾਵਹੁ–ਪ੍ਰਾਪਤ ਕਰ ਲਵੋ।

ਨੋਟ = ਦਮਦਮੀ ਬੀੜ ਅਤੇ ਕਰਤਾਰ ਪੁਰ ਸਾਹਿਬ ਵਾਲੀ ਬੀੜ ਵਿਚ ਇਸ ਸ਼ਬਦ ਦੀਆਂ ਕੇਵਲ ਦੋ ਹੀ ਤੁਕਾਂ ਲਿਖੀਆਂ ਮਿਲਦੀਆਂ ਹਨ, ਪਰ ਭਾਈ ਬੰਨੋ ਵਾਲੀ ਬੀੜ ਵਿਚ ਚਾਰ ਪਦਾਂ ਦਾ ਛੰਦ ਦਿਤਾ ਹੋਇਆ ਹੈ।ਮਜ਼ਮੂਨ ਬਾਲਕ ਹਰਿਗੋਬਿੰਦ ਜੀ ਦੇ ਸਬੰਧ ਵਿਚ ਕਿਸੇ ਸੰਸਕਾਰ ਦਾ ਨਹੀਂ, ਸਗੋਂ ਅਨੂਪ ਬਾਲਕ ਦਾ ਅਲੰਕਾਰ ਲੈ ਕੇ ਉਸ ਦੇ ਜੀਵਨ ਦੇ ਜਰੂਰੀ ਮੌਕਿਆਂ (ਜਨਮ, ਨਾਮ ਕਰਣ, ਭਦਣ, ਸਕੂਲੇ ਪੈਣ, ਮੰਗਣਾ, ਵਿਆਹ) ਨੂੰ ਲੈ ਕੇ ਅੰਮ੍ਰਿਤ ਨਾਮ ਦੇ ਵੰਡਣ ਦਾ ਜਿਕਰ ਕਰਦੇ ਹਨ।ਇਸੇ ਤਰ੍ਹਾਂ ਹੋਰਨਾਂ ਥਾਵਾਂ ਤੇ ਅਲਾਹਣੀਆਂ, ਘੋੜੀਆਂ, ਜੰਞੂ ਤੇ ਵਿਆਹ ਆਦਿ ਦੇ ਅਲੰਕਾਰ ਵਰਤੇ ਗਏ ਹਨ।(ਸ਼ਬਦਾਰਥ)

ਰਾਮਕਲੀ ਮਹਲਾ ੫ ਰੁਤੀ ਸਲੋਕੁ ੧ੴ ਸਤਿਗੁਰ ਪ੍ਰਸਾਦਿ ॥ ਕਰਿ ਬੰਦਨ ਪ੍ਰਭ ਪਾਰਬ੍ਰਹਮ, ਬਾਛਉ ਸਾਧਹ ਧੂਰਿ ॥ ਆਪੁ ਨਿਵਾਰਿ ਹਰਿ ਹਰਿ ਭਜਉ ,ਨਾਨਕ ਪ੍ਰਭ ਭਰਪੂਰਿ ॥੧॥ ਕਿਲਵਿਖ ਕਾਟਣ ਭੈ ਹਰਣ, ਸੁਖ ਸਾਗਰ ਹਰਿ ਰਾਇ ॥ ਦੀਨ ਦਇਆਲ ਦੁਖ ਭੰਜਨੋ, ਨਾਨਕ ਨੀਤ ਧਿਆਇ ॥੨॥ ਛੰਤੁ ॥ ਜਸੁ ਗਾਵਹੁ ਵਡਭਾਗੀਹੋ ,ਕਰਿ ਕਿਰਪਾ ਭਗਵੰਤ ਜੀਉ ॥ ਰੁਤੀ ਮਾਹ ਮੂਰਤ ਘੜੀ, ਗੁਣ ਉਚਰਤ ਸੋਭਾਵੰਤ ਜੀਉ ॥ ਗੁਣ ਰੰਗਿ ਰਾਤੇ ਧੰਨਿ ਤੇ ਜਨ, ਜਿਨੀ ਇਕ ਮਨਿ ਧਿਆਇਆ ॥ ਸਫਲ ਜਨਮੁ ਭਇਆ ਤਿਨ ਕਾ, ਜਿਨੀ ਸੋ ਪ੍ਰਭੁ ਪਾਇਆ ॥ ਪੁੰਨ ਦਾਨ ਨ ਤੁਲਿ ਕਿਰਿਆ, ਹਰਿ ਸਰਬ ਪਾਪਾ ਹੰਤ ਜੀਉ ॥ ਬਿਨਵੰਤਿ ਨਾਨਕ ਸਿਮਰਿ ਜੀਵਾ, ਜਨਮ ਮਰਣ ਰਹੰਤ ਜੀਉ ॥੧॥ (ਹੇ ਭਾਈ!) ਮੈਂ ਪਾਰਬ੍ਰਹਮ ਪ੍ਰਭੂ ਨੂੰ ਨਮਸ਼ਕਾਰ ਕਰਕੇ (ਉਸ ਤੋਂ) ਸਾਧੂਆਂ ਦੀ ਚਰਨ ਧੂੜ ਮੰਗਦਾ ਹਾਂ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਆਪਾ ਭਾਵ ਦੂਰ ਕਰਕੇ ਸਰਬ ਵਿਆਪਕ ਪ੍ਰਭੂ ਦਾ ਹਰਿ ਹਰਿ ਨਾਮ ਜਪਦਾ ਹਾਂ।੧।ਹਰੀ ਰਾਜਾ ਸੁੱਖਾਂ ਦਾ ਸਮੁੰਦਰ ਹੈ, ਪਾਪ ਕੱਟਣ ਵਾਲਾ ਅਤੇ ਡਰ ਦੂਰ ਕਰਨ ਵਾਲਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ!) ਤੂੰ ਪ੍ਰਭੂ ਨੂੰ ਸਦਾ ਧਿਆਇਆ ਕਰ, ਜੋ ਗਰੀਬਾਂ ਉਤੇ ਦਇਆ ਕਰਨ ਵਾਲਾ ਹੈ ਤੇ ਦੁੱਖ ਨਾਸ਼ ਕਰਨ ਵਾਲਾ ਹੈ।੨।ਹੇ ਵੱਡੇ ਭਾਗਾਂ ਵਾਲੇ ਪੁਰਖੋ! ਤੁਸੀਂ ਭਗਵੰਤ ਦਾ ਜਸ ਗਾਇਆ ਕਰੋ, (ਉਹ ਤੁਹਾਡੇ ਉਤੇ) ਕ੍ਰਿਪਾ ਕਰੇਗਾ।ਪ੍ਰਭੂ ਦੇ ਗੁਣ ਉਚਾਰਦਿਆਂ ਛੇ ਰੁੱਤਾਂ, ਬਾਰਾਂ ਮਹੀਨਿਆਂ, ਮਹੂਰਤਾਂ ਤੇ ਘੜੀਆਂ ਦਾ ਸਾਰਾ ਸਮਾਂ ਸੋਭਾ ਵਾਲਾ ਬਣ ਜਾਂਦਾ ਹੈ।ਜਿਨ੍ਹਾਂ ਨੇ ਇਕ ਮਨ ਹੋ ਕੇ ਪ੍ਰਭੂ ਨੂੰ ਧਿਆਇਆ ਹੈ ਅਤੇ (ਜਿਹੜੇ ਉਸ ਦੇ) ਗੁਣਾਂ ਦੇ ਪ੍ਰੇਮ ਵਿਚ ਰੰਗੇ ਹੋਏ ਹਨ, ਉਹ ਪੁਰਖ ਧੰਨ ਹਨ।ਜਿਨ੍ਹਾਂ ਪੁਰਖਾਂ ਨੇ ਉਸ ਪ੍ਰਭੂ ਨੂੰ ਪਾਇਆ ਹੈ, ਉਨ੍ਹਾਂ ਦਾ ਮਨੁੱਖਾ ਜਨਮ ਸਫਲ ਹੋ ਗਿਆ ਹੈ।(ਹੇ ਭਾਈ! ਪ੍ਰਭੂ ਦੇ ਨਾਮ ਦੇ) ਬਰਾਬਰ ਕੋਈ ਪੁੰਨ ਦਾਨ ਅਤੇ ਹੋਰ ਕੋਈ ਧਾਰਮਕ ਕਰਮ ਨਹੀਂ ਹੈ, ਹਰੀ ਦਾ ਨਾਮ ਸਾਰੇ ਪਾਪਾਂ ਨੂੰ ਨਾਸ਼ ਕਰਨ ਵਾਲਾ ਹੈ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਮੈਂ ਪ੍ਰਭੂ ਦਾ ਨਾਮ ਸਿਮਰ ਕੇ ਜਿਉਂਦਾ ਹਾਂ, ਜੋ ਜਨਮ ਮਰਨ ਤੋਂ ਰਹਿਤ ਹੈ; (ਨਾਮ ਸਿਮਰ ਕੇ) ਜਨਮ ਮਰਣ ਮੁੱਕ ਜਾਂਦਾ ਹੈ।੧।

ਪਦਾਰਥ = ਰੁਤੀ-ਰੁੱਤਾਂ (ਇਸ ਬਾਣੀ ਵਿਚ ਛੇ ਰੁੱਤਾਂ ਦਾ ਵਰਨਣ ਹੈ)। ਬੰਦਨ-ਨਮਸ਼ਕਾਰ। ਬਾਛਉ-ਮੈਂ ਮੰਗਦਾ ਹਾਂ। ਸਾਧਹ ਧੂਰਿ-ਸਾਧੂਆਂ ਦੀ ਚਰਨ ਧੂੜ। ਆਪੁ-ਆਪਾ ਭਾਵ (ਅਪਣੱਤ)। ਨਿਵਾਰਿ-ਦੂਰ ਕਰਕੇ। ਭਜਉ-ਮੈਂ ਜਪਦਾ ਹਾਂ। ਭਰਪੂਰਿ-ਸਰਬ ਵਿਆਪਕ।੧। ਕਿਲਵਿਖ-ਪਾਪ। ਭੈ ਹਰਣ-ਡਰ ਦੂਰ ਕਰਨ ਵਾਲਾ ਹੈ। ਹਰਿ ਰਾਇ-ਹਰੀ ਪਾਤਸ਼ਾਹ। ਦੀਨ ਦਇਆਲ-ਗਰੀਬਾਂ ਉਤੇ ਦਇਆ ਕਰਨ ਵਾਲਾ। ਦੁਖ ਭੰਜਨੋ-ਦੁਖ ਨਾਸ਼ ਕਰਨ ਵਾਲਾ। ਨੀਤ-ਸਦਾ; ਹਰ ਰੋਜ।੨। ਛੰਤੁ। ਜਸੁ-ਸਿਫਤ ਸਲਾਹ। ਵਡਭਾਗੀਹੋ-ਹੇ ਵੱਡੇ ਭਾਗਾਂ ਵਾਲਿਓ!। ਭਗਵੰਤ-ਭਗਵਾਨ। ਮਾਹ-ਮਹੀਨੇ। ਮੂਰਤ-ਦੋ ਘੜੀਆਂ ਦਾ ਸਮਾਂ। ਘੜੀ-੨੪ ਮਿਨਟਾਂ ਦਾ ਸਮਾਂ। ਸੋਭਾਵੰਤ-ਸੋਭਾ ਵਾਲਾ। ਉਚਰਤ-ਉਚਾਰਦਿਆਂ। ਰੰਗਿ-ਪ੍ਰੇਮ ਰੰਗ ਵਿਚ। ਰਾਤੇ-ਰੰਗੇ ਹੋਏ ਹਨ। ਧੰਨਿ-ਧੰਨਤਾ ਦੇ ਯੋਗ। ਤੇ-ਉਹ। ਜਨ-ਪੁਰਖ। ਜਿਨੀ-ਜਿਨ੍ਹਾਂ ਨੇ। ਇਕ ਮਨਿ-ਇਕਾਗਰ ਮਨ ਹੋ ਕੇ। ਭਇਆ-ਹੋ ਗਿਆ। ਤਿਨ ਕਾ-ਉਨ੍ਹਾਂ ਦਾ। ਸੋ ਪ੍ਰਭੁ-ਉਸ ਪ੍ਰਭੂ ਨੂੰ। ਤੁਲਿ-ਬਰਾਬਰ। ਕਿਰਿਆ-ਧਾਰਮਕ ਕਰਮ। ਸਰਬ-ਸਾਰੇ। ਹੰਤ-ਨਾਸ਼ ਕਰਨ ਵਾਲਾ। ਬਿਨਵੰਤਿ-ਬੇਨਤੀ ਕਰਦਾ ਹੈ। ਸਿਮਰਿ ਜੀਵਾ-ਮੈਂ ਸਿਮਰ ਕੇ ਜਿਉਂਦਾ ਹਾਂ। ਰਹੰਤ-ਰਹਿਤ ਹੈ; ਮੁੱਕ ਜਾਂਦਾ ਹੈ।੧।

ਸਲੋਕ ॥ ਉਦਮੁ ਅਗਮੁ ਅਗੋਚਰੋ, ਚਰਨ ਕਮਲ ਨਮਸਕਾਰ ॥ ਕਥਨੀ ਸਾ ਤੁਧੁ ਭਾਵਸੀ, ਨਾਨਕ ਨਾਮ ਅਧਾਰ ॥੧॥ ਸੰਤ ਸਰਣਿ ਸਾਜਨ ਪਰਹੁ ,ਸੁਆਮੀ ਸਿਮਰਿ ਅਨੰਤ ॥ ਸੂਕੇ ਤੇ ਹਰਿਆ ਥੀਆ, ਨਾਨਕ ਜਪਿ ਭਗਵੰਤ ॥੨॥ ਛੰਤੁ ॥ ਰੁਤਿ ਸਰਸ ਬਸੰਤ, ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥ ਹਰਿ ਜੀਉ ਨਾਹੁ ਮਿਲਿਆ, ਮਉਲਿਆ ਮਨੁ ਤਨੁ ਸਾਸੁ ਜੀਉ ॥ ਘਰਿ ਨਾਹੁ ਨਿਹਚਲੁ ਅਨਦੁ ਸਖੀਏ, ਚਰਨ ਕਮਲ ਪ੍ਰਫੁਲਿਆ ॥ ਹੇ ਪ੍ਰਭੂ! ਤੂੰ ਉਦਮ ਰੂਪ ਹੈਂ (ਉਦਮ ਕਰਨ ਦੀ ਤਾਕਤ ਵੀ ਪ੍ਰਭੂ ਬਖਸ਼ਦਾ ਹੈ, ਇਸ ਲਈ ਉਹ ਉਦਮ ਰੂਪ ਹੈ), ਤੂੰ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈਂ, ਇੰਦ੍ਰੀਆਂ ਦੇ ਵਿਸ਼ਿਆਂ ਤੋਂ ਵੀ ਪਰੇ ਹੈਂ, ਮੈਂ ਤੇਰੇ ਚਰਨ ਕਮਲਾਂ ਵਿਚ ਨਮਸ਼ਕਾਰ ਕਰਦਾ ਹਾਂ। ਕਥਾ ਵਾਰਤਾ ਉਹ ਚੰਗੀ ਹੈ, ਜੋ ਤੈਨੂੰ ਚੰਗੀ ਲੱਗੇ, ਤੇਰਾ ਨਾਮ ਹੀ ਨਾਨਕ ਦਾ ਆਸਰਾ ਹੈ।੧। ਹੇ ਸੱਜਨ ਪਿਆਰਿਓ! ਸੰਤ ਗੁਰੂ ਦੀ ਸ਼ਰਣ ਵਿਚ ਪੈ ਜਾਓ, ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜਾ ਮਨੁੱਖ) ਬੇਅੰਤ ਮਾਲਕ ਪ੍ਰਭੂ ਦਾ ਨਾਮ ਸਿਮਰਦਾ ਹੈ, ਉਹ ਭਗਵਾਨ ਦਾ ਨਾਮ ਜਪ ਕੇ ਸੁੱਕੇ ਤੋਂ ਹਰਾ ਗਿਆ ਹੈ ਭਾਵ ਗੁਣਾਂ ਤੋਂ ਖਾਲੀ ਮਨੁੱਖ ਗੁਣਵਾਨ ਬਣ ਗਿਆ ਹੈ।੨। ਸੂਕੇ ਹਰੇ ਕੀਏ ਖਿਨ ਮਾਹੇ। ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ।(੧੯੧)। (ਹੇ ਭਾਈ!) ਬਸੰਤ ਦੀ ਰੁਤ ਰਸ ਵਾਲੀ ਹੈ, ਚੇਤ ਦਾ ਮਹੀਨਾ ਤੇ ਵੈਸਾਖ ਦਾ ਮਹੀਨਾ (ਜੀਵਾਂ ਵਾਸਤੇ) ਸੁਖ ਭਰਿਆ ਹੁੰਦਾ ਹੈ। (ਜਿਸ ਜੀਵ ਇਸਤ੍ਰੀ ਨੂੰ) ਪਤੀ ਪ੍ਰਭੂ ਮਿਲਿਆ ਹੈ ,(ਉਸ ਦਾ ਹਰੇਕ) ਸੁਆਸ, ਮਨ ਤੇ ਸਰੀਰ ਖਿੜ ਗਿਆ ਹੈ (ਜਿਵੇਂ ਬਸੰਤ ਰੁਤ ਵਿਚ ਬਨਸਪਤੀ ਹਰੀ ਭਰੀ ਹੋ ਜਾਂਦੀ ਹ)। ਹੇ ਸਖੀ! ਜਿਸ ਦੇ ਹਿਰਦੇ ਘਰ ਵਿਚ ਸਦਾ ਕਾਇਮ ਰਹਿਣ ਵਾਲਾ ਪਤੀ ਪ੍ਰਭੂ ਆ ਵਸਿਆ ਹੈ, (ਉਸ ਨੂੰ) ਅਨੰਦ ਬਣਿਆ ਰਹਿੰਦਾ ਹੈ ਅਤੇ (ਪਤੀ ਪ੍ਰਭੂ ਦੇ) ਪਵਿਤ੍ਰ ਚਰਨਾਂ ਨਾਲ ਲਗ ਕੇ (ਉਸ ਦਾ) ਹਿਰਦਾ ਖਿੜ ਪਿਆ ਹੈ।

ਅੰਗ ੯੨੮ = ਸੁੰਦਰੁ ਸੁਘੜੁ ਸੁਜਾਣੁ ਬੇਤਾ, ਗੁਣ ਗੋਵਿੰਦ ਅਮੁਲਿਆ ॥ ਵਡਭਾਗਿ ਪਾਇਆ ਦੁਖੁ ਗਵਾਇਆ, ਭਈ ਪੂਰਨ ਆਸ ਜੀਉ ॥ ਬਿਨਵੰਤਿ ਨਾਨਕ ਸਰਣਿ ਤੇਰੀ, ਮਿਟੀ ਜਮ ਕੀ ਤ੍ਰਾਸ ਜੀਉ ॥੨॥ ਪ੍ਰਭੂ ਸੁੰਦਰ, ਸ੍ਰੇਸਟ ਘਾੜਤ ਘੜਨ ਵਾਲਾ ਸਿਆਣਾ ਅਤੇ (ਸਭ ਦੇ ਦਿਲਾਂ ਦੀਆਂ) ਜਾਨਣ ਵਾਲਾ ਹੈ, (ਇਹ ਸਭ ਉਸ) ਗੋਬਿੰਦ ਦੇ ਅਮੋਲਕ ਗੁਣ ਹਨ। (ਜਿਸ ਜੀਵ ਇਸਤ੍ਰੀ ਨੇ) ਵੱਡੇ ਭਾਗਾਂ ਕਰਕੇ (ਉਸ ਪਤੀ ਪ੍ਰਮੇਸਰ ਨੂੰ) ਪਾਇਆ ਹੈ, (ਉਸ ਨੇ ਅਪਣਾ ਸਾਰਾ) ਦੁਖ ਦੂਰ ਕਰ ਲਿਆ ਹੈ ਅਤੇ (ਉਸ ਦੀ ਹਰੇਕ) ਆਸ ਪੂਰੀ ਹੋ ਗਈ ਹੈ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ (ਹੇ ਪ੍ਰਭੂ! ਜਿਹੜਾ ਜੀਵ) ਤੇਰੀ ਸਰਣ ਵਿਚ ਆ ਗਿਆ ਹੈ, (ਉਸ ਦਾ) ਜਮ ਦਾ ਡਰ ਮਿਟ ਗਿਆ ਹੈ।੨।

ਪਦਾਰਥ = ਅਗਮੁ-ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰੁ-ਜੋ ਇੰਦ੍ਰੀਆਂ ਦਾ ਵਿਸ਼ਾ ਨਹੀਂ; ਅਦ੍ਰਿਸ਼ਟ। ਕਥਨੀ-ਕਥਾ ਵਾਰਤਾ। ਸਾ-ਉਹ। ਤੁਧੁ-ਤੈਨੂੰ। ਭਾਵਸੀ-ਚੰਗੀ ਲਗਦੀ ਹੈ। ਅਧਾਰ-ਆਸਰਾ।੧। ਸਾਜਨ-ਹੇ ਸੱਜਣੋ!। ਪਰਹੁ-ਪੈ ਜਾਓ। ਸਿਮਰਿ-ਸਿਮਰਦਾ ਹੈ। ਸੁਆਮੀ-ਮਾਲਕ ਪ੍ਰਭੂ। ਅਨੰਤ-ਬੇਅੰਤ। ਤੇ-ਤੋਂ। ਹਰਿਆ ਥੀਆ-ਹਰਾ ਭਰਾ ਹੋ ਗਿਆ। ਜਪਿ ਭਗਵੰਤ-ਭਗਵਾਨ ਦਾ ਨਾਮ ਜਪ ਕੇ।੨। ਛੰਤ। ਸਰਸ-ਰਸ ਵਾਲੀ; ਅਨੰਦ ਮਈ। ਮਾਹ-ਮਹੀਨਾ। ਨਾਹੁ-ਪਤੀ ਪ੍ਰਭੂ। ਮਾਸੁ-ਮਹੀਨਾ। ਮਉਲਿਆ-ਖਿੜ ਗਿਆ। ਤਨੁ-ਸਰੀਰ। ਸਾਸੁ-ਸੁਆਸ। ਘਰਿ-ਹਿਰਦੇ ਘਰ ਵਿਚ। ਨਿਹਚਲੁ-ਸਦਾ ਕਾਇਮ ਰਹਿਣ ਵਾਲਾ। ਸਖੀਏ-ਹੇ ਸਹੇਲੀਏ!। ਪ੍ਰਫੁਲਿਆ-ਖਿੜ ਗਿਆ। ਸੁਘੜੁ-ਸ੍ਰੇਸਟ ਘਾੜਤ ਘੜਨ ਵਾਲਾ। ਸੁਜਾਣੁ-ਸਿਆਣਾ। ਬੇਤਾ-ਸਭ ਦੇ ਦਿਲਾਂ ਦੀਆਂ ਜਾਨਣ ਵਾਲਾ। ਅਮੁਲਿਆ-ਅਮੋਲਕ। ਵਡਭਾਗਿ-ਵੱਡੇ ਭਾਗਾਂ ਕਰਕੇ। ਭਈ-ਹੋ ਗਈ। ਬਿਨਵੰਤਿ-ਬੇਨਤੀ ਕਰਦੇ ਹਨ। ਤ੍ਰਾਸ-ਡਰ।੨।

ਸਲੋਕ ॥ ਸਾਧ ਸੰਗਤਿ ਬਿਨੁ ਭ੍ਰਮਿ ਮੁਈ, ਕਰਤੀ ਕਰਮ ਅਨੇਕ ॥ ਕੋਮਲ ਬੰਧਨ ਬਾਧੀਆ, ਨਾਨਕ ਕਰਮਹਿ ਲੇਖ ॥੧॥ ਜੋ ਭਾਣੇ ਸੇ ਮੇਲਿਆ, ਵਿਛੋੜੇ ਭੀ ਆਪਿ ॥ ਨਾਨਕ ਪ੍ਰਭ ਸਰਣਾਗਤੀ, ਜਾ ਕਾ ਵਡ ਪਰਤਾਪੁ ॥੨॥ ਛੰਤੁ ॥ ਗ੍ਰੀਖਮ ਰੁਤਿ ਅਤਿ ਗਾਖੜੀ, ਜੇਠ ਅਖਾੜੈ ਘਾਮ ਜੀਉ ॥ ਪ੍ਰੇਮ ਬਿਛੋਹੁ ਦੁਹਾਗਣੀ, ਦ੍ਰਿਸਟਿ ਨ ਕਰੀ ਰਾਮ ਜੀਉ ॥ ਨਹ ਦ੍ਰਿਸਟਿ ਆਵੈ ਮਰਤ ਹਾਵੈ, ਮਹਾ ਗਾਰਬਿ ਮੁਠੀਆ ॥ ਜਲ ਬਾਝੁ ਮਛੁਲੀ ਤੜਫੜਾਵੈ, ਸੰਗਿ ਮਾਇਆ ਰੁਠੀਆ ॥ ਕਰਿ ਪਾਪ ਜੋਨੀ ਭੈ ਭੀਤ ਹੋਈ, ਦੇਇ ਸਾਸਨ ਜਾਮ ਜੀਉ ॥ ਬਿਨਵੰਤਿ ਨਾਨਕ ਓਟ ਤੇਰੀ, ਰਾਖੁ ਪੂਰਨ ਕਾਮ ਜੀਉ ॥੩॥ ਸਾਧ ਸੰਗਤ ਤੋਂ ਬਿਨਾ (ਜੀਵ ਇਸਤ੍ਰੀ) ਅਨੇਕਾਂ ਤਰ੍ਹਾਂ ਦੇ ਕਰਮ ਕਰਦੀ ਹੋਈ ਭਟਕ ਕੇ ਮਰ ਜਾਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਜੀਵ ਇਸਤ੍ਰੀ) ਪੂਰਬਲੇ ਕੀਤੇ ਕਰਮਾਂ ਦੇ ਲੇਖਾਂ ਅਨੁਸਾਰ ਮੋਹ ਮਾਇਆ ਦੇ ਕੋਮਲ ਬੰਧਨਾਂ ਵਿਚ ਬੱਝੀ ਰਹਿੰਦੀ ਹੈ।੧।(ਜਿਹੜੇ ਜੀਵ) ਪ੍ਰਭੂ ਨੂੰ ਚੰਗੇ ਲੱਗੇ, ਉਹ (ਪ੍ਰਭੂ ਨੇ ਅਪਣੇ ਨਾਲ) ਮਿਲਾ ਲਏ ਹਨ ਅਤੇ (ਬੁਰੇ ਕਰਮ ਕਰਨ ਵਾਲੇ ਜੀਵਾਂ ਨੂੰ ਅਪਣੇ ਨਾਲੋਂ) ਵਿਛੋੜਦਾ ਵੀ ਪ੍ਰਭੂ ਆਪ ਹੀ ਹੈ। ਨਾਨਕ ਪ੍ਰਭੂ ਦੀ ਸ਼ਰਣ ਵਿਚ ਆਇਆ ਹੈ, ਜਿਸ ਦਾ ਵੱਡਾ ਤੇਜ ਪ੍ਰਤਾਪ ਹੈ।੨।(ਹੇ ਭਾਈ!) ਗਰਮੀ ਦੀ ਰੁਤ (ਜੀਵਾਂ ਨੂੰ) ਬਹੁਤ ਔਖਾ ਕਰਨ ਵਾਲੀ ਹੈ, (ਕਿਉਂਕਿ) ਜੇਠ ਹਾੜ ਦੇ ਮਹੀਨੇ ਵਿਚ ਬੜੀ ਧੁੱਪ ਪੈਂਦੀ ਹੈ।(ਇਸ ਗਰਮੀ ਦੀ ਰੁਤ ਵਿਚ ਉਸ) ਦੁਹਾਗਣ ਇਸਤ੍ਰੀ ਨੂੰ (ਪਤੀ ਦੇ) ਪ੍ਰੇਮ ਦਾ ਵਿਛੋੜਾ ਰਹਿੰਦਾ ਹੈ, (ਜਿਸ ਉਤੇ) ਪਤੀ ਪ੍ਰਭੂ ਮੇਹਰ ਦੀ ਨਜਰ ਨਹੀਂ ਕਰਦਾ। ਬੜੇ ਹੰਕਾਰ ਵਿਚ ਲੁੱਟੀ ਹੋਈ ਹੋਣ ਕਰਕੇ (ਉਸ ਇਸਤ੍ਰੀ ਨੂੰ ਪਤੀ ਪ੍ਰਮੇਸਰ) ਨਜਰ ਨਹੀਂ ਆਉਂਦਾ, (ਜਿਸ ਕਰਕੇ ਉਹ) ਹਾਹੁਕੇ ਲੈਂਦੀ ਹੋਈ ਮਰਦੀ ਜਾਂਦੀ ਹੈ ਭਾਵ ਦੁਖੀ ਹੁੰਦੀ ਹੈ।(ਉਹ ਇਉਂ ਤੜਫਦੀ ਹੈ, ਜਿਵੇਂ) ਪਾਣੀ ਤੋਂ ਬਿਨਾ ਮੱਛੀ ਤੜਫਦੀ ਹੈ, (ਉਹ) ਮਾਇਆ ਨਾਲ ਲਗ ਕੇ ਪਤੀ ਪ੍ਰਭੂ ਵਲੋਂ ਰੁੱਸੀ ਹੋਈ (ਬੇਮੁਖ ਹੋ ਗਈ) ਹੈ; ਮਾਇਆ ਨਾਲ ਲਗ ਕੇ ਸੜ ਰਹੀ ਹੈ।(ਉਹ ਦੁਹਾਗਣ ਇਸਤ੍ਰੀ) ਪਾਪਾਂ ਦੇ ਕਾਰਣ ਜੋਨੀਆਂ ਵਿਚ ਪੈਣ ਤੋਂ ਭੈ ਭੀਤ (ਡਰੀ) ਹੋਈ ਹੈ, (ਕਿਉਂਕਿ ਉਸ ਨੂੰ ਪਤਾ ਹੈ ਕਿ ਪਾਪੀਆਂ ਨੂੰ) ਜਮ ਸਜਾ ਦੇਂਦਾ ਹੈ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ (ਸਾਰੇ ਜੀਵਾਂ ਦੀਆਂ) ਕਾਮਨਾ ਪੂਰਨ ਕਰਨ ਵਾਲੇ ਹੇ ਪ੍ਰਭੂ! (ਸਾਨੂੰ ਸਭ ਜੀਵਾਂ ਨੂੰ) ਤੇਰੀ ਹੀ ਓਟ ਹੈ, (ਕ੍ਰਿਪਾ ਕਰਕੇ ਸਾਨੂੰ ਸਭ ਨੂੰ ਅਪਣੇ ਚਰਨਾਂ ਨਾਲ ਜੋੜੀ) ਰੱਖ।੩।

ਪਦਾਰਥ = ਸਲੋਕ। ਭ੍ਰਮਿ ਮੁਈ–ਭਟਕ ਕੇ ਮਰ ਗਈ। ਕਰਤੀ–ਕਰਦੀ ਹੋਈ। ਕੋਮਲ ਬੰਧਨ–ਮਾਇਆ ਦੇ ਮੋਹ ਦਾ ਕੋਮਲ ਬੰਧਨ। ਬਾਧੀਆ–ਬੱਝੀ ਰਹਿੰਦੀ ਹੈ। ਕਰਮਹਿ ਲੇਖ–ਕੀਤੇ ਕਰਮਾਂ ਦੇ ਲਿਖੇ ਲੇਖਾਂ ਅਨੁਸਾਰ।੧। ਭਾਣੇ–ਚੰਗੇ ਲੱਗੇ। ਸੇ–ਉਹ। ਸਰਣਾਗਤੀ–ਸ਼ਰਣ ਵਿਚ ਆਇਆ ਹੈ। ਜਾ ਕਾ–ਜਿਸ ਦਾ। ਵਡ ਪਰਤਾਪ–ਵੱਡਾ ਤੇਜ ਪ੍ਰਤਾਪ।੨। ਛੰਤੁ। ਗ੍ਰੀਖਮ ਰੁਤਿ–ਗਰਮੀ ਦੀ ਰੁਤ। ਅਤਿ ਗਾਖੜੀ–ਬੜਾ ਔਖਾ ਕਰਨ ਵਾਲੀ ਹੈ। ਅਖਾੜੈ–ਹਾੜ ਦੇ ਮਹੀਨੇ ਵਿਚ। ਘਾਮ–ਗਰਮੀ; ਧੁੱਪ। ਬਿਛੋਹੁ–ਵਿਛੋੜਾ; ਜੁਦਾਈ। ਦੁਹਾਗਣੀ –ਮੰਦ ਭਾਗਣ ਜੀਵ ਇਸਤ੍ਰੀ; ਪਤੀ ਦੀ ਛੱਡੀ ਹੋਈ ਇਸਤ੍ਰੀ। ਦ੍ਰਿਸਟਿ–ਨਜਰ। ਨ ਕਰੀ–ਨਹੀਂ ਕਰਦਾ। ਮਰਤ ਹਾਵੈ–ਹਾਹੁਕੇ ਲੈਂਦੀ ਮਰਦੀ ਜਾਂਦੀ ਹੈ। ਮਹਾ ਗਾਰਬਿ–ਬਹੁਤ ਹੰਕਾਰ ਵਿਚ। ਮੁਠੀਆ–ਲੁੱਟੀ ਹੋਈ ਹੈ। ਸੰਗਿ–ਨਾਲ। ਰੁਠੀਆ–ਰੁੱਸੀ (ਬੇਮੁਖ) ਹੋਈ ਹੈ; ਸੜ ਗਈ ਹੈ। ਕਰਿ–ਕਰਕੇ। ਜੋਨੀ–ਜੋਨੀਆਂ ਵਿਚ। ਭੈ ਭੀਤ ਹੋਈ–ਡਰੀ ਹੋਈ; ਘਬਰਾਈ ਹੋਈ। ਦੇਇ–ਦੇਂਦਾ ਹੈ। ਸਾਸਨ–ਸਜਾ; ਤਾੜਨਾ; ਦੁਖ। ਜਾਮ–ਜਮ। ਬਿਨਵੰਤਿ–ਬੇਨਤੀ ਕਰਦੇ ਹਨ। ਪੂਰਨ ਕਾਮ–ਹੇ ਕਾਮਨਾ ਪੂਰਨ ਕਰਨ ਵਾਲੇ!।੩।

ਸਾਰੰਸ਼ = ਜੇਠ ਹਾੜ ਦੀ ਗਰਮੀ ਦਾ ਅਲੰਕਾਰ ਲੈ ਕੇ ਹਰੀ ਤੋਂ ਵਿਛੜੀਆਂ ਰੂਹਾਂ ਦਾ ਜਿਕਰ ਕਰਦੇ ਹਨ। ਗੁਰੂ ਅਗਵਾਈ ਨਾ ਹੋਣ ਕਰਕੇ ਮਨੁੱਖ ਤਰ੍ਹਾਂ ਤਰ੍ਹਾਂ ਦੇ ਕਰਮ ਕਾਂਡ ਵਿਚ ਪਿਆ ਹਰੀ ਤੋਂ ਦੂਰ ਭਟਕਦਾ ਹੋਇਆ ਮੌਤ ਦਾ ਡਰ ਮਹਿਸੂਸ ਕਰਦਾ ਹੈ।

ਸਲੋਕ ॥ ਸਰਧਾ ਲਾਗੀ ਸੰਗਿ ਪ੍ਰੀਤਮੈ, ਇਕੁ ਤਿਲੁ ਰਹਣੁ ਨ ਜਾਇ ॥ ਮਨ ਤਨ ਅੰਤਰਿ ਰਵਿ ਰਹੇ, ਨਾਨਕ ਸਹਜਿ ਸੁਭਾਇ ॥੧ ॥ ਕਰੁ ਗਹਿ ਲੀਨੀ ਸਾਜਨਹਿ, ਜਨਮ ਜਨਮ ਕੇ ਮੀਤ ॥ ਚਰਨਹ ਦਾਸੀ ਕਰਿ ਲਈ, ਨਾਨਕ ਪ੍ਰਭ ਹਿਤ ਚੀਤ ॥੨॥ ਛੰਤੁ ॥ਰੁਤਿ ਬਰਸੁ ਸੁਹੇਲੀਆ, ਸਾਵਣ ਭਾਦਵੇ ਆਨੰਦ ਜੀਉ ॥ ਘਣ ਉਨਵਿ ਵੁਠੇ, ਜਲ ਥਲ ਪੂਰਿਆ ਮਕਰੰਦ ਜੀਉ ॥ ਪ੍ਰਭੁ ਪੂਰਿ ਰਹਿਆ ਸਰਬ ਠਾਈ, ਹਰਿ ਨਾਮ ਨਵ ਨਿਧਿ ਗ੍ਰਿਹ ਭਰੇ ॥ ਸਿਮਰਿ ਸੁਆਮੀ ਅੰਤਰਜਾਮੀ, ਕੁਲ ਸਮੂਹਾ ਸਭਿ ਤਰੇ ॥ ਪ੍ਰਿਅ ਰੰਗਿ ਜਾਗੇ ਨਹ ਛਿਦ੍ਰ ਲਾਗੇ, ਕ੍ਰਿਪਾਲੁ ਸਦ ਬਖਸਿੰਦੁ ਜੀਉ ॥ ਬਿਨਵੰਤਿ ਨਾਨਕ ਹਰਿ ਕੰਤੁ ਪਾਇਆ, ਸਦਾ ਮਨਿ ਭਾਵੰਦੁ ਜੀਉ ॥੪॥ (ਜਿਸ ਜੀਵ ਇਸਤ੍ਰੀ ਦੀ) ਪਿਆਰੇ ਪ੍ਰਭੂ ਨਾਲ ਸ਼ਰਧਾ ਲਗ ਗਈ ਹੈ, (ਉਸ ਨੂੰ ਪਿਆਰੇ ਤੋਂ ਬਿਨਾ) ਇਕ ਤਿਲ ਭਰ ਸਮਾਂ ਵੀ ਨਹੀਂ ਰਿਹਾ ਜਾਂਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ((ਪ੍ਰੀਤਮ ਜੀ ਉਸ ਜੀਵ ਇਸਤ੍ਰੀ ਦੇ) ਮਨ ਤੇ ਸਰੀਰ ਅੰਦਰ ਸਹਿਜ ਸੁਭਾਵਕ ਹੀ ਵਸ ਰਹੇ ਹਨ।੧। ਸੱਜਣ ਪ੍ਰਭੂ ਨੇ (ਜਿਸ ਜੀਵ ਇਸਤ੍ਰੀ ਦਾ) ਹੱਥ ਫੜ ਕੇ (ਉਸ ਨੂੰ ਅਪਣਾ) ਬਣਾ ਲਿਆ ਹੈ, ਜੋ ਜਨਮਾਂ ਜਨਮਾਂ ਤੋਂ

ਮਿਤ੍ਰ ਚਲਾ ਆਉਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਦਿਲ ਦਾ ਪਿਆਰ ਹੋਣ ਕਰਕੇ ਪ੍ਰਭੂ ਨੇ (ਉਹ ਜੀਵ ਇਸਤ੍ਰੀ ਅਪਣੇ) ਚਰਨਾਂ ਦੀ ਦਾਸੀ ਬਣਾ ਲਈ ਹੈ।੨। (ਹੇ ਭਾਈ! ਜੀਵਾਂ ਲਈ) ਵਰਖਾ ਰੁਤ ਸੁਖਦਾਈ ਹੈ, ਸਾਵਣ ਭਾਦੋਂ ਦਾ ਮਹੀਨਾ ਅਨੰਦ ਮਈ ਹੁੰਦਾ ਹੈ (ਕਿਉਂਕਿ ਜੇਠ ਹਾੜ ਦੀ ਗਰਮੀ ਤੋਂ ਛੁਟਕਾਰਾ ਮਿਲ ਜਾਂਦਾ ਹੈ। ਵਰਖਾ ਰੁੱਤ ਵਿਚ) ਬੱਦਲ ਝੁਕ ਕੇ ਵਰਸਦੇ ਹਨ, ਪਾਣੀ ਵਾਲੀਆਂ ਥਾਂਵਾਂ (ਨਦੀਆਂ ਤੇ ਤਾਲ ਆਦਿਕ) ਵਿਚ ਪਾਣੀ ਭਰਿਆ ਰਹਿੰਦਾ ਹੈ; (ਜੇਠ ਹਾੜ ਦੀ ਧੁੱਪ ਨਾਲ ਸੁੱਕੀ) ਬਨਸਪਤੀ ਵਿਚ ਰਸ ਭਰ ਜਾਂਦਾ ਹੈ ਤੇ ਫੁੱਲਾਂ ਵਿਚ ਮਹਿਕ ਭਰ ਜਾਂਦੀ ਹੈ। (ਇਸੇ ਤਰ੍ਹਾਂ ਜਿਨ੍ਹਾਂ ਜੀਵ ਇਸਤ੍ਰੀਆਂ ਦੇ) ਹਿਰਦੇ ਘਰ ਨੌਂ ਨਿਧੀਆਂ ਦੇ ਦਾਤੇ ਹਰੀ ਦੇ ਨਾਮ ਨਾਲ ਭਰੇ ਗਏ ਹਨ, (ਉਨ੍ਹਾਂ ਨੂੰ) ਪ੍ਰਭੂ ਸਭ ਜਗ੍ਹਾ ਵਿਆਪਕ ਹੋ ਰਿਹਾ ਦਿਸਦਾ ਹੈ। ਅੰਤਰਜਾਮੀ ਪ੍ਰਭੂ ਦਾ ਨਾਮ ਸਿਮਰ ਕੇ (ਉਨ੍ਹਾਂ ਦੀਆਂ) ਸਾਰੀਆਂ ਕੁਲਾਂ ਦੇ ਜੀਵ (ਭਵਜਲ ਤੋਂ) ਤਰ ਜਾਂਦੇ ਹਨ। (ਜਿਹੜੀ ਜੀਵ ਇਸਤ੍ਰੀ) ਪਿਆਰੇ ਪ੍ਰਭੂ ਦੇ ਪ੍ਰੇਮ ਦੇ ਕਾਰਣ (ਮੋਹ ਮਾਇਆ ਦੀ ਨੀਂਦ ਵਿਚ) ਜਾਗ ਪਈ ਹੈ, (ਉਸ ਨੂੰ ਵਿਕਾਰਾਂ ਦਾ ਕੋਈ) ਦੋਸ ਨਹੀਂ ਲਗਦਾ, ਕ੍ਰਿਪਾ ਦਾ ਘਰ ਪ੍ਰਭੂ (ਉਸ ਦੇ ਔਗਣ) ਸਦਾ ਬਖਸ਼ਣ ਵਾਲਾ ਹੈ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ (ਉਸ ਜੀਵ ਇਸਤ੍ਰੀ ਨੇ) ਮਨ ਵਿਚ ਸਦਾ ਚੰਗਾ ਲਗਣ ਵਾਲਾ ਪਤੀ ਪ੍ਰਮੇਸ਼ਰ ਪ੍ਰਾਪਤ ਕਰ ਲਿਆ ਹੈ।੪।

ਪਦਾਰਥ = ਸਰਧਾ–ਸ਼ਰਧਾ। ਸੰਗਿ ਪ੍ਰੀਤਮੈ–ਪਿਆਰੇ ਪ੍ਰਭੂ ਨਾਲ। ਇਕੁ ਤਿਲੁ–ਇਕ ਪਲ ਭਰ ਸਮਾਂ। ਰਹਣੁ ਨ ਜਾਇ–ਰਿਹਾ ਨਹੀਂ ਜਾਂਦਾ। ਤਨ–ਸਰੀਰ। ਅੰਤਰਿ–ਅੰਦਰ। ਰਵਿ ਰਹੇ–ਵਸ ਰਿਹਾ ਹੈ। ਸਹਜਿ ਸੁਭਾਇ–ਸੁਤੇ (ਸਹਿਜ ਸੁਭਾਵਕ) ਹੀ।੧। ਕਰੁ–ਹੱਥ। ਗਹਿ–ਫੜ ਕੇ। ਲੀਨੀ–ਅਪਣੀ ਬਣਾ ਲਈ। ਸਾਜਨਹਿ–ਸੱਜਣ ਪ੍ਰਭੂ ਨੇ। ਮੀਤ–ਮਿਤ੍ਰ। ਚਰਨਹਿ–ਚਰਨਾਂ ਦੀ। ਕਰਿ ਲਈ–ਬਣਾ ਲਈ। ਹਿਤ ਚੀਤ–ਦਿਲ ਦਾ ਪਿਆਰ ਹੋਣ ਕਰਕੇ।੨। ਛੰਤੁ। ਰੁਤਿ ਬਰਸੁ–ਵਰਖਾ ਰੁੱਤ। ਸੁਹੇਲੀਆ–ਸੁਖਦਾਈ। ਭਾਦਵੇ–ਭਾਦੋਂ ਦਾ ਮਹੀਨਾ। ਘਣ–ਬੱਦਲ। ਉਨਵਿ–ਝੁਕ ਕੇ। ਵੁਠੇ–ਵਰਸਦੇ ਹਨ। ਜਲ ਥਲ–ਪਾਣੀ ਵਾਲੀਆਂ ਥਾਂਵਾਂ (ਨਦੀਆਂ ਤੇ ਤਲਾਬ ਆਦਿ)। ਪੂਰਿਆ–ਭਰ ਗਿਆ। ਮਕਰੰਦ–ਪਾਣੀ; ਰਸ; ਮਹਿਕ। ਪੂਰਿ ਰਹਿਆ–ਵਿਆਪਕ ਹੋ ਰਿਹਾ ਹੈ। ਸਰਬ ਠਾਈ–ਸਭ ਜਗ੍ਹਾ। ਨਵ ਨਿਧਿ–ਨੌਂ ਖਜਾਨੇ। ਗ੍ਰਿਹ–ਹਿਰਦਾ ਘਰ। ਸੁਆਮੀ–ਮਾਲਕ। ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ। ਕੁਲ ਸਮੂਹਾ–ਸਾਰੀਆਂ ਕੁਲਾਂ। ਤਰੇ–ਤਰ ਗਏ। ਪ੍ਰਿਅ ਰੰਗ–ਪਿਆਰੇ ਦੇ ਪ੍ਰੇਮ ਕਰਕੇ। ਜਾਗੇ–ਜਾਗ ਪਏ ਹਨ। ਛਿਦ੍ਰ–ਦੋਸ਼; ਦਾਗ। ਸਦ–ਸਦਾ। ਬਖਸਿੰਦੁ–ਬਖਸ਼ ਦੇਣ ਵਾਲਾ। ਬਿਨਵੰਤ–ਬੇਨਤੀ ਕਰਦੇ ਹਨ। ਕੰਤੁ–ਪਤੀ। ਮਨਿ–ਮਨ ਵਿਚ। ਭਾਵੰਦੁ–ਚੰਗਾ ਲਗਣ ਵਾਲਾ।੪।

ਸਲੋਕ ॥ ਆਸ ਪਿਆਸੀ ਮੈ ਫਿਰਉ ,ਕਬ ਪੇਖਉ ਗੋਪਾਲ ॥ ਹੈ ਕੋਈ ਸਾਜਨੁ ਸੰਤ ਜਨੁ ,ਨਾਨਕ ਪ੍ਰਭ ਮੇਲਣਹਾਰ ॥੧॥ ਬਿਨੁ ਮਿਲਬੇ ਸਾਂਤਿ ਨ ਊਪਜੈ, ਤਿਲੁ ਪਲੁ ਰਹਣੁ ਨ ਜਾਇ ॥ ਹਰਿ ਸਾਧਹ ਸਰਣਾਗਤੀ, ਨਾਨਕ ਆਸ ਪੁਜਾਇ ॥੨॥ ਛੰਤੁ ॥ ਰੁਤਿ ਸਰਦ ਅਡੰਬਰੋ, ਅਸੂ ਕਤਕੇ ਹਰਿ ਪਿਆਸ ਜੀਉ ॥ ਖੋਜੰਤੀ ਦਰਸਨੁ ਫਿਰਤ, ਕਬ ਮਿਲੀਐ ਗੁਣਤਾਸ ਜੀਉ ॥ ਬਿਨੁ ਕੰਤ ਪਿਆਰੇ ਨਹ ਸੂਖ ਸਾਰੇ, ਹਾਰ ਕੰਙਣ ਧ੍ਰਿਗੁ ਬਨਾ ॥ ਸੁੰਦਰਿ ਸੁਜਾਨਿ ਚਤੁਰਿ ਬੇਤੀ, ਸਾਸ ਬਿਨੁ ਜੈਸੇ ਤਨਾ ॥ ਈਤ ਉਤ ਦਹ ਦਿਸ ਅਲੋਕਨ, ਮਨਿ ਮਿਲਨ ਕੀ ਪ੍ਰਭ ਪਿਆਸ ਜੀਉ ॥ ਬਿਨਵੰਤਿ ਨਾਨਕ ਧਾਰਿ ਕਿਰਪਾ, ਮੇਲਹੁ ਪ੍ਰਭ ਗੁਣਤਾਸ ਜੀਉ ॥੫॥ ਮੈਂ ਆਸ ਵਿਚ ਪਿਆਸੀ ਹੋਈ ਫਿਰਦੀ ਹੈ ਕਿ ਕਦੋਂ ਮੈਂ ਗੋਪਾਲ ਨੂੰ ਦੇਖਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਕੋਈ ਸੱਜਨ ਸੰਤ ਜਨ ਹੈ? ਜੋ (ਮੈਨੂੰ) ਪ੍ਰਭੂ ਨਾਲ ਮਿਲਾਉਣ ਵਾਲਾ ਹੋਵੇ।੧। ਪ੍ਰਭੂ ਨੂੰ ਮਿਲਣ ਤੋਂ ਬਿਨਾ ਮੈਨੂੰ ਸ਼ਾਂਤੀ ਪੈਦਾ ਨਹੀਂ ਹੁੰਦੀ, ਇਕ ਤਿਲ ਪਲ ਭਰ ਸਮਾਂ ਵੀ (ਪ੍ਰਭੂ ਨੂੰ) ਮਿਲੇ ਬਿਨਾ ਰਿਹਾ ਨਹੀਂ ਜਾਂਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਹਰੀ ਦੇ ਸਾਧੂ ਜਨਾਂ ਦੀ ਸ਼ਰਨ ਲਈ ਹੈ, (ਜੋ ਪ੍ਰਭੂ ਦੇ ਦਰਸ਼ਨ ਕਰਨ ਦੀ) ਆਸ ਪੂਰੀ ਕਰ ਦੇਣ।੨। (ਪ੍ਰਭੂ ਦੇ ਦਰਸ਼ਨਾਂ ਦੀ ਚਾਹਵਾਨ ਜੀਵ ਇਸਤ੍ਰੀ ਕਹਿੰਦੀ ਹੈ ਕਿ ਹੇ ਸਹੇਲੀਏ! ਜਦੋਂ) ਅੱਸੂ ਕੱਤਕ ਮਹੀਨੇ ਵਿਚ ਸਰਦ ਰੁਤ ਸਜ ਧਜ ਨਾਲ ਸ਼ੁਰੂ ਹੁੰਦੀ ਹੈ, (ਤਾਂ ਮਨ ਵਿਚ) ਹਰੀ ਦੇ ਦਰਸ਼ਨਾਂ ਦੀ ਪਿਆਸ ਉਪਜਦੀ ਹੈ। ਮੈਂ ਪ੍ਰਭੂ ਦੇ ਦਰਸਨ ਖੋਜਦੀ ਫਿਰਦੀ ਹਾਂ ਕਿ ਕਦੋਂ ਗੁਣਾਂ ਦੇ ਖਜਾਨੇ ਪ੍ਰਭੂ ਦਾ ਮੇਲ ਹੋਵੇ। ਪਿਆਰੇ ਪਤੀ ਪ੍ਰਮੇਸ਼ਰ ਨੂੰ ਮਿਲੇ ਬਿਨਾ ਸੁੱਖ ਪ੍ਰਾਪਤ ਨਹੀਂ ਹੁੰਦੇ, ਹਾਰ ਕੰਗਣ ਦੇ ਬਣੇ ਗਹਿਣੇ ਧ੍ਰਿਕਾਰ ਯੋਗ ਹਨ। (ਭਾਵੇਂ) ਜੀਵ ਇਸਤ੍ਰੀ ਸੁੰਦਰ ਹੋਵੇ, ਸਿਆਣੀ ਹੋਵੇ, ਚਤਰ ਹੋਵੇ ਜਾਂ ਗਿਆਨਵਾਨ ਹੋਵੇ, (ਪਤੀ ਪ੍ਰਮੇਸ਼ਰ ਤੋਂ ਬਿਨਾ ਉਹ ਇਸ ਤਰ੍ਹਾਂ ਹੈ), ਜਿਵੇਂ ਸੁਆਸਾਂ ਤੋਂ ਬਿਨਾ ਸਰੀਰ ਹੈ (ਮੁਰਦਾ ਹੈ)। ਮੈਂ ਇਧਰ ਉਧਰ ਦਸਾ ਦਿਸ਼ਾਵਾਂ ਵੱਲ ਦੇਖਦੀ ਹਾਂ, ਮੇਰੇ ਮਨ ਵਿਚ ਪ੍ਰਭੂ ਨੂੰ ਮਿਲਣ ਦੀ ਪਿਆਸ ਹੈ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਹੇ ਗੁਣਾਂ ਦੇ ਖਜਾਨੇ ਪ੍ਰਭੂ! ਕ੍ਰਿਪਾ ਕਰਕੇ ਮੈਨੂੰ (ਅਪਣੇ ਨਾਲ) ਮਿਲਾ ਲਵੋ।੫।

ਪਦਾਰਥ = ਫਿਰਉ–ਫਿਰਦੀ ਹਾਂ। ਕਬ–ਕਦੋਂ। ਪੇਖਉ–ਮੈਂ ਦੇਖਾਂ। ਗੋਪਾਲ–ਧਰਤੀ ਦੀ ਪਾਲਣਾ ਕਰਨ ਵਾਲਾ ਪ੍ਰਭੂ। ਮੇਲਣਹਾਰ–

ਮਿਲਾ ਦੇਣ ਵਾਲਾ।੧।ਬਿਨੁ ਮਿਲਬੇ-ਮਿਲਣ ਤੋਂ ਬਿਨਾ।ਨ ਊਪਜੈ-ਪੈਦਾ ਨਹੀਂ ਹੁੰਦੀ।ਤਿਲੁ ਪਲੁ-ਬਹੁਤ ਥੋੜੇ ਸਮੇਂ ਲਈ ਵੀ। ਰਹਣੁ ਨ ਜਾਇ-ਰਿਹਾ ਨਹੀਂ ਜਾਂਦਾ।ਸਾਧਹ ਸਰਣਾਗਤੀ-ਸਾਧੂਆਂ ਦੀ ਸ਼ਰਣ ਲਈ ਹੈ।ਪੁਜਾਇ-ਪੂਰੀ ਕਰ ਦੇਣ।੨।ਛੰਤ।ਰੁਤਿ ਸਰਦ-ਸਰਦੀ ਦੀ ਰੁੱਤ।ਅਡੰਬਰੋ-ਸਜ ਧਜ ਨਾਲ ਸ਼ੁਰੂ ਹੁੰਦੀ ਹੈ।ਕਤਕੇ-ਕੱਤਕ ਦੇ ਮਹੀਨੇ ਵਿਚ।ਕਬ-ਕਦੋਂ।ਗੁਣਤਾਸ-ਗੁਣਾਂ ਦਾ ਖਜਾਨਾ ਪ੍ਰਭੂ।ਕੰਤ-ਪਤੀ।ਨਹ ਸਾਰੇ-ਪ੍ਰਾਪਤ ਨਹੀਂ ਹੁੰਦੇ।ਕੰਙਣ-ਕੰਗਣ।ਧ੍ਰਿਗੁ-ਫਿਟਕਾਰ ਯੋਗ (ਬਿਅਰਥ)।ਬਨਾ-ਬਣੇ ਹੋਏ। ਸੁੰਦਰਿ-ਸੁੰਦਰ ਇਸਤ੍ਰੀ।ਸੁਜਾਣਿ-ਸਿਆਣੀ।ਬੇਤੀ-ਗਿਆਨਵਾਨ।ਸਾਸ-ਸੁਆਸ।ਤਨਾ-ਸਰੀਰ।ਈਤ ਉਤ-ਇਧਰ ਉਧਰ।ਦਹ ਦਿਸ-ਦਸੇ ਦਿਸ਼ਾਵਾਂ ਵੱਲ।ਅਲੋਕਨ-ਦੇਖਦੀ ਹਾਂ।ਮਨਿ-ਮਨ ਵਿਚ।ਬਿਨਵੰਤਿ-ਬੇਨਤੀ ਕਰਦੇ ਹਨ।ਧਾਰਿ-ਕਰਕੇ।੫।

ਅੰਗ ੯੨੯ = ਸਲੋਕ ॥ ਜਲਣਿ ਬੁਝੀ ਸੀਤਲ ਭਏ, ਮਨਿ ਤਨਿ ਉਪਜੀ ਸਾਂਤਿ ॥ ਨਾਨਕ ਪ੍ਰਭ ਪੂਰਨ ਮਿਲੇ, ਦੁਤੀਆ ਬਿਨਸੀ ਭ੍ਰਾਂਤਿ ॥੧॥ ਸਾਧ ਪਠਾਏ ਆਪਿ ਹਰਿ, ਹਮ ਤੁਮ ਤੇ ਨਾਹੀ ਦੂਰਿ ॥ ਨਾਨਕ ਭ੍ਰਮ ਭੈ ਮਿਟ ਗਏ, ਰਮਣ ਰਾਮ ਭਰਪੂਰਿ ॥੨॥ ਛੰਤੁ ॥ ਰੁਤਿ ਸਿਸੀਅਰ ਸੀਤਲ, ਹਰਿ ਪ੍ਰਗਟੇ ਮੰਘਰ ਪੋਹਿ ਜੀਉ ॥ ਜਲਨਿ ਬੁਝੀ ਦਰਸੁ ਪਾਇਆ, ਬਿਨਸੇ ਮਾਇਆ ਧ੍ਰੋਹ ਜੀਉ ॥ ਸਭਿ ਕਾਮ ਪੂਰੇ ਮਿਲਿ ਹਜੂਰੇ, ਹਰਿ ਚਰਣ ਸੇਵਕਿ ਸੇਵਿਆ ॥ ਹਾਰ ਡੋਰ ਸੀਗਾਰ ਸਭਿ ਰਸ, ਗੁਣ ਗਾਉ ਅਲਖ ਅਭੇਵਿਆ ॥ ਭਾਉ ਭਗਤਿ ਗੋਵਿੰਦ ਬਾਂਛਤ, ਜਮੁ ਨ ਸਾਕੈ ਜੋਹਿ ਜੀਉ ॥ ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੀ, ਤਹ ਨ ਪ੍ਰੇਮ ਬਿਛੋਹ ਜੀਉ ॥੬॥

ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਨ੍ਹਾਂ ਪੁਰਖਾਂ ਨੂੰ) ਪੂਰਨ ਪ੍ਰਭੂ ਜੀ ਮਿਲ ਪਏ ਹਨ, (ਉਨ੍ਹਾਂ ਦੇ ਮਨ ਵਿਚੋਂ) ਦ੍ਵੈਤ ਭਾਵ ਦੀ ਝੂਠੀ ਸਮਝ ਨਾਸ਼ ਹੋ ਗਈ ਹੈ।(ਉਨ੍ਹਾਂ ਦੇ ਮਨ ਵਿਚੋਂ) ਤ੍ਰਿਸ਼ਨਾ ਦੀ ਅੱਗ ਵੀ ਬੁਝ ਗਈ ਹੈ, (ਉਨ੍ਹਾਂ ਦੇ ਹਿਰਦੇ) ਠੰਢੇ ਠਾਰ ਹੋ ਗਏ ਹਨ, ਅਤੇ ਮਨ ਤੇ ਸਰੀਰ ਵਿਚ ਸ਼ਾਂਤੀ ਪੈਦਾ ਹੋ ਗਈ ਹੈ।੧।ਹਰੀ ਨੇ ਆਪ ਸਾਧੂ ਸਤਿਗੁਰੂ (ਨਾਨਕ ਦੇਵ ਜੀ ਨੂੰ ਇਹ ਕਹਿ ਕੇ ਸੰਸਾਰ ਵਿਚ) ਭੇਜਿਆ ਹੈ, ਕਿ ਮੈਂ ਤੁਹਾਡੇ (ਸੰਸਾਰੀ ਲੋਕਾਂ) ਤੋਂ ਦੂਰ ਨਹੀਂ ਹਾਂ।ਨਾਨਕ ਗੁਰੂ ਜੀ ਆਖਦੇ ਹਨ ਕਿ ਵਿਆਪਕ ਰਾਮ ਦੇ ਸਿਮਰਨ ਨਾਲ (ਸਾਰੇ ਕਿਸਮ ਦੇ) ਡਰ ਤੇ ਭਰਮ ਮਿਟ ਗਏ ਹਨ।੨।ਮੰਘਰ ਪੋਹ ਦੇ ਮਹੀਨੇ ਵਿਚ ਸਿਆਲ ਦੀ ਰੁਤ ਠੰਢੀ ਹੁੰਦੀ ਹੈ, (ਇਸ ਰੁੱਤ ਵਿਚ ਜਿਸ ਮਨੁੱਖ ਦੇ ਹਿਰਦੇ ਵਿਚ) ਹਰੀ ਪ੍ਰਗਟ ਹੋਏ ਹਨ।ਅਤੇ (ਜਿਸ ਮਨੁੱਖ ਨੇ) ਹਰੀ ਦਾ ਦਰਸ਼ਨ ਪਾਇਆ ਹੈ, (ਉਸ ਦੇ ਅੰਦਰੋਂ) ਤ੍ਰਿਸ਼ਨਾ ਦੀ ਅੱਗ ਬੁਝ ਗਈ ਅਤੇ ਮਾਇਆ ਦੇ ਛਲ ਆਦਿ ਵਿਕਾਰ ਵੀ ਨਾਸ਼ ਹੋ ਗਏ ਹਨ।ਪ੍ਰਭੂ ਦੀ ਹਜੂਰੀ ਵਿਚ ਮਿਲ ਕੇ ਹਰੀ ਦੇ (ਜਿਸ) ਚਰਣ ਸੇਵਕ ਨੇ ਸੇਵਾ ਭਗਤੀ ਕੀਤੀ ਹੈ, (ਉਸ ਦੇ) ਸਾਰੇ ਕੰਮ ਪੂਰੇ ਹੋ ਗਏ ਹਨ।(ਹੇ ਭਾਈ!) ਅਲੱਖ ਅਭੇਵ ਪ੍ਰਭੂ ਦੇ ਗੁਣ ਗਾਇਆ ਕਰੋ, (ਇਹੋ ਹੀ) ਗਲੇ ਦਾ ਹਾਰ ਤੇ ਪਰਾਂਦੇ ਦੇ ਸਾਰੇ ਸ਼ਿੰਗਾਰ ਰਸ ਹਨ।ਗੋਵਿੰਦ ਦੀ ਪ੍ਰੇਮਾ ਭਗਤੀ ਮੰਗਣ ਨਾਲ ਜਮ (ਭੈੜੀ ਅੱਖ ਨਾਲ) ਦੇਖ ਨਹੀਂ ਸਕਦਾ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ (ਜਿਹੜੀ ਜੀਵ ਇਸਤ੍ਰੀ ਅਪਣੇ ਨਾਲ) ਪ੍ਰਭੂ ਨੇ ਆਪ ਮਿਲਾ ਲਈ ਹੈ, ਉਸ ਦਾ (ਕਦੇ ਪਤੀ ਪ੍ਰਮੇਸਰ ਦੇ) ਪ੍ਰੇਮ ਤੋਂ ਵਿਛੋੜਾ ਨਹੀਂ ਹੋ ਸਕਦਾ।੬।

ਪਦਾਰਥ = ਜਲਣ-ਤਪਸ਼; ਤ੍ਰਿਸ਼ਨਾ ਜਾਂ ਈਰਖਾ ਦੀ ਅੱਗ।ਸੀਤਲ ਭਏ-ਠੰਢੇ ਠਾਰ ਹੋ ਗਏ ਹਨ।ਮਨਿ-ਮਨ ਵਿਚ।ਤਨਿ-ਸਰੀਰ ਵਿਚ।ਉਪਜੀ-ਪੈਦਾ ਹੋ ਗਈ ਹੈ।ਦੁਤੀਆ ਭ੍ਰਾਂਤਿ-ਦ੍ਵੈਤ ਭਾਵ ਦਾ ਭਰਮ; ਦ੍ਵੈਤ ਭਾਵ ਦੀ ਝੂਠੀ ਸਮਝ।ਬਿਨਸੀ-ਨਾਸ਼ ਹੋ ਗਈ ਹੈ।੧।ਸਾਧ-ਸਤਿਗੁਰੂ (ਨਾਨਕ ਦੇਵ ਜੀ); ਸੰਤ ਜਨ।ਪਠਾਏ-ਭੇਜੇ ਹਨ।ਆਪਿ ਹਰਿ-ਹਰੀ ਨੇ ਆਪ।ਹਮ ਤੁਮ ਤੇ-ਮੈਂ ਤੁਹਾਡੇ ਤੋਂ ;ਸਾਡੇ ਸਾਰੇ ਜੀਵਾਂ ਤੋਂ।ਭ੍ਰਮ ਭੈ-ਭਰਮ ਤੇ ਡਰ।ਰਮਣ-ਸਿਮਰਨ ਨਾਲ।ਰਾਮ ਭਰਪੂਰਿ-ਸਰਬ ਵਿਆਪਕ ਪ੍ਰਭੂ।੨।ਛੰਤੁ।ਰੁਤਿ ਸਿਸੀਅਰ-ਸਿਆਲ ਦੀ ਰੁੱਤ।ਮੰਘਰ ਪੋਹਿ-ਮੱਘਰ ਤੇ ਪੋਹ ਦੇ ਮਹੀਨੇ ਵਿਚ।ਜਲਨਿ-ਤਪਸ਼; ਤ੍ਰਿਸ਼ਨਾ ਦੀ ਅੱਗ।ਧ੍ਰੋਹ-ਛਲ ਫਰੇਬ।ਕਾਮ-ਕੰਮ; ਕਾਮਨਾ।ਹਜੂਰੇ-ਹਜੂਰੀ ਵਿਚ।ਸੇਵਕਿ-ਸੇਵਕ ਨੇ।ਸੇਵਿਆ-ਸੇਵਾ ਭਗਤੀ ਕੀਤੀ।ਹਾਰ-ਗਲੇ ਦਾ ਹਾਰ।ਡੋਰ-ਡੋਰੀ (ਪਰਾਂਦਾ); ਬਾਂਹ ਤੇ ਬੰਨ੍ਹਣ ਵਾਲਾ ਗਹਿਣਾ।ਅਲਖ-(ਅਲੱਖ ਪੜ੍ਹੋ) ਅਦ੍ਰਿਸ਼ਟ; ਜੋ ਪੂਰਨ ਤੌਰ ਤੇ ਜਾਣਿਆ ਨਾ ਜਾਵੇ।ਅਭੇਵਿਆ-ਜਿਸ ਦਾ ਭੇਤ ਨਾ ਪਾਇਆ ਜਾ ਸਕੇ।ਭਾਉ-ਪ੍ਰੇਮ।ਬਾਂਛਤ-ਮੰਗਦਿਆਂ।ਨ ਸਾਕੈ ਜੋਹਿ-ਦੇਖ ਨਹੀਂ ਸਕਦਾ।ਬਿਨਵੰਤਿ-ਬੇਨਤੀ ਕਰਦੇ ਹਨ।ਪ੍ਰਭਿ ਆਪਿ-ਪ੍ਰਭੂ ਨੇ ਆਪ।ਮੇਲੀ-ਮਿਲਾ ਲਈ।ਤਹ-ਉਸ ਦਾ।ਬਿਛੋਹ-ਵਿਛੋੜਾ।੬।

ਸਲੋਕ ॥ ਹਰਿ ਧਨੁ ਪਾਇਆ ਸੋਹਾਗਣੀ, ਡੋਲਤ ਨਾਹੀ ਚੀਤ ॥ ਸੰਤ ਸੰਜੋਗੀ ਨਾਨਕਾ, ਗ੍ਰਿਹਿ ਪ੍ਰਗਟੇ ਪ੍ਰਭ ਮੀਤ ॥੧॥ ਨਾਦ ਬਿਨੋਦ ਅਨੰਦ ਕੋਡ, ਪ੍ਰਿਅ ਪ੍ਰੀਤਮ ਸੰਗਿ ਬਨੇ ॥ ਮਨ ਬਾਂਛਤ ਫਲ ਪਾਇਆ, ਹਰਿ ਨਾਨਕ ਨਾਮ ਭਨੇ ॥੨॥ ਛੰਤੁ ॥ ਹਿਮਕਰ ਰੁਤਿ ਮਨਿ ਭਾਵਤੀ, ਮਾਘੁ ਫਗਣੁ ਗੁਣਵੰਤ ਜੀਉ ॥ ਸਖੀ ਸਹੇਲੀ ਗਾਉ ਮੰਗਲੋ, ਗ੍ਰਿਹਿ ਆਏ ਹਰਿ ਕੰਤ ਜੀਉ ॥ ਗ੍ਰਿਹਿ ਲਾਲ ਆਏ ਮਨਿ ਧਿਆਏ, ਸੇਜ ਸੁੰਦਰਿ ਸੋਹੀਆ ॥ ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ, ਦੇਖਿ ਦਰਸਨ ਮੋਹੀਆ ॥ ਮਿਲੇ ਸੁਆਮੀ ਇਛ

ਪੁੰਨੀ, ਮਨਿ ਜਪਿਆ ਨਿਰਮਲ ਮੰਤ ਜੀਉ ॥ ਬਿਨਵੰਤਿ ਨਾਨਕ ਨਿਤ ਕਰਹੁ ਰਲੀਆ, ਹਰਿ ਮਿਲੇ ਸ੍ਰੀਧਰ ਕੰਤ ਜੀਉ ॥੭॥ (ਹੇ ਭਾਈ! ਜਿਸ) ਸੁਹਾਗ ਭਾਗ ਵਾਲੀ ਜੀਵ ਇਸਤ੍ਰੀ ਨੇ ਹਰੀ ਦਾ ਨਾਮ ਰੂਪ ਧਨ ਪ੍ਰਾਪਤ ਕਰ ਲਿਆ ਹੈ, (ਲੋਕ ਪ੍ਰਲੋਕ ਦੇ ਪਦਾਰਥਾਂ ਵਿਚ ਉਸ ਦਾ) ਚਿੱਤ ਨਹੀਂ ਡੋਲਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਸੰਤਾਂ ਦੇ ਮਿਲਣ ਨਾਲ (ਉਸ ਸੁਹਾਗਣ ਦੇ) ਹਿਰਦੇ ਘਰ ਵਿਚ ਪ੍ਰਭੂ ਮਿਤ੍ਰ ਜੀ ਆ ਪ੍ਰਗਟੇ ਹਨ।੧। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਜੀਵ ਨੇ) ਹਰੀ ਦਾ ਨਾਮ ਜਪਿਆ ਹੈ, (ਉਸ ਨੇ) ਮਨ ਬਾਂਛਤ ਫਲ ਪਾ ਲਿਆ ਹੈ ਅਤੇ ਪਿਆਰੇ ਪਤੀ ਪ੍ਰਮੇਸਰ ਦਾ ਸੰਗ ਬਣਨ ਕਰਕੇ (ਉਸ ਨੂੰ) ਰਾਗਾਂ ਦਾ ਧੁਨੀ, ਤਮਾਸ਼ਿਆਂ ਅਤੇ ਕੌਤਕਾਂ ਦਾ ਅਨੰਦ ਪ੍ਰਾਪਤ ਹੋਇਆ ਹੈ; ਕ੍ਰੋੜਾਂ ਭੋਗਾਂ ਦਾ ਅਨੰਦ ਮਿਲ ਗਿਆ ਹੈ।੨। ਤਿਥੇ ਨਾਦ ਬਿਨੋਦ ਕੋਡ ਅਨੰਦ।(੭)। (ਹੇ ਸਹੇਲੀਏ!) ਮਾਘ ਫੱਗਣ ਦੋਵੇਂ ਮਹੀਨੇ ਬਰਫ ਵਾਲੀ ਰੁੱਤ ਦੇ ਹਨ (ਇਸ ਰੁੱਤ ਵਿਚ ਪਹਾੜਾਂ ਤੇ ਬਰਫ ਪੈਂਦੀ ਹੈ ਤੇ ਗੜ੍ਹੇ ਵੀ ਪੈਂਦੇ ਹਨ), ਗੁਣਾਂ ਵਾਲੀ ਜੀਵ ਇਸਤ੍ਰੀ ਨੂੰ (ਇਹ ਰੁੱਤ) ਮਨ ਵਿਚ ਚੰਗੀ ਲਗਦੀ ਹੈ। ਹੇ ਸਖੀ ਸਹੇਲੀਓ! ਤੁਸੀਂ ਮਿਲ ਕੇ ਖੁਸ਼ੀ (ਪ੍ਰਭੂ ਦੀ ਸਿਫਤ ਸਲਾਹ) ਦੇ ਗੀਤ ਗਾਓ, (ਕਿਉਂਕਿ ਮੇਰੇ) ਹਿਰਦੇ ਘਰ ਵਿਚ ਪਤੀ ਪ੍ਰਭੂ ਜੀ ਆਏ ਹਨ। (ਜਿਸ ਨੂੰ) ਮੈਂ ਮਨ ਵਿਚ ਧਿਆਉਂਦੀ ਸੀ, ਉਹ ਪਿਆਰੇ ਜੀ ਹਿਰਦੇ ਘਰ ਵਿਚ ਆਏ ਹਨ, (ਜਿਸ ਕਰਕੇ ਮੇਰੀ) ਹਿਰਦਾ ਰੂਪ ਸੇਜ ਸੁੰਦਰ ਤੇ ਸੋਭਨੀਕ ਬਣ ਗਈ ਹੈ। (ਜਿਸ ਪ੍ਰਭੂ ਦੀ ਸੱਤਾ ਨਾਲ) ਜੰਗਲ, ਘਾਹ ਤੇ ਤਿੰਨੇ ਭਵਨ (ਸਾਰੇ ਜੀਵ ਜੰਤ) ਹਰੇ ਭਰੇ ਹੋ ਰਹੇ ਹਨ (ਸਭ ਦਾ ਜੀਵਨ ਜਿਸ ਦੀ ਸੱਤਾ ਦੇ ਆਸਰੇ ਹੈ, ਉਸ ਦਾ) ਦਰਸ਼ਨ ਦੇਖ ਕੇ ਮੈਂ ਮਸਤ ਹੋ ਗਈ ਹਾਂ। (ਜਦੋਂ ਗੁਰੂ ਦਾ ਦਿਤਾ) ਪਵਿਤ੍ਰ ਨਾਮ ਮੰਤ੍ਰ ਮਨ ਵਿਚ ਜਪਿਆ, ਤਾਂ ਮਾਲਕ ਪ੍ਰਭੂ ਜੀ ਮਿਲ ਪਏ ਹਨ, ਮੇਰੀ ਇਛਾ ਪੂਰੀ ਹੋ ਗਈ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ (ਹੇ ਸੰਤ ਰੂਪ ਸਹੇਲੀਓ! ਤੁਸੀਂ ਵੀ) ਮਾਇਆ ਦੇ ਮਾਲਕ ਪ੍ਰਭੂ ਜੀ ਨੂੰ ਮਿਲ ਕੇ ਸਦਾ ਖੁਸ਼ੀਆਂ ਮਾਣਦੇ ਰਹੋ।੭।

ਸਾਰੰਸ਼ = ਹਿਮਕਰ ਰੁੱਤ ਦਾ ਅਲੰਕਾਰ ਵਰਤ ਕੇ ਦਸਦੇ ਹਨ ਕਿ ਜੇਠ ਹਾੜ ਦੀ ਗਰਮੀ ਕਰਕੇ ਤਪਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਸਿਮਰਿਆਂ ਜੋ ਠੰਢ ਤੇ ਸ਼ਾਂਤੀ ਵਰਤੀ ਹੈ, ਉਹ ਮਾਨੋ ਬਰਫ ਵਾਲੀ ਰੁੱਤ ਹੈ।

ਪਦਾਰਥ = ਸੋਹਾਗਣੀ–ਸੁਹਾਗ ਭਾਗ ਵਾਲੀ ਜੀਵ ਇਸਤ੍ਰੀ ਨੇ। ਚੀਤ–ਚਿੱਤ। ਸੰਤ ਸੰਜੋਗੀ–ਸੰਤਾਂ ਦੇ ਮਿਲਣ ਨਾਲ। ਗ੍ਰਿਹਿ–ਹਿਰਦੇ ਘਰ ਵਿਚ। ਮੀਤ–ਮਿਤ੍ਰ।੧। ਨਾਦ–ਰਾਗਾਂ ਦੀ ਧੁਨੀ। ਬਿਨੋਦ–ਤਮਾਸ਼ੇ। ਕੋਡ–ਕੌਤਕ; ਕ੍ਰੋੜਾਂ ਭੋਗਾਂ ਦਾ ਅਨੰਦ। ਸੰਗਿ–ਨਾਲ; ਸੰਗਤ ਵਿਚ। ਬਨੇ–ਬਣਨ ਕਰਕੇ। ਮਨ ਬਾਂਛਤ–ਮਨ ਮੰਗੇ। ਭਨੇ–ਜਪਿਆ ਹੈ।੨। ਛੰਤੁ। ਹਿਮਕਰ ਰੁਤਿ–ਬਰਫ ਵਾਲੀ ਰੁੱਤ। ਮਨਿ–ਮਨ ਵਿਚ। ਭਾਵਤੀ–ਚੰਗੀ ਲਗਦੀ ਹੈ। ਗੁਣਵੰਤ–ਗੁਣਵਾਨ ਇਸਤ੍ਰੀ ਨੂੰ। ਸਖੀ ਸਹੇਲੀ–ਹੇ ਸਖੀ ਸਹੇਲੀਓ!। ਮੰਗਲੋ–ਖੁਸ਼ੀ ਦੇ ਗੀਤ। ਗ੍ਰਿਹਿ–ਹਿਰਦੇ ਘਰ ਵਿਚ। ਹਰਿ ਕੰਤ–ਪਤੀ ਪ੍ਰਮੇਸ਼ਰ। ਲਾਲ–ਪਿਆਰਾ। ਸੇਜ–ਹਿਰਦਾ ਰੂਪ ਪਲੰਘ। ਸੋਹੀਆ–ਸੋਭਨੀਕ ਹੈ। ਵਣੁ–ਜੰਗਲ। ਤ੍ਰਿਣੁ–ਘਾਹ। ਤ੍ਰਿਭਵਣ–ਤਿੰਨੇ ਭਵਨ (ਸਾਰਾ ਜਗਤ)। ਭਏ ਹਰਿਆ–ਹਰੇ (ਅਨੰਦ ਸਹਿਤ) ਹੋ ਗਏ। ਦੇਖਿ–ਦੇਖ ਕੇ। ਮੋਹੀਆ –ਮਸਤ ਹੋ ਗਈ ਹਾਂ। ਸੁਆਮੀ–ਮਾਲਕ ਪ੍ਰਭੂ। ਇਛ ਪੁੰਨੀ–ਇੱਛਾ ਪੂਰੀ ਹੋ ਗਈ। ਨਿਰਮਲ ਮੰਤ–ਪਵਿਤ੍ਰ ਨਾਮ ਮੰਤ੍ਰ। ਬਿਨਵੰਤਿ–ਬੇਨਤੀ ਕਰਦੇ ਹਨ। ਨਿਤ–ਸਦਾ; ਹਰ ਰੋਜ। ਕਰਹੁ ਰਲੀਆ–ਖੁਸ਼ੀਆਂ ਮਾਣੋ। ਸ੍ਰੀਧਰ ਕੰਤ–ਮਾਇਆ ਦਾ ਪਤੀ ਪ੍ਰਭੂ।੭।

ਸਲੋਕ ॥ ਸੰਤ ਸਹਾਈ ਜੀਅ ਕੇ, ਭਵਜਲ ਤਾਰਣਹਾਰ ॥ ਸਭ ਤੇ ਊਚੇ ਜਾਣੀਅਹਿ, ਨਾਨਕ ਨਾਮ ਪਿਆਰ ॥੧॥ ਜਿਨ ਜਾਨਿਆ ਸੇਈ ਤਰੇ, ਸੇ ਸੂਰੇ ਸੇ ਬੀਰ ॥ ਨਾਨਕ ਤਿਨ ਬਲਿਹਾਰਣੈ, ਹਰਿ ਜਪਿ ਉਤਰੇ ਤੀਰ ॥੨॥ ਛੰਤੁ ॥ ਚਰਣ ਬਿਰਾਜਿਤ ਸਭ ਊਪਰੇ, ਮਿਟਿਆ ਸਗਲ ਕਲੇਸੁ ਜੀਉ ॥ ਆਵਣ ਜਾਵਣ ਦੁਖ ਹਰੇ, ਹਰਿ ਭਗਤਿ ਕੀਆ ਪਰਵੇਸੁ ਜੀਉ ॥ ਹਰਿ ਰੰਗਿ ਰਾਤੇ ਸਹਜਿ ਮਾਤੇ, ਤਿਲੁ ਨ ਮਨ ਤੇ ਬੀਸਰੈ ॥ ਤਜਿ ਆਪਿ ਸਰਣੀ ਪਰੇ ਚਰਨੀ, ਸਰਬ ਗੁਣ ਜਗਦੀਸਰੈ ॥ ਗੋਵਿੰਦ ਗੁਣ ਨਿਧਿ ਸ੍ਰੀ ਰੰਗ ਸੁਆਮੀ, ਆਦਿ ਕਉ ਆਦੇਸੁ ਜੀਉ ॥ ਬਿਨਵੰਤਿ ਨਾਨਕ ਮਇਆ ਧਾਰਹੁ ,ਜੁਗੁ ਜੁਗੋ ਇਕ ਵੇਸੁ ਜੀਉ ॥੮॥੧॥੬॥੮॥ (ਹੇ ਭਾਈ!) ਸੰਤ ਜੀਵਾਂ ਦੀ ਸਹਾਇਤਾ ਕਰਨ ਵਾਲੇ ਹਨ, (ਜੋ ਜੀਵਾਂ ਨੂੰ) ਭਵਜਲ ਤੋਂ ਤਾਰਨ ਵਾਲੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਸੰਤ) ਸਾਰੇ ਮਨੁੱਖਾਂ ਤੋਂ ਉਚੇ ਜਾਣੇ ਜਾਂਦੇ ਹਨ, (ਕਿਉਂਕਿ ਉਨ੍ਹਾਂ ਨੂੰ ਪ੍ਰਭੂ ਦੇ) ਨਾਮ ਨਾਲ ਪਿਆਰ ਹੈ।੧। (ਹੇ ਭਾਈ!) ਜਿਨ੍ਹਾਂ ਪੁਰਖਾਂ ਨੇ ਪ੍ਰਭੂ ਨੂੰ ਜਾਣਿਆ ਹੈ, ਉਹ ਭਵਜਲ ਤੋਂ ਤਰ ਗਏ ਹਨ, ਉਹ (ਮਨ ਨੂੰ ਜਿੱਤਣ ਵਾਲੇ) ਸੂਰਬੀਰ ਹਨ ਅਤੇ ਉਹ (ਇੰਦ੍ਰੀਆਂ ਨੂੰ ਜਿੱਤਣ ਵਾਲੇ) ਬਹਾਦਰ ਹਨ। ਨਾਨਕ ਉਨ੍ਹਾਂ ਮਨੁੱਖਾਂ ਤੋਂ ਕੁਰਬਾਨ ਜਾਂਦਾ ਹੈ, (ਜਿਹੜੇ ਹਰੀ ਦਾ ਨਾਮ) ਜਪ ਕੇ (ਸੰਸਾਰ ਸਮੁੰਦਰ ਦੇ) ਪਾਰਲੇ ਕਿਨਾਰੇ ਜਾ ਉਤਰੇ ਹਨ।੨। (ਹੇ ਭਾਈ!) ਪ੍ਰਭੂ ਦੇ ਚਰਨ ਸਭ ਤੋਂ ਉਪਰ (ਆਦਰ ਯੋਗ) ਹਨ, (ਜਿਨ੍ਹਾਂ ਦੇ ਹਿਰਦਿਆਂ ਵਿਚ) ਪ੍ਰਭੂ ਦੇ ਚਰਨ ਵਸਦੇ ਹਨ, (ਉਨ੍ਹਾਂ ਦਾ) ਸਾਰਾ ਦੁਖ ਕਲੇਸ਼ ਮਿਟ ਗਿਆ ਹੈ। (ਉਨ੍ਹਾਂ ਦੇ ਹਿਰਦਿਆਂ ਵਿਚ) ਹਰੀ ਦੀ ਭਗਤੀ

ਪ੍ਰਵੇਸ਼ ਕਰ ਗਈ ਹੈ, (ਇਸ ਲਈ ਉਨ੍ਹਾਂ ਦੇ) ਜੰਮਣ ਮਰਨ ਦੇ ਦੁਖ ਵੀ ਦੂਰ ਹੋ ਗਏ ਹਨ।(ਉਹ) ਹਰੀ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ ਸੁਤੇ ਸਿੱਧ ਹੀ ਮਸਤ ਰਹਿੰਦੇ ਹਨ, (ਉਨ੍ਹਾਂ ਦੇ) ਮਨ ਤੋਂ ਇਕ ਤਿਲ ਮਾਤ੍ਰ ਵੀ ਪ੍ਰਭੂ ਭੁਲਦਾ ਨਹੀਂ।(ਉਹ) ਆਪਾ ਭਾਵ ਨੂੰ ਛਡ ਕੇ ਸਾਰੇ ਗੁਣਾਂ ਵਾਲੇ ਜਗਤ ਦੇ ਮਾਲਕ ਪ੍ਰਭੂ ਦੇ ਚਰਨਾਂ ਦੀ ਸਰਣ ਵਿਚ ਪਏ ਹੋਏ ਹਨ।(ਅਖੀਰਲੀ ਤੁਕ ਦਾ ਅਰਥ ਪਹਿਲਾਂ ਲੱਗੇਗਾ) ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ (ਹੇ ਪ੍ਰਭੂ!) ਤੂੰ ਹਰੇਕ ਜੁਗ ਵਿਚ ਇਕੋ ਵੇਸ ਵਾਲਾ ਹੈਂ (ਰੁੱਤਾਂ, ਸਮਾਂ ਬਦਲਦਾ ਰਹਿੰਦਾ ਹੈ, ਪਰ ਤੂੰ ਕਦੇ ਬਦਲਦਾ ਨਹੀਂ, ਇਕੋ ਜਿਹਾ ਰਹਿੰਦਾ ਹੈਂ, ਮੇਰੇ ਤੇ) ਮੇਹਰ ਕਰ।ਗੁਣਾਂ ਦੇ ਖਜਾਨੇ, ਮਾਇਆ ਦੇ ਅਨੰਦ ਦਾਤੇ ਤੇ ਮਾਲਕ, ਜਗਤ ਦੇ ਮੁੱਢ ਗੋਵਿੰਦ ਨੂੰ (ਮੇਰੀ) ਨਮਸ਼ਕਾਰ ਹੈ।੮।੧।੬।੮।

ਪਦਾਰਥ = ਸਲੋਕ।ਸਹਾਈ-ਸਹਾਇਤਾ ਕਰਨ ਵਾਲੇ।ਜੀਅ ਕੇ-ਜੀਵਾਂ ਦੇ।ਭਵਜਲ-ਸੰਸਾਰ ਸਮੁੰਦਰ ਤੋਂ।ਤਾਰਣਹਾਰ-ਤਾਰਨ ਵਾਲੇ।ਸਭ ਤੇ-ਸਾਰੇ ਮਨੁੱਖਾਂ ਤੋਂ।ਜਾਣੀਅਹਿ-ਜਾਣੇ ਜਾਂਦੇ ਹਨ।੧।ਜਿਨ-ਜਿਨ੍ਹਾਂ ਨੇ।ਸੇਈ-ਉਹ ਹੀ।ਤਰੇ-ਤਰ ਗਏ ਹਨ।ਸੇ-ਉਹ।ਸੂਰੇ-ਸੂਰ ਬੀਰ।ਬੀਰ-ਬਹਾਦਰ।ਤਿਨ ਬਲਿਹਾਰਣੈ-ਉਨ੍ਹਾਂ ਤੋਂ ਕੁਰਬਾਨ ਜਾਂਦਾ ਹੈ।ਉਤਰੇ ਤੀਰ-(ਭਵਜਲ ਦੇ ਪਾਰਲੇ) ਕਿਨਾਰੇ ਜਾ ਉਤਰੇ ਹਨ।੨।ਛੰਤੁ।ਬਿਰਾਜਿਤ-ਵਸਦੇ ਹਨ।ਸਭ ਊਪਰੇ-ਸਭ ਤੋਂ ਉਪਰ (ਆਦਰ ਯੋਗ) ਹਨ।ਸਗਲ ਕਲੇਸੁ-ਸਾਰਾ ਦੁਖ ਕਲੇਸ਼।ਆਵਣ ਜਾਵਣ-ਜੰਮਣਾ ਮਰਨਾ।ਹਰੇ-ਦੂਰ ਹੋ ਗਏ।ਰੰਗਿ ਰਾਤੇ-ਪ੍ਰੇਮ ਰੰਗ ਵਿਚ ਰੰਗੇ ਹੋਏ।ਸਹਜਿ-ਸਹਿਜ ਅਵਸਥਾ ਵਿਚ ।ਮਾਤੇ-ਮਸਤ ਹਨ।ਤਿਲੁ-ਬਹੁਤ ਥੋੜਾ ਸਮਾਂ।ਤੇ-ਤੋਂ।ਨ ਬੀਸਰੈ-ਭੁਲਦਾ ਨਹੀਂ।ਤਜਿ-ਛਡ ਕੇ।ਆਪੁ-ਆਪਾ ਭਾਵ (ਅਪਣੱਤ)। ਪਰੇ-ਪਏ ਹਨ।ਜਗਦੀਸਰੈ-ਜਗਤ ਦਾ ਮਾਲਕ।ਗੁਣ ਨਿਧਿ-ਗੁਣਾਂ ਦਾ ਖਜਾਨਾ।ਸ੍ਰੀ ਰੰਗ-ਮਾਇਆ ਨੂੰ ਅਨੰਦ ਦੇਣ ਵਾਲਾ ਪ੍ਰਭੂ। ਸੁਆਮੀ-ਮਾਲਕ ਪ੍ਰਭੂ।ਆਦਿ ਕਉ-ਜਗਤ ਦੇ ਮੁੱਢ ਪ੍ਰਭੂ ਨੂੰ।ਆਦੇਸੁ-ਨਾਮਸ਼ਕਾਰ।ਬਿਨਵੰਤਿ-ਬੇਨਤੀ ਕਰਦਾ ਹੈ।ਮਇਆ ਧਾਰਹੁ-ਮੇਹਰ ਕਰ।ਜੁਗੁ ਜੁਗੋ-ਹਰੇਕ ਜੁਗ ਵਿਚ।ਇਕ ਵੇਸੁ-ਇਕੋ ਵੇਸ ਵਾਲਾ (ਇਕੋ ਜਿਹਾ ਰਹਿਣ ਵਾਲਾ)।੮।੧।੬।੮।

ਵਿਆਖਿਆ = ਇਸ ਪਵਿਤ੍ਰ ਬਾਣੀ ਦੇ ਅੱਠ ਛੰਤ ਹਨ, ਹਰੇਕ ਛੰਤ ਦੇ ਅੱਗੇ ਦੋ ਦੋ ਸਲੋਕ ਲਿਖੇ ਹੋਏ ਹਨ।ਪਹਿਲੇ ਦੋ ਸਲੋਕਾਂ ਅਤੇ ਪਹਿਲੇ ਛੰਤ ਵਿਚ ਨਿਰੰਕਾਰ ਦਾ ਮੰਗਲ ਕੀਤਾ ਹੈ ਅਤੇ ਅਖੀਰਲੇ ਦੋ ਸਲੋਕਾਂ ਵਿਚ ਪ੍ਰਭੂ ਦਾ ਸਿਮਰਨ ਕਰਨ ਵਾਲੇ ਸੰਤਾਂ ਦੀ ਉਸਤਤੀ ਕੀਤੀ ਹੋਈ ਹੈ।ਅਖੀਰਲੇ ਛੰਤ ਵਿਚ ਇਸ ਸਾਰੀ ਬਾਣੀ ਦਾ ਸਾਰੰਸ਼ ਹੈ।ਇਸ ਬਾਣੀ ਵਿਚ ਛੇ ਰੁੱਤਾਂ ਰਾਹੀਂ ਵਾਹਿਗੁਰੂ ਦਾ ਸਿਮਰਨ ਕਰਨ ਦਾ ਉਪਦੇਸ਼ ਦਿਤਾ ਹੋਇਆ ਹੈ।ਰੁੱਤਾਂ ਉਸ ਦੀਆਂ ਪੈਦਾ ਕੀਤੀਆਂ ਹੋਈ ਹਨ, ਇਹ ਰੁੱਤਾਂ, ਸਮਾਂ ਬਦਲਦਾ ਰਹਿੰਦਾ ਹੈ, ਪਰ ਉਹ ਆਪ ਬਦਲਦਾ ਨਹੀਂ ਸਦਾ ਇਕੋ ਜਿਹਾ ਰਹਿੰਦਾ ਹੈ।

ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥ ਅੰਗ ੭
ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥ ਅੰਗ ੧੧
ਜੁਗੁ ਜੁਗ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ ॥ ਅੰਗ ੩੬੮

ਉਥਾਨਕਾ = ਸੰਪ੍ਰਦਾਈ ਵਿਦਵਾਨਾਂ ਅਨੁਸਾਰ ਦੱਖਣ ਦੇਸ ਵਿਚ ਉਚਾਰੀ ਹੋਈ ਹੋਣ ਕਰਕੇ ਇਸ ਬਾਣੀ ਦਾ ਨਾਮ ਦਖਣੀ ਓਅੰਕਾਰ ਹੈ।ਦੱਖਣ ਵਿਚ ਨਰਬਦਾ ਨਦੀ ਦੇ ਮਾਨਧਾਤਾ ਟਾਪੂ ਵਿਚ ਮਹਾਂ ਦੇਵ ਦਾ ਮੰਦਰ ਹੈ।ਮੰਦਰ ਦਾ ਪੰਡਤ ਬੱਚਿਆ ਨੂੰ ਪੜ੍ਹਾ ਰਿਹਾ ਸੀ, ਗੁਰੂ ਨਾਨਕ ਦੇਵ ਜੀ ਨਾਲ ਵਿਚਾਰ ਕਰਕੇ ਪੰਡਤ ਗੁਰੂ ਜੀ ਤੋਂ ਬੜਾ ਪ੍ਰਭਾਵਿਤ ਹੋਇਆ।ਗੁਰੂ ਜੀ ਨੇ ਉਸ ਪੰਡਤ ਨੂੰ ਇਸ ਪਵਿਤ੍ਰ ਬਾਣੀ ਰਾਹੀਂ ਉਪਦੇਸ਼ ਦਿਤਾ ਹੈ।ਹਰਿ ਜੀ ਦੀ ਲਿਖੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵਿਚ ਇਸ ਬਾਣੀ ਦੀ ਰਚਨਾ ਤੇ ਪ੍ਰਮਾਰਥ ਦਾ ਪ੍ਰਸੰਗ ਲੰਕਾ ਵਿਚ ਰਾਜਾ ਸ਼ਿਵਨਾਭ ਦੇ ਪੰਡਤ ਨਾਲ ਹੋਈ ਦੱਸੀ ਹੈ।ਪੁਰਾਤਨ ਜਨਮ ਸਾਖੀ ਅਨੁਸਾਰ ਬਨਾਰਸ ਦੇ ਪੰਡਤ ਚਤਰ ਦਾਸ ਨੂੰ ਇਸ ਬਾਣੀ ਰਾਹੀਂ ਉਪਦੇਸ਼ ਦਿਤਾ ਗਿਆ ਹੈ।ਗਿ. ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ ਵਿਚ ਇਹ ਬਾਣੀ ਪੰਡਤ ਬ੍ਰਿਜਨਾਸ ਪ੍ਰਤੀ ਉਚਾਰੀ ਦੱਸੀ ਹੈ।ਮ.ਕੋ. ਅਨੁਸਾਰ ਮੱਧ ਭਾਰਤ ਦੇ ਨਿਮਾਰ ਜਿਲ੍ਹੇ ਵਿਚ ਮਾਨਧਾਤਾ ਟਾਪੂ ਅੰਦਰ ਓਅੰਕਾਰ ਦਾ ਮੰਦਰ ਹੈ।ਉਸ ਥਾਂ ਗੁਰੂ ਨਾਨਕ ਦੇਵ ਜੀ ਨੇ ਪੁਜਾਰੀਆਂ ਨੂੰ ਸੁਮਤਿ ਦੇਣ ਲਈ ਜੋ ਰਾਮਕਲੀ ਵਿਚ ਮਨੋਹਰ ਬਾਣੀ ਰਚੀ ਹੈ, ਉਸ ਦੀ ਦਖਣੀ ਓਅੰਕਾਰ ਸੰਗਿਆ ਹੈ, ਇਹ ਰਚਨਾ ਵੀ ਬਾਵਨ ਅਖਰੀ ਵਾਂਗ ਅੱਖਰਾਂ ਪ੍ਰਥਾਇ ਹੈ।

ਸ਼ਬਦਾਰਥ ਦਾ ਨੋਟ = ਦਖਣੀ ਤਰਜ ਦੀ ਰਾਮਕਲੀ, ਜਿਵੇਂ ਪ੍ਰਭਾਤੀ ਦਖਣੀ, ਵਡਹੰਸ ਦਖਣੀ, ਬਿਲਾਵਲ ਦਖਣੀ, ਮਾਰੂ ਦਖਣੀ।ਏਸੇ ਤਰ੍ਹਾਂ ਪੂਰਬੀ ਢੰਗ ਦੀ ਗਉੜੀ ਜਾਂ ਮਲਵਈ ਰੰਗ ਦੀ ਗਉੜੀ, ਜਿਸ ਨੂੰ 'ਗਉੜੀ ਮਾਲਵਾ' ਕਰਕੇ ਲਿਖਿਆ ਹੈ।ਦਖਣੀ ਲਫਜ ਦਾ

ਰਾਗ ਰਾਮਕਲੀ ਨਾਲ ਸਬੰਧ ਹੈ, 'ਓਅੰਕਾਰ' ਨਾਲ ਨਹੀਂ। ਕਈਆਂ ਬੀੜਾਂ ਵਿਚ ਪਾਠ ਭੀ ਦਖਣੀ ਓਅੰਕਾਰੁ ਜਾਂ ਨਿਰਾ ਓਅੰਕਾਰ ਹੈ। 'ਓਅੰਕਾਰੁ' ਬਾਣੀ ਦਾ ਨਾਮ ਹੈ, ਕਿਉਂਕਿ ਇਸ ਬਾਣੀ ਵਿਚ ਹਰੀ-ਓਅੰਕਾਰ ਦਾ ਜਿਕਰ ਆਉਂਦਾ ਹੈ। ਇਹ ਬਾਣੀ ੫੨ ਅੱਖਰ ਲੈ ਕੇ ਪਟੀ ਦੀ ਤਰਜ ਤੇ ਲਿਖੀ ਗਈ ਹੈ। ਇਹ ਬਾਣੀ ਬਨਾਰਸ ਵਿਚ ਚਤਰ ਦਾਸ ਆਦਿ ਪਾਂਡਿਆਂ ਨੂੰ ਸੁਣਾਈ ਗਈ।

ਰਾਮਕਲੀ ਮਹਲਾ ੧ ਦਖਣੀ ਓਅੰਕਾਰੁ ੴ ਸਤਿਗੁਰ ਪ੍ਰਸਾਦਿ ॥ ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥ ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥ ਪ੍ਰਮਾਤਮਾ ਇਕ ਹੈ, ਜੋ ਸਤਿਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। (ਹੇ ਪੰਡਤ! ਤੁਸੀਂ ਮੰਦਰ ਵਿਚ ਸਥਾਪਤ ਕੀਤੀ ਮੂਰਤੀ ਨੂੰ ਓਅੰਕਾਰ ਦਸਦੇ ਹੋ ਅਤੇ ਤੁਸੀਂ ਮੰਨਦੇ ਹੋ ਕਿ ਸ੍ਰਿਸ਼ਟੀ ਬ੍ਰਹਮਾ ਨੇ ਪੈਦਾ ਕੀਤੀ ਹੈ, ਪਰ) ਬ੍ਰਹਮਾ ਦਾ ਜਨਮ ਪ੍ਰਮਾਤਮਾ ਤੋਂ ਹੋਇਆ ਹੈ। ਜਿਸ ਬ੍ਰਹਮਾ ਨੇ ਓਅੰਕਾਰ ਨੂੰ (ਅਪਣੇ) ਚਿਤ ਵਿਚ ਯਾਦ ਕੀਤਾ (ਸਿਮਰਿਆ)। ਓਅੰਕਾਰ ਤੋਂ ਹੀ ਪਹਾੜ ਬਣੇ ਤੇ ਜੁਗ ਪੈਦਾ ਹੋਏ ਹਨ। ਓਅੰਕਾਰ ਤੋਂ ਹੀ ਬੇਦਾਂ ਦਾ ਨਿਰਮਾਣ ਹੋਇਆ ਹੈ।

ਅੰਗ ੯੩੦ = ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥ ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥੧॥ ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥ ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥੧॥ਰਹਾਉ॥ ਸਸੈ ਸਭੁ ਜਗੁ ਸਹਜਿ ਉਪਾਇਆ, ਤੀਨਿ ਭਵਨ ਇਕ ਜੋਤੀ ॥ ਗੁਰਮੁਖਿ ਵਸਤੁ ਪਰਾਪਤਿ ਹੋਵੈ, ਚੁਣਿ ਲੈ ਮਾਣਕ ਮੋਤੀ ॥ ਸਮਝੈ ਸੂਝੈ ਪੜਿ ਪੜਿ ਬੂਝੈ, ਅੰਤਿ ਨਿਰੰਤਰਿ ਸਾਚਾ ॥ ਗੁਰਮੁਖਿ ਦੇਖੈ ਸਾਚੁ ਸਮਾਲੇ, ਬਿਨੁ ਸਾਚੇ ਜਗੁ ਕਾਚਾ ॥੨॥ਓਅੰਕਾਰ ਤੋਂ ਹੀ (ਬਹੁਤ ਜੀਵ ਗੁਰੂ ਦੇ) ਸ਼ਬਦ ਵਿਚ ਲੀਨ ਹੋ ਕੇ (ਭਵਜਲ ਵਿਚ ਡੁਬਣ ਤੋਂ) ਬਚ ਗਏ ਹਨ। ਓਅੰਕਾਰ ਤੋਂ ਹੀ ਗੁਰਮੁਖ (ਸੰਸਾਰ ਸਮੁੰਦਰ ਤੋਂ) ਤਰ ਗਏ ਹਨ। (ਹੇ ਪੰਡਤ! ਤੁਸੀਂ ਬੱਚਿਆਂ ਤੋਂ ਫੱਟੀ ਤੇ) ਓਨਮ ਅੱਖਰ ਲਿਖਾਉਂਦੇ ਹੋ, (ਸਾਥੋਂ ਉਸ ਓਨਮ) ਅੱਖਰ ਦਾ ਬਿਚਾਰ ਸੁਣੋ। (ਇਹ) ਓਨਮ ਅੱਖਰ ਤਿੰਨਾਂ ਲੋਕਾਂ ਦਾ ਮੂਲ ਤੱਤ ਹੈ।੧। ਹੇ ਪੰਡਤ! ਸੁਣ, ਤੂੰ ਕੀ ਸੰਸਾਰ ਦੇ ਧੰਧਿਆਂ ਵਾਲੇ ਅੱਖਰ ਲਿਖ ਰਿਹਾ ਹੈਂ? (ਜੇ ਅਪਣਾ ਜੀਵਨ ਸਫਲ ਕਰਨਾ ਹੈ, ਤਾਂ ਤੂੰ) ਗੁਰੂ ਦੀ ਸਰਣ ਵਿਚ ਪੈ ਕੇ ਸ੍ਰਿਸ਼ਟੀ ਦੀ ਪਾਲਣਾ ਕਰਨ ਵਾਲੇ ਪ੍ਰਭੂ ਦਾ ਰਾਮ ਨਾਮ ਲਿਖ।੧। ਰਹਾਉ। ਸੱਸੇ ਅੱਖਰ ਦੁਆਰਾ (ਗੁਰੂ ਜੀ) ਉਪਦੇਸ਼ ਦੇਂਦੇ ਹਨ ਕਿ ਸਾਰਾ ਜਗਤ (ਉਸ ਪ੍ਰਭੂ ਨੇ) ਸੁਤੇ ਸਿਧ ਹੀ ਪੈਦਾ ਕੀਤਾ ਹੈ ਅਤੇ ਤਿੰਨਾਂ ਭਵਨਾਂ ਵਿਚ (ਉਸ ਦੀ) ਇਕੋ ਜੋਤ ਪਸਰ ਰਹੀ ਹੈ। (ਜਿਸ ਮਨੁੱਖ ਨੂੰ) ਗੁਰੂ ਦੁਆਰਾ ਨਾਮ ਪਦਾਰਥ ਪ੍ਰਾਪਤ ਹੁੰਦਾ ਹੈ, (ਉਹ ਨਾਮ ਰੂਪ) ਮਾਣਕ ਮੋਤੀ ਚੁਣ ਲੈਂਦਾ ਹੈ। (ਉਹ ਗੁਰੂ ਦੀ ਬਾਣੀ ਦੁਆਰਾ) ਸਮਝਦਾ ਹੈ, ਬੁਝਦਾ ਹੈ, ਪੜ੍ਹ ਪੜ੍ਹ ਕੇ ਅੰਤ ਵਿਚ (ਉਸ ਨੂੰ) ਸਮਝ ਸਮਝ ਪੈਂਦੀ ਹੈ ਕਿ ਸੱਚਾ ਪ੍ਰਭੂ ਸਾਰੇ ਜੀਵਾਂ ਦੇ ਅੰਦਰ ਮੌਜੂਦ ਹੈ। (ਫਿਰ ਉਹ) ਗੁਰੂ ਰਾਹੀਂ ਸੱਚੇ ਪ੍ਰਭੂ ਸਿਮਰਦਾ ਹੈ, (ਸਭ ਜਗ੍ਹਾ) ਪ੍ਰਭੂ ਨੂੰ ਦੇਖਦਾ ਹੈ, (ਉਸ ਨੂੰ) ਸੱਚੇ ਪ੍ਰਭੂ ਤੋਂ ਬਿਨਾ ਜਗਤ ਕੱਚਾ ਦਿਸਦਾ ਹੈ।੨।

ਪਦਾਰਥ = ਓਅੰਕਾਰਿ-ਇਕ ਰਸ ਸਰਬ ਵਿਆਪਕ ਪ੍ਰਮਾਤਮਾ ਤੋਂ। ਉਤਪਤਿ-ਜਨਮ ਹੋਇਆ। ਓਅੰਕਾਰੁ-ਪ੍ਰਮਾਤਮਾ ਨੂੰ। ਕੀਆ-ਯਾਦ ਕੀਤਾ (ਸਿਮਰਿਆ)। ਜਿਨਿ-ਜਿਸ (ਬ੍ਰਹਮਾ) ਨੇ। ਚਿਤਿ-ਚਿਤ ਵਿਚ। ਸੈਲ-ਪਹਾੜ। ਜੁਗ-ਚਾਰੇ ਜੁਗ (ਸਮੇਂ ਦੀ ਵੰਡ) ਭਏ-ਹੋਏ; ਬਣੇ। ਨਿਰਮਏ-ਰਚੇ ਗਏ। ਸਬਦਿ-(ਗੁਰੂ ਦੇ) ਸ਼ਬਦ ਵਿਚ ਜੁੜ ਕੇ। ਉਧਰੇ-(ਜੀਵ ਡੁਬਣੋਂ) ਬਚ ਗਏ; ਮੁਕਤ ਹੋ ਗਏ। ਗੁਰਮੁਖਿ-ਗੁਰੂ ਦੀ ਸਰਣ ਵਿਚ ਪਿਆ ਮਨੁੱਖ। ਓਨਮ-ਓਮ ਨਮੋ; ਓਅੰ ਨਮਹ ਦਾ ਸੰਖੇਪ ਹੈ ਭਾਵ ਪ੍ਰਮਾਤਮਾ ਨੂੰ ਨਮਸ਼ਕਾਰ ਹੈ। ਤ੍ਰਿਭਵਣ ਸਾਰੁ-ਤਿੰਨਾਂ ਲੋਕਾਂ ਦਾ ਮੂਲ ਤੱਤ (ਜਿਸ ਓਅੰ ਤੋਂ ਸਾਰੀ ਸ੍ਰਿਸ਼ਟੀ ਪੈਦਾ ਹੋਈ)।੧। ਸਸੈ-ਸੱਸੇ ਅੱਖਰ ਦੁਆਰਾ। ਸਹਜਿ-ਸੁਭਾਵਕ ਹੀ (ਅਪਣੀ ਮੌਜ ਵਿਚ ਬਿਨਾ ਕਿਸੇ ਉਦਮ ਦੇ)। ਉਪਾਇਆ-ਪੈਦਾ ਕੀਤਾ। ਤੀਨਿ ਭਵਨ-ਤਿੰਨ ਲੋਕ (ਮਾਤ ਲੋਕ. ਪ੍ਰਲੋਕ ਤੇ ਪਤਾਲ)। ਇਕ ਜੋਤੀ-ਇਕ ਪ੍ਰਭੂ ਦੀ ਜੋਤ। ਗੁਰਮੁਖਿ-ਗੁਰੂ ਦੁਆਰਾ। ਵਸਤੁ-ਨਾਮ ਪਦਾਰਥ। ਚੁਣਿ ਲੈ-ਚੁਣ ਲੈਂਦਾ (ਇਕੱਠਾ ਕਰਦਾ) ਹੈ। ਮਾਣਕ ਮੋਤੀ-ਅਮੋਲਕ ਨਾਮ ਧਨ। ਪੜਿ ਪੜਿ-ਬਾਰ ਬਾਰ ਪੜ੍ਹ ਕੇ। ਅੰਤਿ-ਅਖੀਰ ਨੂੰ। ਨਿਰੰਤਰਿ-ਹਿਰਦੇ ਅੰਦਰ; ਇਕ ਰਸ। ਸਾਚਾ-ਸੱਚਾ ਪ੍ਰਭੂ। ਸਾਚੁ ਸਮਾਲੇ-ਸੱਚੇ ਪ੍ਰਭੂ ਨੂੰ ਸਿਮਰਦਾ ਹੈ। ਕਾਚਾ-ਕੱਚਾ (ਨਾਸ਼ਵੰਤ)।੨।

ਧਧੈ ਧਰਮੁ ਧਰੇ ਧਰਮਾ ਪੁਰਿ, ਗੁਣਕਾਰੀ ਮਨੁ ਧੀਰਾ ॥ ਧਧੈ ਧੂਲਿ ਪੜੈ ਮੁਖਿ ਮਸਤਕਿ, ਕੰਚਨ ਭਏ ਮਨੂਰਾ ॥ ਧਨੁ ਧਰਣੀਧਰੁ ਆਪਿ ਅਜੋਨੀ, ਤੋਲਿ ਬੋਲਿ ਸਚੁ ਪੂਰਾ ॥ ਕਰਤੇ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰੁ ਸੂਰਾ ॥੩॥ ਙਿਆਨੁ ਗਵਾਇਆ ਦੂਜਾ ਭਾਇਆ, ਗਰਬਿ ਗਲੇ ਬਿਖੁ ਖਾਇਆ ॥ ਗੁਰ ਰਸੁ ਗੀਤ ਬਾਦ, ਨਹੀ ਭਾਵੈ ਸੁਣੀਐ, ਗਹਿਰ ਗੰਭੀਰੁ ਗਵਾਇਆ ॥ ਗੁਰਿ ਸਚੁ ਕਹਿਆ ਅਮ੍ਰਿਤੁ ਲਹਿਆ, ਮਨਿ ਤਨਿ ਸਾਚੁ ਸੁਖਾਇਆ ॥ ਆਪੇ ਗੁਰਮੁਖਿ ਆਪੇ ਦੇਵੈ, ਆਪੇ ਅਮ੍ਰਿਤੁ ਪੀਆਇਆ ॥੪॥ ਏਕੋ ਏਕੁ ਕਹੈ ਸਭੁ ਕੋਈ, ਹਉਮੈ ਗਰਬੁ ਵਿਆਪੈ ॥ ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ ਸਿਞਾਪੈ ॥ ਪ੍ਰਭੁ ਨੇੜੈ ਹਰਿ ਦੂਰਿ

ਨ ਜਾਣਹੁ ,ਏਕੋ ਸ੍ਰਿਸਟਿ ਸਬਾਈ ॥ ਏਕੰਕਾਰੁ ਅਵਰੁ ਨਹੀ ਦੂਜਾ, ਨਾਨਕ ਏਕੁ ਸਮਾਈ ॥੫॥ ਧੱਧੇ ਅੱਖਰ ਦੁਆਰਾ ਉਪਦੇਸ਼ ਹੈ ਕਿ ਧਰਮ ਦੀ ਪੁਰੀ (ਧਰਮਸਾਲ) ਵਿਚ ਰਹਿ ਕੇ (ਜੋ ਮਨੁੱਖ) ਧਰਮ ਨੂੰ ਧਾਰਨ ਕਰਦਾ ਹੈ, (ਉਹ ਦੂਜਿਆਂ ਵਿਚ) ਗੁਣ ਪੈਦਾ ਕਰਨ ਵਾਲਾ ਹੈ ਅਤੇ (ਉਸ ਦਾ) ਮਨ ਧੀਰਜਵਾਨ ਹੁੰਦਾ ਹੈ। ਧੱਧੇ ਅੱਖਰ ਦੁਆਰਾ ਉਪਦੇਸ਼ ਹੈ (ਕਿ ਜਿਨ੍ਹਾਂ ਦੇ) ਮੂੰਹ ਮੱਥੇ ਉਤੇ ਸਤਿਗੁਰੂ ਦੇ ਚਰਨਾਂ ਦੀ ਧੂੜ ਪੈ ਜਾਵੇ, (ਉਹ) ਨਿਕੰਮੇ ਲੋਹੇ ਵਰਗੇ (ਮਨੁੱਖ) ਸੋਨਾ (ਨਿਰਮਲ) ਹੋ ਜਾਂਦੇ ਹਨ। ਧਰਤੀ ਦਾ ਸਹਾਰਾ ਪ੍ਰਭੂ ਧੰਨ ਹੈ, ਜੋ ਆਪ ਅਜੋਨੀ ਹੈ ਅਤੇ ਤੋਲ ਵਿਚ ਪੂਰਾ ਤੇ ਬੋਲ ਵਿਚ ਸੱਚਾ ਹੈ। ਕਰਤਾਰ ਦੀ ਮਰਿਆਦਾ ਕਰਤਾਰ ਹੀ ਜਾਣਦਾ ਹੈ ਜਾਂ (ਕਰਤਾਰ ਦਾ ਸਰੂਪ) ਗੁਰੂ ਸੂਰਬੀਰ ਜਾਣਦਾ ਹੈ (ਕਿ ਕਿਸ ਵਿਧੀ ਨਾਲ ਸੰਸਾਰ ਰਚਿਆ ਹੈ)।੩। ਙੰਙੇ ਅੱਖਰ ਦਾ ਉਪਦੇਸ਼ ਹੈ ਕਿ (ਜਿਸ ਮਨੁੱਖ ਨੂੰ) ਦ੍ਵੈਤ ਭਾਵ ਚੰਗਾ ਲੱਗਾ ਹੈ, (ਉਸ ਨੇ ਗੁਰੂ ਦਾ) ਗਿਆਨ ਗਵਾ ਲਿਆ ਹੈ, (ਉਸ ਨੇ) ਵਿਸ਼ਿਆਂ ਰੂਪ ਜਹਿਰ ਖਾਧਾ ਹੈ, (ਜਿਸ ਕਰਕੇ ਉਹ) ਹੰਕਾਰ ਵਿਚ ਗਲ ਸੜ ਗਿਆ ਹੈ। (ਕਿਉਂਕਿ ਉਸ ਨੂੰ) ਨਾ ਗੁਰੂ ਦੇ ਗੀਤਾਂ (ਗੁਰਬਾਣੀ) ਦਾ ਰਸ ਚੰਗਾ ਲਗਦਾ ਹੈ, ਨਾ ਹੀ (ਉਹ ਗੁਰੂ ਦੇ) ਬਚਨ ਸੁਣਨਾ ਚਾਹੁੰਦਾ ਹੈ, (ਇਸ ਤਰ੍ਹਾਂ ਉਸ ਨੇ) ਅਥਾਹ ਗੁਣਾਂ ਦੇ ਮਾਲਕ ਪ੍ਰਭੂ ਨੂੰ ਗਵਾ ਲਿਆ ਹੈ (ਰੱਬ ਤੋਂ ਦੂਰ ਹੋ ਗਿਆ ਹੈ। ਜਿਸ ਮਨੁੱਖ ਨੇ) ਗੁਰੂ ਦੁਆਰਾ ਸੱਚੇ ਪ੍ਰਭੂ ਨੂੰ ਕਿਹਾ (ਸਿਮਰਿਆ) ਹੈ, (ਉਸ ਨੇ) ਅੰਮ੍ਰਿਤ ਲੱਭ ਲਿਆ ਹੈ, (ਉਸ ਦੇ) ਮਨ ਤੇ ਤਨ ਵਿਚ ਸੱਚਾ ਪ੍ਰਭੂ ਪਿਆਰਾ ਲਗਦਾ ਹੈ। ਪ੍ਰਭੂ ਆਪ ਹੀ ਗੁਰੂ ਰੂਪ ਹੈ, ਆਪ ਹੀ (ਗੁਰੂ ਰੂਪ ਹੋ ਕੇ) ਉਪਦੇਸ਼ ਦੇਂਦਾ ਹੈ, ਆਪ ਹੀ (ਸਿੱਖਾਂ ਨੂੰ ਉਹ) ਨਾਮ ਅੰਮ੍ਰਿਤ ਪਿਲਾਉਂਦਾ ਹੈ।੪। (ਹੇ ਪੰਡਤ! ਕਹਿਣ ਨੂੰ ਤਾਂ) ਸਭ ਕੋਈ ਕਹਿੰਦਾ ਹੈ ਕਿ ਇਕੋ ਇਕ ਪ੍ਰਭੂ ਹੈ, (ਪਰ ਉਨ੍ਹਾਂ ਨੂੰ) ਦੇਹ ਦਾ ਹੰਕਾਰ ਤੇ ਧਨ ਦਾ ਹੰਕਾਰ ਵਿਆਪ ਰਿਹਾ ਹੈ। (ਜੇ ਕੋਈ ਮਨੁੱਖ) ਪਛਾਣ ਲਵੇ ਕਿ (ਸਭ ਜੀਵਾਂ ਦੇ) ਅੰਦਰ ਤੇ ਬਾਹਰ ਸੰਸਾਰ ਵਿਚ ਇਕੋ ਪ੍ਰਭੂ ਵਿਆਪਕ ਹੈ, ਇਸ ਤਰ੍ਹਾਂ (ਉਹ ਪ੍ਰਭੂ ਦੇ) ਟਿਕਾਣੇ ਨੂੰ ਪਛਾਣ ਲੈਂਦਾ ਹੈ। ਪ੍ਰਭੂ (ਸਭ ਦੇ) ਨੇੜੇ ਹੈ, (ਉਸ) ਹਰੀ ਨੂੰ ਦੂਰ ਨਾ ਜਾਣੋ, ਸਾਰੀ ਸ੍ਰਿਸਟੀ ਵਿਚ ਇਕੋ ਪ੍ਰਭੂ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਇਕੋ ਪ੍ਰਭੂ ਸਭ ਜਗ੍ਹਾ ਸਮਾ ਰਿਹਾ ਹੈ, ਇਕ ਸਰਬ ਵਿਆਪਕ ਪ੍ਰਭੂ ਤੋਂ ਬਿਨਾ ਦੂਜਾ ਹੋਰ ਕੋਈ ਨਹੀਂ।੫।

ਪਦਾਰਥ = ਧਧੈ–ਧੱਧੇ ਅੱਖਰ ਦੁਆਰਾ। ਧਰਮੁ ਧਰੇ–ਧਰਮ ਨੂੰ ਧਾਰਨ ਕਰਦਾ ਹੈ। ਗੁਣਕਾਰੀ–ਗੁਣ ਪੈਦਾ ਕਰਨ ਵਾਲਾ। ਧੀਰਾ–ਧੀਰਜਵਾਨ। ਧੂਲਿ–ਚਰਨ ਧੂੜ। ਮੁਖਿ ਮਸਤਕਿ–ਮੂੰਹ ਮੱਥੇ ਉਤੇ। ਕੰਚਨ–ਸੋਨਾ। ਭਏ–ਹੋ ਜਾਂਦੇ ਹਨ। ਮਨੂਰਾ–ਨਿਕੰਮਾ ਲੋਹਾ। ਧਨੁ–ਧੰਨ ਹੈ। ਧਰਣੀ ਧਰੁ–ਧਰਤੀ ਦਾ ਆਸਰਾ ਪ੍ਰਭੂ। ਅਜੋਨੀ–ਜੂਨਾਂ ਵਿਚ ਨਾ ਪੈਣ ਵਾਲਾ। ਤੋਲਿ–ਵਿਚਾਰ ਵਿਚ। ਬੋਲਿ–ਬਚਨਾਂ ਵਿਚ। ਕਰਤੇ ਕੀ–ਕਰਤਾਰ ਦੀ। ਮਿਤਿ–ਮਰਿਆਦਾ; ਵਡਿਆਈ; ਮਿਣਤੀ। ਕੈ–ਜਾਂ। ਸੂਰਾ–ਸੂਰਬੀਰ।੩। ਙਿਆਨੁ–(ਗੁਰੂ ਦਾ) ਗਿਆਨ। ਦੂਜਾ–ਦ੍ਵੈਤ ਭਾਵ (ਗੁਰੂ ਦੇ ਗਿਆਨ ਤੋਂ ਬਿਨਾ ਕਿਸੇ ਦੂਜੇ ਦਾ ਪਿਆਰ)। ਭਾਇਆ–ਚੰਗਾ ਲਗਦਾ ਹੈ। ਗਰਬਿ–ਹੰਕਾਰ ਵਿਚ। ਗਲੇ–ਗਲ ਸੜ ਗਿਆ ਹੈ। ਬਿਖੁ–ਵਿਸ਼ੇ ਵਿਕਾਰਾਂ ਦੀ ਜਹਿਰ। ਗੁਰ ਰਸੁ ਗੀਤ–ਗੁਰੂ ਦੇ ਗੀਤਾਂ (ਬਾਣੀ) ਦਾ ਅਨੰਦ। ਬਾਦ–ਕਥਨ; ਬਚਨ। ਨਹੀ ਭਾਵੈ ਸੁਣੀਐ–ਸੁਣਨਾ ਨਹੀਂ ਚਾਹੁੰਦਾ। ਗਹਿਰ ਗੰਭੀਰੁ–ਅਥਾਹ ਗੁਣਾਂ ਦਾ ਮਾਲਕ ਪ੍ਰਭੂ। ਗੁਰਿ–ਗੁਰੂ ਰਾਹੀਂ। ਸਚੁ ਕਹਿਆ–ਸਚੁ ਸਰੂਪ ਪ੍ਰਭੂ ਨੂੰ ਸਿਮਰਿਆ ਹੈ। ਲਹਿਆ–ਲੱਭ ਲਿਆ ਹੈ। ਮਨਿ–ਮਨ ਵਿਚ। ਤਨਿ–ਸਰੀਰ ਵਿਚ। ਸਾਚੁ ਸੁਖਾਇਆ–ਸੱਚਾ ਪ੍ਰਭੂ ਪਿਆਰਾ ਲਗਦਾ ਹੈ। ਗੁਰਮੁਖਿ–ਗੁਰੂ; ਗੁਰੂ ਦੇ ਰਾਹੀਂ। ਆਪੇ–ਪ੍ਰਭੂ ਆਪ ਹੀ।੪। ਏਕੋ ਏਕੁ–ਇਕੋ ਇਕ ਪ੍ਰਭੂ। ਸਭੁ ਕੋਈ–ਹਰੇਕ ਮਨੁੱਖ। ਗਰਬੁ–ਹੰਕਾਰ। ਵਿਆਪੈ–ਵਿਆਪ ਰਹੇ ਹਨ। ਅੰਤਰਿ–ਹਿਰਦੇ ਅੰਦਰ। ਬਾਹਰਿ–ਬਾਹਰ ਸੰਸਾਰ ਵਿਚ। ਏਕੁ–ਇਕ ਪ੍ਰਭੂ ਨੂੰ। ਘਰੁ ਮਹਲੁ–ਪ੍ਰਭੂ ਦਾ ਟਿਕਾਣਾ। ਸਿਞਾਪੈ–ਪਛਾਣ ਲੈਂਦਾ ਹੈ। ਸ੍ਰਿਸਟਿ ਸਬਾਈ–ਸਾਰੀ ਸ੍ਰਿਸਟੀ ਵਿਚ। ਏਕੰਕਾਰੁ–ਸਰਬ ਵਿਆਪਕ ਪ੍ਰਮਾਤਮਾ। ਅਵਰੁ–ਹੋਰ ਕੋਈ। ਸਮਾਈ–ਸਮਾ ਰਿਹਾ ਹੈ।੫।

ਇਸੁ ਕਰਤੇ ਕਉ ਕਿਉ ਗਹਿ ਰਾਖਉ ,ਅਫਰਿਓ ਤੁਲਿਓ ਨ ਜਾਈ ॥ ਮਾਇਆ ਕੇ ਦੇਵਾਨੇ ਪ੍ਰਾਣੀ, ਝੂਠਿ ਠਗਉਰੀ ਪਾਈ ॥ ਲਬਿ ਲੋਭਿ ਮੁਹਤਾਜਿ ਵਿਗੂਤੇ, ਇਬ ਤਬ ਫਿਰਿ ਪਛੁਤਾਈ ॥ ਏਕੁ ਸਰੇਵੈ ਤਾ ਗਤਿ ਮਿਤਿ ਪਾਵੈ, ਆਵਣੁ ਜਾਣੁ ਰਹਾਈ ॥੬॥ ਏਕੁ ਅਚਾਰੁ ਰੰਗੁ ਇਕੁ ਰੂਪੁ ॥ ਪਉਣ ਪਾਣੀ ਅਗਨੀ ਅਸਰੂਪੁ ॥ ਏਕੋ ਭਵਰੁ ਭਵੈ ਤਿਹੁ ਲੋਇ ॥ ਏਕੋ ਬੂਝੈ ਸੂਝੈ ਪਤਿ ਹੋਇ ॥ ਗਿਆਨੁ ਧਿਆਨੁ ਲੇ ਸਮਸਰਿ ਰਹੈ ॥ ਗੁਰਮੁਖਿ ਏਕੁ ਵਿਰਲਾ ਕੋ ਲਹੈ ॥ ਜਿਸ ਨੋ ਦੇਇ ਕਿਰਪਾ ਤੇ ਸੁਖੁ ਪਾਏ ॥ ਗੁਰੂ ਦੁਆਰੈ ਆਖਿ ਸੁਣਾਏ ॥੭॥ ਊਰਮ ਧੂਰਮ ਜੋਤਿ ਉਜਾਲਾ ॥ ਤੀਨਿ ਭਵਣ ਮਹਿ ਗੁਰ ਗੋਪਾਲਾ ॥ ਊਗਵਿਆ ਅਸਰੂਪ ਦਿਖਾਵੈ ॥ ਕਰਿ ਕਿਰਪਾ ਅਪੁਨੈ ਘਰਿ ਆਵੈ ॥ ਊਨਵਿ ਬਰਸੈ ਨੀਝਰ ਧਾਰਾ ॥ ਊਤਮ ਸਬਦਿ ਸਵਾਰਣਹਾਰਾ ॥ ਇਸੁ ਏਕੇ ਕਾ ਜਾਣੈ ਭੇਉ ॥ ਆਪੇ ਕਰਤਾ ਆਪੇ ਦੇਉ ॥੮॥ (ਹੇ ਪੰਡਤ! ਮਨ ਵਿਚ ਹੰਕਾਰ ਹੋਣ ਕਰਕੇ) ਇਸ ਕਰਤਾਰ ਨੂੰ ਕਿਵੇਂ ਫੜ (ਹਿਰਦੇ ਵਿਚ ਟਿਕਾ) ਕੇ ਰਖ

ਸਕੋਗੇ? ਉਹ ਫੜਿਆ (ਮਨ ਵਿਚ ਵਸਾਇਆ) ਨਹੀਂ ਜਾ ਸਕਦਾ ਅਤੇ ਨਾ ਹੀ ਉਹ ਤੋਲਿਆ ਜਾ ਸਕਦਾ ਹੈ (ਉਸ ਦੀ ਕੀਮਤ ਨਹੀਂ ਪੈ ਸਕਦੀ)। ਮਾਇਆ ਦੇ ਦਿਵਾਨੇ ਪ੍ਰਾਣੀ ਨੂੰ ਝੂਠੀ ਨੇ ਠਗ ਬੂਟੀ ਪਾਈ ਹੋਈ ਹੈ। (ਉਹ) ਲੋਭ ਲਾਲਚ ਤੇ ਪਰਾਈ ਮੁਹਤਾਜੀ ਵਿਚ ਖਰਾਬ ਹੋ ਰਿਹਾ ਹੈ, ਹੁਣ ਤੇ ਅੰਤ ਸਮੇਂ ਫਿਰ (ਸਦਾ) ਪਛਤਾਉਂਦਾ ਹੈ। (ਜੋ ਮਨੁੱਖ) ਇਕ ਪ੍ਰਭੂ ਨੂੰ ਸਿਮਰਦਾ ਹੈ, ਉਹ ਮੁਕਤੀ ਹਾਸਲ ਕਰਨ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ, (ਜਿਸ ਨਾਲ ਉਸ ਦਾ) ਜੰਮਣਾ ਮਰਨਾ ਮੁੱਕ ਜਾਂਦਾ ਹੈ।੬। (ਹੇ ਪੰਡਤ!) ਇਕ ਪ੍ਰਭੂ ਹੀ ਕਰਮ ਰੂਪ ਹੈ, ਉਹ ਇਕ ਹੀ ਰੰਗ ਤੇ ਇਕ ਰੂਪ ਹੋ ਕੇ ਵਰਤ ਰਿਹਾ ਹੈ। ਪ੍ਰਭੂ ਆਪ ਹੀ ਪੌਣ ਪਾਣੀ ਤੇ ਅਗਨੀ ਰੂਪ ਹੈ (ਹਵਾ, ਪਾਣੀ ਤੇ ਅੱਗ ਉਸੇ ਦਾ ਅਕਾਰ ਹੈ)। ਇਕੋ ਪ੍ਰਭੂ ਜੀਵਾਤਮਾ ਹੋ ਕੇ ਤਿੰਨਾਂ ਲੋਕਾਂ ਵਿਚ ਫਿਰ ਰਿਹਾ ਹੈ। (ਜਿਹੜਾ ਮਨੁੱਖ) ਇਕ ਪ੍ਰਭੂ ਨੂੰ ਸਭ ਜਗ੍ਹਾ ਵਿਆਪਕ ਸਮਝਦਾ ਤੇ ਦੇਖਦਾ ਹੈ, (ਉਸ ਦੀ ਲੋਕ ਪ੍ਰਲੋਕ ਵਿਚ) ਇੱਜਤ ਹੁੰਦੀ ਹੈ। (ਜੋ ਮਨੁੱਖ ਉਸ ਦਾ) ਗਿਆਨ ਤੇ ਧਿਆਨ ਲੈ ਕੇ ਇਕੋ ਜਿਹਾ (ਸਮਦ੍ਰਿਸ਼ਟੀ ਵਾਲਾ) ਰਹਿੰਦਾ ਹੈ। ਉਹ ਕੋਈ ਵਿਰਲਾ ਹੈ, ਜੋ ਗੁਰੂ ਦੁਆਰਾ ਇਕ ਪ੍ਰਭੂ ਨੂੰ ਲੱਭਦਾ ਹੈ। ਜਿਸ ਮਨੁੱਖ ਨੂੰ (ਪ੍ਰਭੂ ਇਹ ਦਾਤ) ਦੇਂਦਾ ਹੈ, (ਉਹ) ਪ੍ਰਭੂ ਦੀ ਕਿਰਪਾ ਨਾਲ ਸੁਖ ਪਾਉਂਦਾ ਹੈ। (ਉਸ ਨੂੰ ਇਹ ਉਪਦੇਸ਼ ਪ੍ਰਭੂ) ਗੁਰੂ ਦੁਆਰਾ ਆਖ ਕੇ ਸੁਣਾਉਂਦਾ ਹੈ।੭। (ਏਥੇ ਤਕ ਤਿੰਨ ਪਉੜੀਆਂ ਵਿਚ ਈੜੀ ਅੱਖਰ ਰਾਹੀਂ ਉਪਦੇਸ਼ ਹੈ। ਅੱਗੇ ਊੜੇ ਅੱਖਰ ਦਾ ਉਪਦੇਸ਼ ਹੈ। ਹੇ ਪੰਡਤ!) ਪ੍ਰਿਥਵੀ ਤੇ ਅਕਾਸ਼ ਵਿਚ ਪ੍ਰਭੂ ਦੀ ਜੋਤ ਦਾ ਹੀ ਉਜਾਲਾ ਹੈ। ਗੁਰੂ ਪ੍ਰਮੇਸ਼ਰ ਤਿੰਨਾਂ ਲੋਕਾਂ ਵਿਚ ਵਿਆਪਕ ਹੈ। ਗੁਰੂ ਦੁਆਰਾ ਪ੍ਰਗਟ ਹੋ ਕੇ (ਉਹ ਅਪਣਾ) ਸਰੂਪ ਦਿਖਾਉਂਦਾ ਹੈ। (ਤਦ) ਕ੍ਰਿਪਾ ਕਰਕੇ ਅਪਣੇ ਗੁਰਮੁਖਾਂ ਦੇ ਹਿਰਦੇ ਵਿਚ ਆਉਂਦਾ ਹੈ। (ਉਹ ਗੁਰਮੁਖਾਂ ਦੇ ਹਿਰਦੇ ਅੰਦਰ) ਝੁਕ ਕੇ ਨਾਮ ਬਾਣੀ ਦੀ ਇਕ ਰਸ ਵਰਖਾ ਕਰਦਾ ਹੈ। (ਇਸ ਤਰ੍ਹਾਂ ਉਹ) ਉਤਮ ਸ਼ਬਦ ਦੁਆਰਾ (ਗੁਰਮੁਖਾਂ ਦੇ ਜੀਵਨ ਨੂੰ) ਸਵਾਰਨ ਵਾਲਾ ਹੈ। ਇਸ ਇਕ ਪ੍ਰਭੂ ਦਾ ਭੇਦ (ਜੋ ਮਨੁੱਖ) ਜਾਣ ਲੈਂਦਾ ਹੈ। (ਉਸ ਨੂੰ ਗਿਆਨ ਹੋ ਜਾਂਦਾ ਹੈ ਕਿ) ਪ੍ਰਭੂ ਆਪ ਹੀ ਜਗਤ ਦਾ ਕਰਤਾ ਹੈ ਅਤੇ ਆਪ ਹੀ (ਜਗਤ ਨੂੰ) ਪ੍ਰਕਾਸ਼ ਦੇਣ ਵਾਲਾ ਹੈ।੮।

ਪਦਾਰਥ = ਕਰਤੇ ਕਉ–ਕਰਤਾਰ ਨੂੰ। ਗਹਿ ਰਾਖਉ–ਫੜ (ਹਿਰਦੇ ਵਿਚ ਟਿਕਾ) ਕੇ ਰਖ ਸਕੋਗੇ। ਅਫਰਿਓ–ਫੜਿਆ (ਹਿਰਦੇ ਵਿਚ ਵਸਾਇਆ) ਨਹੀਂ ਜਾ ਸਕਦਾ। ਤੁਲਿਓ ਨ ਜਾਈ–ਤੋਲਿਆ ਨਹੀਂ ਜਾ ਸਕਦਾ (ਕੀਮਤ ਨਹੀਂ ਪੈ ਸਕਦੀ)। ਦੇਵਾਨੇ–ਮਤਵਾਲੇ ਨੂੰ। ਝੂਠਿ–ਝੂਠ ਨੇ। ਠਗਉਰੀ–ਠਗ ਬੂਟੀ। ਲਬਿ ਲੋਭਿ–ਲੋਭ ਲਾਲਚ ਵਿਚ। ਮਜਤਾਜਿ–ਪਰਾਈ ਅਧੀਨਗੀ ਵਿਚ। ਵਿਗੂਤੇ–ਖਰਾਬ ਹੁੰਦੇ ਹਨ। ਇਬ ਤਬ–ਹੁਣ ਤੇ ਅੰਤ ਵਿਚ। ਫਿਰਿ–ਮੁੜ ਕੇ। ਏਕੁ ਸਰੇਵੈ–ਇਕ ਪ੍ਰਭੂ ਨੂੰ ਸਿਮਰਦਾ ਹੈ। ਗਤਿ ਮਿਤਿ–ਮੁਕਤੀ ਦਾ ਗਿਆਨ। ਆਵਣੁ ਜਾਣੁ–ਆਉਣਾ ਜਾਣਾ (ਜੰਮਣਾ ਮਰਨਾ)। ਰਹਾਈ–ਮੁੱਕ ਜਾਂਦਾ ਹੈ।੬। ਏਕੁ–ਇਕ ਪ੍ਰਭੂ ਹੀ। ਅਚਾਰੁ–ਕਰਮ; ਕਾਰ ਵਿਹਾਰ। ਰੂਪੁ–ਅਕਾਰ; ਸ਼ਕਲ। ਅਸਰੂਪੁ–ਸਰੂਪ; ਅਕਾਰ। ਭਵਰੁ–ਜੀਵਾਤਮਾ। ਭਵੈ–ਫਿਰ (ਵਿਆਪਕ ਹੋ) ਰਿਹਾ ਹੈ। ਤਿਹੁ ਲੋਇ–ਤਿੰਨਾਂ ਲੋਕਾਂ (ਸਾਰੇ ਜਗਤ) ਵਿਚ। ਬੂਝੈ–ਸਮਝਦਾ ਹੈ। ਸੂਝੈ–ਦੇਖਦਾ ਹੈ। ਪਤਿ–ਇੱਜਤ। ਲੇ–ਲੈ ਕੇ। ਸਮਸਰਿ–ਸਭ ਨੂੰ ਇਕੋ ਜਿਹਾ ਦੇਖਣ ਵਾਲਾ। ਗੁਰਮੁਖਿ–ਗੁਰੂ ਰਾਹੀਂ। ਕੋ–ਕੋਈ। ਲਹੈ–ਲੱਭਦਾ ਹੈ। ਨੋ–ਨੂੰ। ਕਿਰਪਾ ਤੇ–ਕ੍ਰਿਪਾ ਨਾਲ। ਪਾਏ–ਪਾਉਂਦਾ ਹੈ। ਆਖਿ–ਆਖ ਕੇ।੭। ਊਰਮ–ਪ੍ਰਿਥਵੀ। ਧੂਰਮ–ਅਕਾਸ਼। ਉਜਾਲਾ–ਚਾਨਣ। ਤੀਨਿ ਭਵਣ ਮਹਿ–ਤਿੰਨ ਲੋਕਾਂ (ਮਾਤ ਲੋਕ, ਪ੍ਰਲੋਕ ਤੇ ਪਤਾਲ) ਵਿਚ। ਗੁਰ ਗੋਪਾਲਾ–ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਗੁਰੂ ਪ੍ਰਮੇਸ਼ਰ। ਊਗਵਿਆ–ਪ੍ਰਗਟ ਹੋ ਕੇ। ਅਸਰੂਪੁ–ਅਪਣਾ ਸਰੂਪ। ਕਰਿ–ਕਰਕੇ। ਅਪਣੇ ਘਰਿ–ਅਪਣੇ ਗੁਰਮੁਖਾਂ ਦੇ ਹਿਰਦੇ ਵਿਚ। ਊਨਵਿ–ਝੁਕ (ਦਿਆਲੂ ਹੋ) ਕੇ; ਨੇੜੇ ਹੋ ਕੇ। ਬਰਸੈ–ਵਰਸਦਾ ਹੈ। ਨੀਝਰ ਧਾਰਾ–ਇਕ ਰਸ ਲਗਾਤਾਰ; ਝੜੀ ਲਾ ਕੇ। ਸਬਦਿ–ਸ਼ਬਦ ਰਾਹੀਂ। ਸਵਾਰਣਹਾਰਾ–(ਜੀਵਨ ਨੂੰ) ਸਵਾਰ ਦੇਣ ਵਾਲਾ। ਏਕੇ ਕਾ–ਇਕ ਪ੍ਰਭੂ ਦਾ। ਭੇਉ–ਭੇਦ। ਕਰਤਾ–ਜਗਤ ਨੂੰ ਪੈਦਾ ਕਰਨ ਵਾਲਾ। ਆਪੇ–ਆਪ ਹੀ। ਦੇਉ–ਪ੍ਰਕਾਸ਼ ਦੇਣ ਵਾਲਾ।੮।

ਉਗਵੈ ਸੂਰੁ ਅਸੁਰ ਸੰਘਾਰੈ ॥ ਊਚਉ ਦੇਖਿ ਸਬਦਿ ਬੀਚਾਰੈ ॥ ਊਪਰਿ ਆਦਿ ਅੰਤਿ ਤਿਹੁ ਲੋਇ ॥ ਆਪੇ ਕਰੈ ਕਥੈ ਸੁਣੈ ਸੋਇ ॥

(ਇਸ ਪਉੜੀ ਵਿਚ ਵੀ ਊੜੇ ਅੱਖਰ ਦਾ ਉਪਦੇਸ਼ ਹੈ। ਹੇ ਪੰਡਤ! ਜਿਸ ਮਨੁੱਖ ਦੇ ਅੰਦਰ) ਗਿਆਨ ਦਾ ਸੂਰਜ ਚੜ੍ਹਦਾ ਹੈ, (ਉਹ) ਕਾਮਾਦਿਕ ਦੈਂਤਾਂ ਨੂੰ ਮਾਰ ਲੈਂਦਾ ਹੈ। (ਉਹ) ਉਚੀ ਨਜਰ ਨਾਲ ਦੇਖ ਕੇ (ਗੁਰੂ ਦੇ) ਸ਼ਬਦ ਦੁਆਰਾ ਵਿਚਾਰ ਕਰਦਾ ਹੈ; (ਉਹ ਗੁਰੂ ਦੇ) ਸ਼ਬਦ ਦੁਆਰਾ ਵਿਚਾਰ ਕਰਕੇ ਸਭ ਤੋਂ ਉਚੇ ਪ੍ਰਭੂ ਨੂੰ ਦੇਖ ਲੈਂਦਾ ਹੈ। (ਫਿਰ ਉਸ ਨੂੰ) ਤਿੰਨਾਂ ਲੋਕਾਂ ਵਿਚ ਸਭ ਤੋਂ ਉਪਰ ਅਤੇ ਆਦਿ ਅੰਤ ਵਿਚ ਇਕ ਹਰੀ ਆਪ ਹੀ (ਕੰਮ ਕਾਜ) ਕਰਦਾ, ਬੋਲਦਾ ਤੇ ਸੁਣਦਾ ਦਿਸਦਾ ਹੈ।

ਅੰਗ ੯੩੧ = ਓਹੁ ਬਿਧਾਤਾ ਮਨੁ ਤਨੁ ਦੇਇ ॥ ਓਹੁ ਬਿਧਾਤਾ ਮਨਿ ਮੁਖਿ ਸੋਇ ॥ ਪ੍ਰਭੁ ਜਗਜੀਵਨੁ ਅਵਰੁ ਨ ਕੋਇ ॥ ਨਾਨਕ ਨਾਮਿ ਰਤੇ ਪਤਿ ਹੋਇ ॥੯॥ ਰਾਜਨ ਰਾਮ ਰਵੈ ਹਿਤਕਾਰਿ ॥ ਰਣ ਮਹਿ ਲੂਝੈ ਮਨੂਆ ਮਾਰਿ ॥ ਰਾਤਿ ਦਿਨੰਤਿ ਰਹੈ ਰੰਗਿ ਰਾਤਾ

॥ ਤੀਨਿ ਭਵਨ ਜੁਗ ਚਾਰੇ ਜਾਤਾ ॥ ਜਿਨਿ ਜਾਤਾ ਸੋ ਤਿਸ ਹੀ ਜੇਹਾ ॥ ਅਤਿ ਨਿਰਮਾਇਲੁ ਸੀਝਸਿ ਦੇਹਾ ॥ ਰਹਸੀ ਰਾਮੁ ਰਿਦੈ ਇਕ ਭਾਇ ॥ ਅੰਤਰਿ ਸਬਦੁ ਸਾਚਿ ਲਿਵ ਲਾਇ ॥੧੦॥ ਉਹ ਜਾਣ ਲੈਂਦਾ ਹੈ ਕਿ ਰਚਨਹਾਰ ਹਰੀ ਹੀ ਜੀਵਾਂ ਨੂੰ ਤਨ ਮਨ ਦੇਂਦਾ ਹੈ। ਉਹ ਰਚਨਹਾਰ ਪ੍ਰਭੂ (ਉਨ੍ਹਾਂ ਦੇ) ਮਨ ਵਿਚ ਹੈ ਤੇ ਉਹ ਹੀ (ਉਨ੍ਹਾਂ ਦੇ ਅੰਦਰ ਵਸਿਆ ਹੋਇਆ) ਮੂੰਹ ਦੁਆਰਾ ਬੋਲਦਾ ਹੈ। ਪ੍ਰਭੂ ਹੀ ਜਗਤ ਦਾ ਜੀਵਨ ਹੈ, (ਉਸ ਤੋਂ ਬਿਨਾ ਜਗਤ ਦਾ ਜੀਵਨ) ਹੋਰ ਕੋਈ ਨਹੀਂ। ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਦੇ) ਨਾਮ ਵਿਚ ਰੰਗੇ ਜਾਣ ਨਾਲ (ਲੋਕ ਪ੍ਰਲੋਕ ਵਿਚ ਜੀਵ ਦੀ) ਇੱਜਤ ਹੁੰਦੀ ਹੈ।੯।(ਰਾਰੇ ਅੱਖਰ ਦਾ ਉਪਦੇਸ਼ ਹੈ। ਹੇ ਪੰਡਤ! ਜੋ ਮਨੁੱਖ) ਰਾਜਾ ਰਾਮ ਦਾ ਪਿਆਰ ਵਾਲਾ ਹੋ ਕੇ (ਉਸ ਦਾ) ਸਿਮਰਨ ਕਰਦਾ ਹੈ, (ਉਹ ਸੰਸਾਰ) ਯੁੱਧ ਵਿਚ (ਕਾਮਾਦਿਕ ਵਿਕਾਰਾਂ ਨਾਲ) ਲੜਦਾ ਹੈ ਤੇ ਮਨ ਦੀਆਂ ਵਾਸ਼ਨਾਂਵਾਂ ਨੂੰ ਮਾਰ ਲੈਂਦਾ ਹੈ। (ਉਹ) ਦਿਨ ਰਾਤ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗਿਆ ਰਹਿੰਦਾ ਹੈ। (ਉਸ ਨੇ) ਤਿੰਨਾਂ ਭਵਨਾਂ ਵਿਚ ਵਿਆਪਕ ਤੇ ਚਾਰੇ ਜੁਗਾਂ ਵਿਚ ਇਕੋ ਜਿਹਾ ਰਹਿਣ ਵਾਲੇ ਪ੍ਰਭੂ ਨੂੰ ਜਾਣ ਲਿਆ ਹੈ। ਜਿਸ ਨੇ (ਪ੍ਰਭੂ ਨੂੰ) ਜਾਣਿਆ ਹੈ, ਉਹ (ਮਨੁੱਖ) ਉਸ ਵਰਗਾ ਹੀ ਹੋ ਜਾਂਦਾ ਹੈ। ਉਹ ਅਤਿਅੰਤ ਪਵਿਤ੍ਰ ਹੋ ਜਾਂਦਾ ਹੈ ਅਤੇ (ਉਸ ਦਾ) ਸਰੀਰ ਭਾਵ ਜੀਵਨ ਸਫਲ ਹੋ ਜਾਂਦਾ ਹੈ। (ਜੋ ਮਨੁੱਖ) ਇਕ ਭਾਵਨਾ ਨਾਲ ਪ੍ਰਭੂ ਨੂੰ ਹਿਰਦੇ ਵਿਚ ਵਸਾਉਂਦਾ ਹੈ, ਉਹ ਖਿੜਿਆ ਰਹਿੰਦਾ ਹੈ। (ਕਿਉਂਕਿ ਉਸ ਦੇ) ਹਿਰਦੇ ਅੰਦਰ ਗੁਰੂ ਦਾ ਸ਼ਬਦ ਟਿਕਿਆ ਹੁੰਦਾ ਹੈ ਅਤੇ (ਉਹ) ਸੱਚੇ ਪ੍ਰਭੂ ਵਿਚ ਲਿਵ ਜੋੜਦਾ ਹੈ।੧੦।

ਪਦਾਰਥ = ਉਗਵੈ-ਉਦੇ ਹੁੰਦਾ ਹੈ। ਸੂਰੁ-ਸੂਰਜ। ਅਸੁਰ-ਕਾਮਾਦਿਕ ਵਿਕਾਰਾਂ ਨੂੰ। ਸੰਘਾਰੈ-ਮਾਰ ਦੇਂਦਾ ਹੈ। ਊਚਉ ਦੇਖਿ-ਉਚੀ ਨਜਰ (ਦੀਰਘ ਦ੍ਰਿਸ਼ਟੀ) ਨਾਲ ਦੇਖ ਕੇ; ਸਭ ਤੋਂ ਉਚੇ ਪ੍ਰਭੂ ਨੂੰ ਦੇਖ ਲੈਂਦਾ ਹੈ। ਸਬਦਿ-ਗੁਰੂ ਦੇ ਸ਼ਬਦ ਦੁਆਰਾ। ਆਦਿ ਅੰਤਿ-ਸ਼ੁਰੂ ਤੋਂ ਅੰਤ ਤਕ। ਤਿਹੁ ਲੋਇ-ਤਿੰਨਾਂ ਲੋਕਾਂ ਵਿਚ। ਆਪੇ-ਹਰੀ ਆਪ ਹੀ। ਕਰੈ-ਕੰਮ ਕਾਜ ਕਰਦਾ ਹੈ। ਕਥੈ-ਬੋਲਦਾ ਹੈ। ਸੋਇ-ਉਹ ਹਰੀ ਹੀ। ਬਿਧਾਤਾ-ਰਚਨਹਾਰ ਪ੍ਰਭੂ; ਕਰਮਾਂ ਅਨੁਸਾਰ ਫਲ ਦੇਣ ਵਾਲਾ ਪ੍ਰਭੂ। ਤਨੁ-ਸਰੀਰ। ਦੇਇ-ਦੇਂਦਾ ਹੈ। ਮਨਿ-ਮਨ ਵਿਚ । ਮੁਖਿ-ਮੂੰਹ ਰਾਹੀਂ। ਜਗਜੀਵਨ-ਜਗਤ ਦਾ ਜੀਵਨ। ਨਾਮਿ ਰਤੇ-ਨਾਮ ਵਿਚ ਰੰਗੇ ਜਾਣ ਨਾਲ। ਪਤਿ-ਇੱਜਤ।੯। ਰਾਜਨ ਰਾਮ-ਪ੍ਰਕਾਸ਼ ਸਰੂਪ ਪ੍ਰਭੂ। ਰਵੈ-ਸਿਮਰਦਾ ਹੈ। ਹਿਤਕਾਰਿ-ਪਿਆਰ ਵਾਲਾ ਹੋ ਕੇ। ਰਣ ਮਹਿ-ਸੰਸਾਰ ਰੂਪ ਯੁੱਧ ਵਿਚ। ਲੂਝੈ-ਲੜਦਾ ਹੈ। ਮਨੂਆ ਮਾਰਿ-ਮਨ ਦੀਆਂ ਵਾਸ਼ਨਾਵਾਂ ਨੂੰ ਮਾਰਦਾ ਹੈ। ਦਿਨੰਤਿ-ਦਿਨ। ਰੰਗਿ-ਪ੍ਰੇਮ ਵਿਚ। ਰਹੈ ਰਾਤਾ-ਰੰਗਿਆ ਰਹਿੰਦਾ ਹੈ। ਤੀਨਿ ਭਵਨ-ਤਿੰਨ ਲੋਕ (ਮਾਤ ਲੋਕ, ਪ੍ਰਲੋਕ ਤੇ ਪਤਾਲ)। ਜਾਤਾ-ਜਾਣਿਆ ਹੈ। ਜਿਨਿ-ਜਿਸ ਨੇ। ਸੋ-ਉਹ। ਤਿਸ ਹੀ ਜੇਹਾ-ਉਸੇ ਵਰਗਾ। ਅਤਿ-ਬਹੁਤ। ਨਿਰਮਾਇਲ-ਪਵਿਤ੍ਰ। ਸੀਝਸਿ-ਸਫਲ ਹੋ ਜਾਂਦਾ ਹੈ। ਦੇਹਾ-ਸਰੀਰ। ਰਹਸੀ-ਖਿੜਿਆ ਰਹਿੰਦਾ ਹੈ। ਇਕ ਭਾਇ-ਇਕ ਭਾਵ (ਦੁਬਿਧਾ ਦੀ ਅਣਹੋਂਦ) ਨਾਲ। ਅੰਤਰਿ-ਹਿਰਦੇ ਅੰਦਰ। ਸਾਚਿ-ਸੱਚੇ ਪ੍ਰਭੂ ਵਿਚ। ਲਿਵ ਲਾਇ-ਸੁਰਤ ਜੋੜ ਕੇ।੧੦।

ਰੋਸੁ ਨ ਕੀਜੈ ਅੰਮ੍ਰਿਤੁ ਪੀਜੈ, ਰਹਣੁ ਨਹੀ ਸੰਸਾਰੇ ॥ ਰਾਜੇ ਰਾਇ ਰੰਕ ਨਹੀ ਰਹਣਾ, ਆਇ ਜਾਇ ਜੁਗ ਚਾਰੇ ॥ ਰਹਣ ਕਹਣ ਤੇ ਰਹੈ ਨ ਕੋਈ, ਕਿਸੁ ਪਹਿ ਕਰਉ ਬਿਨੰਤੀ ॥ ਏਕੁ ਸਬਦੁ ਰਾਮ ਨਾਮ ਨਿਰੋਧਰੁ ,ਗੁਰੁ ਦੇਵੈ ਪਤਿ ਮਤੀ ॥੧੧॥ ਲਾਜ ਮਰੰਤੀ ਮਰਿ ਗਈ, ਘੂਘਟੁ ਖੋਲਿ ਚਲੀ ॥ ਸਾਸੁ ਦਿਵਾਨੀ ਬਾਵਰੀ, ਸਿਰ ਤੇ ਸੰਕ ਟਲੀ ॥ ਪ੍ਰੇਮਿ ਬੁਲਾਈ ਰਲੀ ਸਿਉ ,ਮਨ ਮਹਿ ਸਬਦੁ ਅਨੰਦੁ ॥ ਲਾਲਿ ਰਤੀ ਲਾਲੀ ਭਈ, ਗੁਰਮੁਖਿ ਭਈ ਨਿਚਿੰਦੁ ॥੧੨॥ (ਇਸ ਪਉੜੀ ਵਿਚ ਵੀ ਰਾਰੇ ਅੱਖਰ ਦਾ ਉਪਦੇਸ਼ ਹੈ। ਹੇ ਪੰਡਤ! ਜੀਵਨ ਦੇ ਉਤਰਾਓ ਚੜ੍ਹਾਓ ਤੋਂ ਪੈਦਾ ਹੋਏ ਦੁੱਖਾਂ ਕਰਕੇ ਪ੍ਰਭੂ ਅੱਗੇ) ਰੋਸ ਨਹੀਂ ਕਰਨਾ ਚਾਹੀਦਾ, (ਪ੍ਰਭੂ ਦਾ) ਨਾਮ ਅੰਮ੍ਰਿਤ ਪੀਣਾ ਚਾਹੀਦਾ ਹੈ, (ਕਿਸੇ ਨੇ ਸਦਾ ਲਈ) ਸੰਸਾਰ ਵਿਚ ਟਿਕੇ ਨਹੀਂ ਰਹਿਣਾ। ਰਾਜੇ, ਅਮੀਰ ਤੇ ਕੰਗਾਲ (ਕਿਸੇ ਨੇ ਵੀ ਇਥੇ) ਰਹਿਣਾ ਨਹੀਂ, ਚਾਰੇ ਜੁਗਾਂ ਵਿਚ ਜੀਵ ਆਉਂਦੇ ਜਾਂਦੇ (ਜੰਮਦੇ ਮਰਦੇ) ਰਹਿੰਦੇ ਹਨ; ਚਾਰੇ ਜੁਗ (ਸਮਾਂ) ਵੀ ਆਉਂਦੇ ਜਾਂਦੇ ਰਹਿੰਦੇ ਹਨ; (ਸੰਸਾਰ ਵਿਚ) ਆ ਕੇ ਸਭ ਚਲੇ ਜਾਂਦੇ ਹਨ (ਕੋਈ ਵੀ ਸਦਾ ਟਿਕਿਆ ਨਹੀਂ ਰਹਿੰਦਾ)। ਇਹ ਕਹਿਣ ਤੋਂ ਕਿ ਇਥੇ ਹੀ ਰਹਿਣਾ ਹੈ, ਕੋਈ ਨਹੀਂ ਰਹਿੰਦਾ (ਰੁਕਦਾ, ਸਭ ਮਰ ਜਾਂਦੇ ਹਨ, ਪਰ ਸਾਰੇ ਲੋਕ ਜਗਤ ਨੂੰ ਅਪਣਾ ਮੰਨੀ ਬੈਠੇ ਹਨ, ਇਸ ਲਈ) ਮੈਂ ਕਿਸ ਪਾਸ ਬੇਨਤੀ ਕਰਾਂ? (ਅਪਣਾ ਦੁਖ ਰੋਵਾਂ? ਜੰਮਣ ਮਰਨ ਦਾ ਦੁਖ ਕੱਟਣ ਲਈ) ਪ੍ਰਮਾਤਮਾ ਦੇ ਨਾਮ ਦਾ (ਇਕ ਐਸਾ) ਸ਼ਬਦ ਹੈ, ਜਿਸ ਦਾ ਅਸਰ ਰੋਕਿਆ ਨਹੀਂ ਜਾ ਸਕਦਾ; ਰਾਮ ਨਾਮ ਦਾ ਸ਼ਬਦ ਨਿਰਾ (ਵਿਸ਼ੇਸ ਕਰਕੇ) ਉਧਾਰ ਕਰਨ ਵਾਲਾ ਹੈ, (ਇਹ ਸ਼ਬਦ ਮੰਤ੍ਰ) ਗੁਰੂ ਦੇਂਦਾ ਹੈ, (ਜਿਸ ਨਾਲ ਲੋਕ ਪ੍ਰਲੋਕ ਵਿਚ) ਇੱਜਤ ਮਿਲਦੀ ਹੈ ਅਤੇ ਸਿਆਣਪ ਪ੍ਰਾਪਤ ਹੁੰਦੀ ਹੈ।੧੧। (ਹੇ ਪੰਡਤ! ਗੁਰੂ ਦੀ ਸ਼ਰਨ ਵਿਚ ਆਈ ਜਿਸ ਜੀਵ ਇਸਤ੍ਰੀ ਦੀ) ਲੋਕ ਲਾਜ ਵਿਚ ਮਰਨ ਵਾਲੀ ਅਕਲ ਮਰ ਗਈ ਹੈ, (ਉਹ) ਲੋਕ ਲਾਜ ਦਾ ਘੁੰਡ ਖੋਲ੍ਹ (ਲਾਹ) ਕੇ ਪ੍ਰਭੂ ਦੇ ਰਸਤੇ ਤੇ ਚਲ ਪਈ ਹੈ (ਹੁਣ ਬੇ ਝਿਜਕ ਹੋ ਕੇ ਜੀਵਨ ਗੁਜਾਰਦੀ ਹੈ। ਹੁਣ ਉਸ ਦੀ) ਅਵਿਦਿਆ

ਰੂਪ ਸੱਸ, (ਜੋ ਸੁਰਤ ਨੂੰ) ਪਾਗਲ ਕਰ ਦੇਣ ਵਾਲੀ ਸੀ, (ਉਹ ਆਪ ਹੀ) ਪਾਗਲ ਹੋ ਗਈ ਹੈ (ਮੈਥੋਂ ਦੂਰ ਹੋ ਗਈ, ਹੁਣ ਸੱਸ ਦੀ ਮੇਰੇ) ਸਿਰ ਤੋਂ ਸ਼ੰਕਾ ਟਲ (ਦੂਰ ਹੋ) ਗਈ ਹੈ। (ਪ੍ਰਭੂ ਨੇ ਉਸ ਨੂੰ) ਪ੍ਰੇਮ ਵਿਚ ਖੁਸ਼ੀ ਨਾਲ ਅਪਣੇ ਪਾਸ ਬੁਲਾਇਆ, (ਉਸ ਦੇ) ਮਨ ਵਿਚ ਗੁਰੂ ਦਾ ਸ਼ਬਦ (ਅਤੇ ਉਸ ਤੋਂ ਪੈਦਾ ਹੋਇਆ) ਅਨੰਦ ਆ ਵਸਿਆ। ਉਹ ਗੁਰੂ ਦੁਆਰਾ ਪਿਆਰੇ ਦੇ ਰੰਗ ਵਿਚ ਰੰਗੀ ਹੋਈ ਲਾਲ ਰੰਗ ਵਾਲੀ ਹੋ ਗਈ (ਨਾਮ ਦਾ ਰੰਗ ਚੜ੍ਹ ਗਿਆ ਅਤੇ ਸੱਸ ਵੱਲੋਂ) ਬੇ ਫਿਕਰ ਹੋ ਗਈ।੧੨।

ਪਦਾਰਥ = ਰੋਸੁ–ਗੁੱਸਾ; ਨਰਾਜਗੀ। ਨ ਕੀਜੈ–ਨਾ ਕਰੋ। ਪੀਜੈ–ਪੀਉ। ਰਹਣੁ–ਨਿਵਾਸ। ਸੰਸਾਰੇ–ਸੰਸਾਰ ਵਿਚ। ਰਾਇ–ਅਮੀਰ। ਰੰਕ–ਕੰਗਾਲ। ਆਇ ਜਾਇ–ਆਉਂਦੇ ਜਾਂਦੇ (ਜੰਮਦੇ ਮਰਦੇ) ਰਹਿੰਦੇ ਹਨ। ਰਹਣ ਕਹਣ ਤੇ–ਇਹ ਕਹਿਣ ਤੋਂ ਕਿ ਸੰਸਾਰ ਵਿਚ ਹੀ ਰਹਿਣਾ ਹੈ। ਰਹੈ ਨ ਕੋਈ–ਕੋਈ ਨਹੀਂ ਰਹਿੰਦਾ (ਰੁਕਦਾ)। ਕਿਸੁ ਪਹਿ–ਕਿਸ ਦੇ ਪਾਸ। ਨਿਰੋਧਰ–ਨਾ ਬਦਲਣ ਵਾਲਾ, ਜੋ ਕਿਸੇ ਤੰਤ੍ਰ ਮੰਤ੍ਰ ਨਾਲ ਬੇ ਅਸਰ ਨਹੀਂ ਹੁੰਦਾ। ਗ੍ਰਹਿਆਂ ਤੇ ਰੋਗਾਂ ਆਦਿ ਦੇ ਅਸਰ ਨੂੰ ਹਟਾਣ ਲਈ ਸ਼ਾਸਤ੍ਰਾਂ ਵਿਚ ਕਈ ਤਰ੍ਹਾਂ ਦੇ ਮੰਤ੍ਰ ਦੱਸੇ ਹਨ, ਰਾਮ ਨਾਮ ਦਾ ਇਕ ਸ਼ਬਦ ਹੀ ਨਿਰੋਧਰ ਹੈ (ਸ਼ਬਦਾਰਥ); ਨਿਰਾ ਉਧਾਰ ਕਰਨ ਵਾਲਾ (ਸੰ.ਸ.; ਫ.ਸ.; ਗੁ. ਗ੍ਰੰ.ਕੋਸ਼)। ਮਤੀ–ਸਿਖਿਆ; ਅਕਲ। ਪਤਿ–ਇੱਜਤ; ਆਦਰ ਮਾਣ। ਮਤੀ–ਸਿਆਣਪ; ਅਕਲ।੧੧। ਲਾਜ–ਲੋਕਾਂ ਦੀ ਸ਼ਰਮ। ਮਰੰਤੀ–ਮਰਨ ਵਾਲੀ। ਮਰਿ ਗਈ–ਖਤਮ ਹੋ ਗਈ। ਘੂਘਟੁ ਖੋਲਿ–ਘੁੰਡ ਲਾਹ (ਬੇ ਝਿਜਕ ਹੋ) ਕੇ। ਚਲੀ–ਚਲ ਪਈ। ਸਾਸੁ–ਸੱਸ (ਅਵਿਦਿਆ; ਮਾਇਆ)। ਦਿਵਾਨੀ–ਪਾਗਲ। ਬਾਵਰੀ–ਪਾਗਲ। ਤੇ–ਤੋਂ। ਸੰਕ–ਸੰਗ; ਡਰ। ਟਲੀ–ਟਲ (ਦੂਰ ਹੋ) ਗਈ। ਪ੍ਰੇਮਿ–ਪ੍ਰੇਮ ਨਾਲ। ਰਲੀ ਸਿਉ–ਖੁਸ਼ੀ ਨਾਲ। ਮਨ ਮਹਿ–ਮਨ ਵਿਚ। ਲਾਲਿ ਰਤੀ–ਪਿਆਰੇ ਦੇ ਰੰਗ ਵਿਚ ਰੰਗੀ ਹੋਈ। ਲਾਲੀ ਭਈ–ਲਾਲ ਹੋ ਗਈ (ਚਿਹਰੇ ਤੇ ਨਾਮ ਦੀ ਲਾਲੀ ਚੜ੍ਹ ਆਈ)। ਗੁਰਮੁਖਿ–ਗੁਰੂ ਦੁਆਰਾ। ਨਿਚਿੰਦੁ–ਬੇ ਫਿਕਰ।੧੨।

ਲਾਹਾ ਨਾਮੁ ਰਤਨੁ ਜਪਿ ਸਾਰੁ ॥ ਲਬੁ ਲੋਭੁ ਬੁਰਾ ਅਹੰਕਾਰੁ ॥ ਲਾੜੀ ਚਾੜੀ ਲਾਇਤਬਾਰੁ ॥ ਮਨਮੁਖ ਅੰਧਾ ਮੁਗਧੁ ਗਵਾਰੁ ॥ ਲਾਹੇ ਕਾਰਣਿ ਆਇਆ ਜਗਿ ॥ ਹੋਇ ਮਜੂਰੁ ਗਇਆ ਠਗਾਇ ਠਗਿ ॥ ਲਾਹਾ ਨਾਮੁ ਪੂੰਜੀ ਵੇਸਾਹੁ ॥ ਨਾਨਕ ਸਚੀ ਪਤਿ ਸਚਾ ਪਾਤਿਸਾਹੁ ॥੧੩॥ ਆਇ ਵਿਗੂਤਾ ਜਗੁ ਜਮ ਪੰਥੁ ॥ ਆਈ ਨ ਮੇਟਣ ਕੋ ਸਮਰਥੁ ॥ ਆਥਿ ਸੈਲ ਨੀਚ ਘਰਿ ਹੋਇ ॥ ਆਥਿ ਦੇਖਿ ਨਿਵੈ ਜਿਸੁ ਦੋਇ ॥ ਆਥਿ ਹੋਇ ਤ ਮੁਗਧੁ ਸਿਆਨਾ ॥ ਭਗਤਿ ਬਿਹੂਨਾ ਜਗੁ ਬਉਰਾਨਾ ॥ ਸਭ ਮਹਿ ਵਰਤੈ ਏਕੋ ਸੋਇ ॥ ਜਿਸ ਨੋ ਕਿਰਪਾ ਕਰੇ, ਤਿਸੁ ਪਰਗਟੁ ਹੋਇ ॥੧੪॥ (ਹੇ ਪੰਡਤ! ਪ੍ਰਭੂ ਦਾ) ਅਮੋਲਕ ਪਦਾਰਥ ਨਾਮ ਜਪਿਆ ਕਰ, (ਮਨੁੱਖਾ ਜੀਵਨ ਦਾ ਇਹੋ) ਸ੍ਰੇਸ਼ਟ ਲਾਭ ਹੈ। ਜੀਭ ਦਾ ਚਸਕਾ, ਪਦਾਰਥ ਇਕੱਠਾ ਕਰਨ ਦਾ ਲੋਭ ਅਤੇ ਹੰਕਾਰ ਆਦਿ ਵਿਕਾਰ ਬੁਰੇ ਹਨ। (ਕਿਸੇ ਨੂੰ) ਚੁਭਵੀਂ ਗੱਲ ਕਹਿਣ ਵਾਲਾ, ਝੂਠੀ ਖੁਸ਼ਾਮਦ ਤੇ ਚੁਗਲੀ ਆਦਿ ਕਰਨ ਵਾਲਾ ਮਨਮੁਖ ਅਗਿਆਨੀ ਤੇ ਮਹਾਂ ਮੂਰਖ ਹੈ। ਜੀਵ ਜਗਤ ਵਿਚ ਆਇਆ ਤਾਂ (ਨਾਮ ਸਿਮਰਨ ਦਾ) ਲਾਭ ਖੱਟਣ ਲਈ ਹੈ। (ਪਰ ਇਹ ਮਾਇਆ ਤੇ ਪ੍ਰਵਾਰ ਦਾ) ਮਜਦੂਰ ਹੋ ਗਿਆ ਹੈ ਅਤੇ (ਇਸ ਨੇ ਅਪਣੇ ਆਪ ਨੂੰ ਕਾਮਾਦਿਕ) ਠੱਗਾਂ ਤੋਂ ਠਗਾ ਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਵਿਸ਼ਵਾਸ਼ ਨੂੰ ਪੂੰਜੀ ਬਣਾਉਂਦਾ ਹੈ ਤੇ ਨਾਮ ਰੂਪ ਲਾਭ ਖੱਟਦਾ ਹੈ, ਸੱਚਾ ਪਾਤਸ਼ਾਹ (ਪ੍ਰਭੂ ਉਸ ਨੂੰ) ਸੱਚੀ ਇੱਜਤ ਬਖਸ਼ਦਾ ਹੈ।੧੩। (੧੨ਵੀਂ ਤੇ ੧੩ ਵੀਂ ਪਉੜੀ (ਲ) ਅੱਖਰ ਨਾਲ ਸ਼ੁਰੂ ਹੁੰਦੀਆਂ ਹਨ। ਸੰਸਕ੍ਰਿਤ ਵਿਚ ਲ੍ਰਿ ਅਤੇ ਲ੍ਰੀ ਅੱਖਰ ਹਨ। ਹੇ ਪੰਡਤ!) ਜੀਵ (ਮਨੁੱਖ ਜਨਮ ਵਿਚ) ਆ ਕੇ ਜਮ ਦੇ ਰਸਤੇ ਪਿਆ ਹੋਇਆ ਤਬਾਹ ਹੋ ਰਿਹਾ ਹੈ। ਮਾਇਆ ਦੇ ਅਸਰ ਨੂੰ ਮੇਟਣ ਲਈ ਕੋਈ ਮਨੁੱਖ ਸਮਰੱਥ ਨਹੀਂ। ਜੇ ਮਾਇਆ ਮੂਰਖ ਤੇ ਨੀਚ ਮਨੁੱਖ ਦੇ ਘਰ ਵਿਚ ਹੋਵੇ। ਤਾਂ ਜਿਸ ਨੂੰ ਦੇਖ ਕੇ ਦੋਵੇਂ (ਅਮੀਰ ਤੇ ਗਰੀਬ ਉਸ ਮੂਰਖ ਤੇ ਨੀਚ ਦੇ ਅੱਗੇ) ਨਿੰਵਦੇ ਹਨ। (ਜਿਸ ਦੇ ਘਰ ਵਿਚ) ਮਾਇਆ ਹੋਵੇ, ਤਾਂ ਮੂਰਖ ਮਨੁੱਖ ਵੀ ਸਿਆਣਾ ਜਾਣਿਆ ਜਾਂਦਾ ਹੈ। (ਪਰ ਸਚਾਈ ਇਹ ਹੈ ਕਿ) ਪ੍ਰਭੂ ਦੀ ਭਗਤੀ ਤੋਂ ਬਿਨਾ ਸਾਰਾ ਜਗਤ ਬਉਰਾ ਹੋਇਆ ਫਿਰਦਾ ਹੈ। ਸਾਰੇ ਜੀਵਾਂ ਵਿਚ ਇਕੋ ਪ੍ਰਭੂ ਹੀ ਵਰਤ ਰਿਹਾ ਹੈ। ਜਿਸ ਮਨੁੱਖ ਉਤੇ ਪ੍ਰਭੂ ਕ੍ਰਿਪਾ ਕਰਦਾ ਹੈ, ਉਸ ਨੂੰ (ਉਹ ਸਭ ਜਗ੍ਹਾ) ਪ੍ਰਤੱਖ ਦਿਸਦਾ ਹੈ।੧੪।

ਪਦਾਰਥ = ਲਾਹਾ–ਲਾਭ। ਰਤਨੁ–ਅਮੋਲਕ ਪਦਾਰਥ। ਜਪਿ–ਜਪਿਆ ਕਰ। ਸਾਰੁ–ਸ੍ਰੇਸ਼ਟ। ਲਾੜੀ–ਚੁਭਵੀਂ ਗੱਲ (ਕਿਸੇ ਬੇਜਤੀ ਕਰਨ ਵਾਲੀ ਗੱਲ ਬੋਲਣੀ); ਲੜਾਈ ਕਰਾ ਦੇਣ ਵਾਲੀ ਗੱਲ; ਨਿੰਦਿਆ। ਚਾੜੀ–ਝੂਠੀ ਖੁਸ਼ਾਮਦ। ਲਾਇਤਬਾਰੁ–ਚੁਗਲੀ; ਬੇਵਿਸ਼ਾਸੀ ਪੈਦਾ ਕਰਨ ਵਾਲੀ ਗੱਲ। ਮਨਮੁਖ–ਮਨ ਮਾਨੀ ਕਰਨ ਵਾਲਾ ਮਨੁੱਖ। ਅੰਧਾ–ਅੰਨ੍ਹਾ; ਅਗਿਆਨੀ। ਮੁਗਧੁ ਗਵਾਰੁ–ਮਹਾਂ ਮੂਰਖ। ਜਗਿ–ਜਗਤ ਵਿਚ। ਕਾਰਣਿ–ਲਈ। ਮਜੂਰੁ–ਮਜਦੂਰ। ਠਗਾਇ ਠਗਿ–ਠੱਗਾਂ ਤੋਂ ਠਗਾ ਲੈਂਦਾ ਹੈ। ਵੇਸਾਹੁ–ਵਿਸ਼ਵਾਸ। ਸਚੀ ਪਤਿ–ਸਦਾ ਟਿਕੇ ਰਹਿਣ ਵਾਲੀ ਇੱਜਤ।੧੩। ਆਇ–ਆ ਕੇ। ਵਿਗੂਤਾ–ਤਬਾਹ ਹੋ ਰਿਹਾ ਹੈ। ਜਗੁ–ਜਗਤ; ਜੀਵ। ਆਈ–ਮਾਇਆ; ਮੌਤ। ਕੋ–ਕੋਈ

(ਜੀਵ)।ਸਮਰਥੁ–ਤਾਕਤ।ਆਥਿ ਸੈਲ–ਮਾਇਆ ਮੂਰਖ ਦੇ ਘਰ ਹੋਵੇ; ਮਾਇਆ ਦਾ ਸੁਖ; ਪਹਾੜ ਜਿੰਨੀ ਮਾਇਆ (ਬਹੁਤਾ ਧਨ)।ਨੀਚ ਘਰਿ–ਨੀਚ ਦੇ ਘਰ ਵਿਚ।ਨਿਵੈ–ਨਿੰਵਦਾ ਹੈ।ਦੋਇ–ਦੋਵੇਂ (ਅਮੀਰ ਤੇ ਗਰੀਬ)।ਮੁਗਧੁ–ਮੂਰਖ।ਸਿਆਨਾ–ਸਿਆਣਾ।ਬਿਹੂਨਾ–ਬਿਨਾ।ਬਉਰਾਨਾ–ਕਮਲਾ; ਝੱਲਾ।ਸਭ ਮਹਿ–ਸਾਰੇ ਜੀਵਾਂ ਵਿਚ।ਵਰਤੈ–ਵਰਤਦਾ ਹੈ।ਏਕੋ ਸੋਇ–ਇਕ ਉਹ ਹੀ।੧੪।

ਜੁਗਿ ਜੁਗਿ ਥਾਪਿ ਸਦਾ ਨਿਰਵੈਰੁ ॥ ਜਨਮਿ ਮਰਣਿ ਨਹੀ ਧੰਧਾ ਧੈਰੁ ॥ ਜੋ ਦੀਸੈ ਸੋ ਆਪੇ ਆਪਿ ॥ ਆਪਿ ਉਪਾਇ, ਆਪੇ ਘਟ ਥਾਪਿ ॥ ਆਪਿ ਅਗੋਚਰੁ ਧੰਧੈ ਲੋਈ ॥ ਜੋਗ ਜੁਗਤਿ, ਜਗਜੀਵਨੁ ਸੋਈ ॥ ਕਰਿ ਆਚਾਰੁ ਸਚੁ ਸੁਖੁ ਹੋਈ ॥ ਨਾਮ ਵਿਹੂਣਾ, ਮੁਕਤਿ ਕਿਵ ਹੋਈ ॥੧੫॥ ਵਿਣੁ ਨਾਵੈ, ਵੇਰੋਧੁ ਸਰੀਰ ॥ ਕਿਉ ਨ ਮਿਲਹਿ, ਕਾਟਹਿ ਮਨ ਪੀਰ ॥ ਵਾਟ ਵਟਾਉ ਆਵੈ ਜਾਇ ॥ ਕਿਆ ਲੇ ਆਇਆ, ਕਿਆ ਪਲੈ ਪਾਇ ॥ ਵਿਣੁ ਨਾਵੈ, ਤੋਟਾ ਸਭ ਥਾਇ ॥ ਲਾਹਾ ਮਿਲੈ, ਜਾ ਦੇਇ ਬੁਝਾਇ ॥ ਵਣਜੁ ਵਾਪਾਰੁ ਵਣਜੈ ਵਾਪਾਰੀ ॥ ਵਿਣੁ ਨਾਵੈ, ਕੈਸੀ ਪਤਿ ਸਾਰੀ ॥੧੬॥ (ਹੇ ਪੰਡਤ! ਪ੍ਰਭੂ) ਹਰੇਕ ਜੁਗ ਵਿਚ (ਜਗਤ ਨੂੰ) ਬਣਾ ਕੇ ਆਪ ਸਦਾ ਨਿਰਵੈਰ ਰਹਿੰਦਾ ਹੈ।(ਉਹ) ਨਾ ਜਨਮ ਮਰਨ ਵਿਚ ਆਉਂਦਾ ਹੈ ਅਤੇ ਨਾ ਹੀ ਧੰਧਿਆਂ ਵਿਚ ਦੌੜ ਭੱਜ ਕਰਦਾ ਹੈ।ਜੋ ਕੁਛ ਦਿਸਦਾ ਹੈ, ਉਹ ਆਪ ਹੀ ਆਪ ਹੈ (ਪ੍ਰਭੂ ਦਾ ਹੀ ਰੂਪ ਹੈ।ਉਹ) ਆਪ ਹੀ (ਸੰਸਾਰ ਨੂੰ) ਪੈਦਾ ਕਰਕੇ (ਇਸ ਵਿਚ) ਜੀਵਾਂ ਨੂੰ ਪੈਦਾ ਕਰਦਾ ਹੈ।ਉਹ ਆਪ ਇੰਦ੍ਰੀਆਂ ਦੇ ਵਿਸ਼ਿਆਂ ਤੋ ਪਰੇ ਹੈ ਅਤੇ ਲੋਕਾਈ ਨੂੰ ਧੰਧਿਆਂ ਵਿਚ ਲਾ ਰਖਦਾ ਹੈ।ਜੋਗ ਦੀ ਜੁਗਤੀ ਅਤੇ ਜਗਤ ਨੂੰ ਜੀਵਨ ਦੇਣ ਵਾਲਾ ਵੀ ਉਹ ਆਪ ਹੀ ਹੈ।(ਹੇ ਪੰਡਤ! ਜਿਹੜਾ ਮਨੁੱਖ) ਸੱਚੇ ਪ੍ਰਭੂ ਦੇ ਨਾਮ ਸਿਮਰਨ ਨੂੰ (ਅਪਣੇ ਜੀਵਨ ਦਾ) ਕਰਮ ਬਣਾ ਲੈਂਦਾ ਹੈ, (ਉਸ ਨੂੰ) ਸੁਖ ਪ੍ਰਾਪਤ ਹੁੰਦਾ ਹੈ।ਨਾਮ ਵਿਹੂਣਾ ਮਨੁੱਖ ਮੁਕਤ ਕਿਵੇਂ ਹੋ ਸਕਦਾ ਹੈ? (ਮੁਕਤ ਨਹੀਂ ਹੋ ਸਕਦਾ)।੧੫।(ਹੇ ਪੰਡਤ! ਪ੍ਰਭੂ ਦੇ) ਨਾਮ ਸਿਮਰਨ ਤੋਂ ਬਿਨਾ ਸਰੀਰ ਅਮੋੜ ਰਹਿੰਦਾ ਹੈ (ਭੈੜੇ ਕੰਮ ਕਰਨ ਤੋਂ ਰੁਕਦਾ ਨਹੀਂ)।ਤੂੰ ਪ੍ਰਭੂ ਨੂੰ ਕਿਉਂ ਨਹੀ ਮਿਲਦਾ ਅਤੇ ਮਨ ਦੀ ਪੀੜ ਕਿਉਂ ਨਹੀਂ ਕੱਟ ਲੈਂਦਾ? (ਜੀਵ ਸੰਸਾਰ ਵਿਚ) ਰਸਤੇ ਦੇ ਮੁਸਾਫਿਰ ਵਾਂਗ ਆਉਂਦਾ ਹੈ ਤੇ ਮੁੜ (ਇਥੋਂ) ਚਲੇ ਜਾਂਦਾ ਹੈ।(ਜੀਵ ਸੰਸਾਰ ਵਿਚ) ਕੀ ਲੈ ਕੇ ਆਇਆ ਹੈ ਅਤੇ (ਆ ਕੇ ਇਥੋਂ) ਕੀ ਪੱਲੇ ਪਾ ਕੇ ਲੈ ਕੇ ਜਾਂਦਾ ਹੈ (ਖਾਲੀ ਹੱਥ ਆਉਂਦਾ ਹੈ ਤੇ ਖਾਲੀ ਹੱਥ ਚਲੇ ਜਾਂਦਾ ਹੈ)।ਨਾਮ ਸਿਮਰਨ ਤੋਂ ਬਿਨਾ (ਜੀਵ ਨੂੰ) ਸਭ ਥਾਵਾਂ ਤੇ ਘਾਟਾ ਹੀ ਹੈ।(ਜੀਵਨ ਦਾ) ਲਾਹਾ ਤਾਂ ਮਿਲਦਾ ਹੈ, ਜਦ (ਪ੍ਰਭੂ ਇਸ ਨੂੰ) ਸਮਝਾ ਦੇਂਦਾ ਹੈ।ਵਪਾਰ ਕਰਨ ਵਾਲਾ ਮਨੁੱਖ ਵਪਾਰੀ ਬਣ ਕੇ (ਬਿਅਰਥ) ਵਪਾਰ ਕਰਦਾ ਹੈ (ਮਨੁੱਖ ਕਰਮ ਕਾਂਡ ਤੇ ਦੇਵੀ ਦੇਵਤਿਆਂ ਦੀ ਪੂਜਾ ਦਾ ਬਿਅਰਥ ਵਪਾਰ ਕਰਦਾ ਹੈ।ਪਰ) ਪ੍ਰਭੂ ਦੇ ਨਾਮ ਤੋਂ ਬਿਨਾ (ਮਨੁੱਖ ਨੂੰ ਲੋਕ ਪ੍ਰਲੋਕ ਵਿਚ) ਕਿਸ ਤਰ੍ਹਾਂ ਚੰਗੀ ਇੱਜਤ ਮਿਲ ਸਕਦੀ ਹੈ? (ਨਹੀਂ ਮਿਲ ਸਕਦੀ)।੧੬।

ਪਦਾਰਥ = ਜੁਗਿ ਜੁਗਿ–ਹਰੇਕ ਜੁਗ ਵਿਚ।ਥਾਪਿ–ਬਣਾ (ਪੈਦਾ ਕਰ) ਕੇ।ਧੈਰੁ–ਦੌੜ ਭੱਜ; ਭਟਕਣਾ।ਸੋ–ਉਹ।ਉਪਾਇ–ਪੈਦਾ ਕਰਕੇ।ਆਪੇ–ਆਪ ਹੀ।ਘਟ–ਜੀਵਾਂ ਦੇ ਸਰੀਰ।ਅਗੋਚਰੁ–ਇੰਦ੍ਰੀਆਂ ਦੇ ਵਿਸ਼ਿਆਂ ਤੋਂ ਪਰੇ।ਧੰਧੈ–ਧੰਧਿਆਂ ਵਿਚ।ਲੋਈ–ਲੋਕਾਈ; ਲੋਕਾਂ ਨੂੰ।ਜੋਗ ਜੁਗਤਿ–ਜੋਗ ਦੀ ਜੁਗਤ।ਜਗਜੀਵਨ–ਜਗਤ ਦਾ ਜੀਵਨ ਪ੍ਰਭੂ।ਸੋਈ–ਉਹ ਹੀ।ਆਚਾਰੁ ਸਚੁ–ਸੱਚੇ ਪ੍ਰਭੂ ਦੇ ਨਾਮ ਸਿਮਰਨ ਦਾ ਕਰਮ।ਵਿਹੂਣਾ–ਬਾਂਝਾ; ਬਿਨਾ; ਖਾਲੀ।ਕਿਵ ਹੋਈ–ਕਿਵੇਂ ਹੋ ਸਕਦਾ ਹੈ?।੧੫।ਵਿਣੁ ਨਾਵੈ–ਨਾਮ ਤੋਂ ਬਿਨਾ।ਵੇਰੋਧੁ–ਅਮੋੜ।ਕਾਟਹਿ–ਕੱਟ ਲੈਂਦਾ।ਮਨ ਪੀਰ–ਮਨ ਦੀ ਪੀੜ।ਵਾਟ ਵਟਾਊ–ਰਸਤੇ ਦਾ ਮੁਸਾਫਿਰ।ਆਵੈ–ਜਗਤ ਵਿਚ ਆਉਂਦਾ ਹੈ।ਜਾਇ–ਚਲੇ (ਮਰ) ਜਾਂਦਾ ਹੈ।ਪਲੈ ਪਾਇ–ਪੱਲੇ ਵਿਚ ਪਾ ਕੇ।ਤੋਟਾ–ਘਾਟਾ।ਸਭ ਥਾਇ–ਸਭ ਜਗ੍ਹਾ।ਜਾ–ਜਦੋਂ।ਦੇਇ ਬੁਝਾਇ–ਸਮਝਾ ਦੇਂਦਾ ਹੈ।ਕੈਸੀ–ਕਿਸ ਤਰ੍ਹਾਂ।ਪਤਿ ਸਾਰੀ–ਚੰਗੀ ਇੱਜਤ।੧੬।

ਗੁਣ ਵੀਚਾਰੇ ਗਿਆਨੀ ਸੋਇ ॥ ਗੁਣ ਮਹਿ ਗਿਆਨੁ ਪਰਾਪਤਿ ਹੋਇ ॥ ਗੁਣਦਾਤਾ ਵਿਰਲਾ ਸੰਸਾਰਿ ॥ ਸਾਚੀ ਕਰਣੀ, ਗੁਰ ਵੀਚਾਰਿ ॥ (ਹੇ ਪੰਡਤ! ਜੋ ਮਨੁੱਖ ਪ੍ਰਭੂ ਦੇ) ਗੁਣਾਂ ਨੂੰ ਵਿਚਾਰਦਾ ਹੈ, ਉਹ ਹੀ ਗਿਆਨਵਾਨ ਹੈ।ਇਨ੍ਹਾਂ ਗੁਣਾਂ ਦੇ ਵਿਚਾਰਨ ਵਿਚ ਗਿਆਨ ਪ੍ਰਾਪਤ ਹੁੰਦਾ ਹੈ।ਸੰਸਾਰ ਵਿਚ ਕੋਈ ਵਿਰਲਾ ਗਿਆਨਵਾਨ ਮਨੁੱਖ ਹੈ, ਜੋ ਗੁਣਾਂ ਦਾ ਦਾਤਾ (ਹੋਰਨਾਂ ਨੂੰ ਗੁਣ ਵੰਡਦਾ) ਹੈ।ਗੁਰੂ ਦੇ ਸ਼ਬਦ ਦੀ ਵਿਚਾਰ ਦੁਆਰਾ (ਉਸ ਮਨੁੱਖ ਦੀ) ਕਰਣੀ ਸੱਚੀ ਹੋ ਜਾਂਦੀ ਹੈ।

ਅੰਗ ੯੩੨ = ਅਗਮ ਅਗੋਚਰੁ ,ਕੀਮਤਿ ਨਹੀ ਪਾਇ ॥ ਤਾ ਮਿਲੀਐ, ਜਾ ਲਏ ਮਿਲਾਇ ॥ ਗੁਣਵੰਤੀ, ਗੁਣ ਸਾਰੇ ਨੀਤ ॥ ਨਾਨਕ ਗੁਰਮਤਿ ਮਿਲੀਐ ਮੀਤ ॥੧੭॥ ਕਾਮ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥ ਕਸਿ ਕਸਵਟੀ ਸਹੈ ਸੁ ਤਾਉ ॥ ਨਦਰਿ ਸਰਾਫ ਵੰਨੀਸ ਚੜਾਉ ॥ ਜਗਤੁ ਪਸੂ ਅਹੰਕਾਲੁ ਕਸਾਈ ॥ ਕਰਿ ਕਰਤੈ ਕਰਣੀ ਕਰਿ ਪਾਈ ॥ ਜਿਨਿ ਕੀਤੀ ਤਿਨਿ ਕੀਮਤਿ ਪਾਈ ॥ ਹੋਰ ਕਿਆ ਕਹੀਐ, ਕਿਛੁ ਕਹਣੁ ਨ ਜਾਈ ॥੧੮॥ ਪ੍ਰਭੂ ਮਨ ਅਤੇ ਇੰਦ੍ਰੀਆਂ ਦੀ ਪਹੁੰਚ ਤੇ ਪਰੇ ਹੈ,

(ਇਸ ਕਰਕੇ ਕੋਈ ਮਨੁੱਖ ਉਸ ਦੀ) ਕੀਮਤ ਨਹੀਂ ਪਾ ਸਕਦਾ।(ਉਸ ਨੂੰ) ਤਦ ਮਿਲਿਆ ਜਾ ਸਕਦਾ ਹੈ, ਜਦ (ਉਹ ਗੁਣ ਦੇਖ ਕੇ ਮਨੁੱਖ ਨੂੰ ਆਪ ਹੀ ਅਪਣੇ ਨਾਲ) ਮਿਲਾ ਲਵੇ।(ਇਸੇ ਲਈ) ਗੁਣਵਾਨ ਜੀਵ ਇਸਤ੍ਰੀ ਸਦਾ (ਉਸ ਦੇ) ਗੁਣਾਂ ਨੂੰ ਸੰਭਾਲਦੀ (ਯਾਦ ਕਰਦੀ) ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਮੱਤ ਦੁਆਰਾ ਪ੍ਰਭੂ ਮਿਤ੍ਰ ਨੂੰ ਮਿਲ ਸਕੀਦਾ ਹੈ।੧੭।(ਹੇ ਪੰਡਤ!) ਕਾਮ ਤੇ ਕ੍ਰੋਧ ਸਰੀਰ ਨੂੰ ਗਾਲ ਦੇਂਦੇ ਹਨ।ਜਿਸ ਤਰ੍ਹਾਂ ਸੁਹਾਗਾ ਸੋਨੇ ਨੂੰ ਢਾਲ ਦੇਂਦਾ ਹੈ।ਉਹ (ਢਲਿਆ ਸੋਨਾ) ਕਸਵੱਟੀ ਦੀ ਕੱਸ ਅਤੇ (ਕੁਠਾਲੀ ਦਾ) ਤਾਉ ਸਹਾਰਦਾ ਹੈ।(ਤਦ) ਸਰਾਫ ਦੀ ਨਜਰ ਵਿਚ ਸੋਹਣੇ ਅਤੇ ਚੰਗੇ ਰੰਗ ਦਾ ਚੜ੍ਹਾਉ ਚੜ੍ਹਦਾ ਹੈ (ਤਿਵੇਂ ਗੁਰਮੁਖ ਵੀ ਵਿਸ਼ੇ ਵਿਕਾਰਾਂ ਤੋਂ ਰਹਿਤ ਸ਼ੁੱਧ ਹੋ ਕੇ ਗੁਰੂ ਸਰਾਫ ਦੀ ਨਜਰਾਂ ਵਿਚ ਪ੍ਰਵਾਨ ਹੁੰਦਾ ਹੈ।ਬਾਕੀ ਦਾ ਸਾਰਾ) ਜਗਤ ਪਸ਼ੂ ਹੈ (ਇਸ ਭੇਦ ਨੂੰ ਸਮਝਦਾ ਨਹੀਂ) ਅਤੇ ਹੰਕਾਰ ਰੂਪ ਕਾਲ ਕਸਾਈ ਹੈ (ਜੋ ਇਸ ਦੇ ਜੰਮਣ ਮਰਨ ਦਾ ਕਾਰਨ ਬਣਦਾ ਹੈ)।ਕਰਤਾਰ ਨੇ ਜਗਤ ਦੀ ਰਚਨਾ ਰਚ ਕੇ ਜੀਵਾਂ ਦੇ ਹੱਥ ਵਿਚ ਕਰਨੀ ਪਾਈ ਹੈ (ਜੈਸੀ ਕਰਨੀ ਵੈਸੀ ਭਰਨੀ)।ਜਿਸ ਪ੍ਰਭੂ ਨੇ ਇਹ ਸ੍ਰਿਸਟੀ ਪੈਦਾ ਕੀਤੀ ਹੈ, ਉਸ ਨੇ ਹੀ (ਇਸ ਦੀ) ਕੀਮਤ ਪਾਈ ਹੈ (ਉਹ ਹੀ ਜੀਵਾਂ ਦੇ ਕਰਮਾਂ ਦੀ ਕੀਮਤ ਪਾਉਂਦਾ ਹੈ, ਕਰਮਾਂ ਅਨੁਸਾਰ ਜੀਵਾਂ ਨੂੰ ਫਲ ਦੇਂਦਾ ਹੈ।ਇਸ ਤੋਂ ਵੱਧ) ਹੋਰ ਕੀ ਕਹੀਏ? ਕੁੱਛ ਕਿਹਾ ਨਹੀਂ ਜਾ ਸਕਦਾ।੧੮।

ਪਦਾਰਥ = ਵੀਚਾਰੇ–ਵਿਚਾਰਦਾ ਹੈ।ਗਿਆਨੀ–ਗਿਆਨਵਾਨ ਮਨੁੱਖ।ਸੋਇ–ਉਹ ਹੀ।ਗੁਣ ਮਹਿ–ਗੁਣਾਂ ਵਿਚ।ਦਾਤਾ–ਦੇਣ ਵਾਲਾ। ਸੰਸਾਰਿ–ਸੰਸਾਰ ਵਿਚ।ਕਰਣੀ–ਕਰਤੂਤ; ਕਰਮ।ਗੁਰ ਵੀਚਾਰਿ–ਗੁਰੂ ਦੇ ਸ਼ਬਦ ਦੀ ਵਿਚਾਰ ਦੁਆਰਾ।ਅਗਮ ਅਗੋਚਰੁ–ਮਨ ਅਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।ਤਾ–ਤਦ।ਜਾ–ਜਦੋਂ।ਗੁਣਵੰਤੀ–ਗੁਣਵਾਨ ਜੀਵ ਇਸਤ੍ਰੀ।ਸਾਰੇ–ਸੰਭਾਲਦੀ ਹੈ; ਯਾਦ ਕਰਦੀ ਹੈ।ਨੀਤ –ਨਿੱਤ; ਸਦਾ।ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ।ਮੀਤ–ਮਿਤ੍ਰ ਪ੍ਰਭੂ।੧੭।ਕਾਇਆ ਕਉ–ਸਰੀਰ ਨੂੰ।ਗਾਲੈ–ਗਾਲ ਦੇਂਦਾ ਹੈ। ਕੰਚਨ–ਸੋਨਾ।ਸੋਹਾਗਾ–ਇਕ ਖਾਰਾ ਪਦਾਰਥ।ਢਾਲੈ–ਪਿਘਲਾ ਦੇਂਦਾ ਹੈ।ਕਸਿ ਕਸਵਟੀ–ਸੋਨੇ ਦੀ ਪਰਖ ਕਰਨ ਵਾਲਾ ਇਕ ਖਾਸ ਕਿਸਮ ਦਾ ਪੱਥਰ।ਸਹੈ–ਸਹਾਰਦਾ ਹੈ।ਸੁ–ਉਹ (ਸੋਨਾ)।ਤਾਉ–ਅੱਗ ਦਾ ਸੇਕ।ਨਦਰਿ–ਨਜਰ।ਸਰਾਫ–ਸੋਨੇ ਚਾਂਦੀ ਦੀ ਪਰਖ ਤੇ ਵਪਾਰ ਕਰਨ ਵਾਲਾ ਮਨੁੱਖ।ਅਹੰ–ਹੰਕਾਰ।ਕਸਾਈ–ਮਾਰਨ ਵਾਲਾ; ਬੁੱਚੜ।ਕਰਿ–ਪੈਦਾ ਕਰਕੇ।ਕਰਤੈ–ਕਰਤਾਰ ਨੇ।ਕਰਿ–ਹੱਥ ਵਿਚ।ਪਾਈ–ਪਾ ਦਿਤੀ।ਜਿਨਿ–ਜਿਸ (ਪ੍ਰਭੂ) ਨੇ।ਤਿਨਿ–ਉਸ ਨੇ।੧੮।

ਵੰਨੀਸ ਚੜਾਉ = ਸੋਹਣੇ ਤੇ ਚੰਗੇ ਰੰਗ ਦਾ ਚੜ੍ਹਾਉ ਚੜ੍ਹਦਾ ਹੈ (ਇਹ ਪਾਠ ਫ.ਸ.; ਸੰ.ਸ.; ਖਾਲਸਾ ਟ੍ਰੈਕਟ ਸੁਸਾਇਟੀ; ਗੁ. ਗ੍ਰੰ. ਕੋਸ਼; ਨਰੋਤਮ; ਬਾ.ਪ੍ਰ.)।ਵੰਨੀ ਸਚੜਾਉ–ਸੱਚੇ (ਪੱਕੇ) ਰੰਗ ਵਾਲਾ (ਸ਼ਬਦਾਰਥ ਅਤੇ ਡਾ. ਤਾਰਨ ਸਿੰਘ)।ਦਰਪਣ ਨੇ ਪਾਠ 'ਵੰਨੀ ਸਚੜਾਉ' ਲਿਖਿਆ ਹੈ, ਪਰ ਅਰਥ ਵੰਨੀਸ ਦੇ ਸੋਹਣੇ ਰੰਗ ਵਾਲਾ ਕੀਤੇ ਹਨ।ਗੁ.ਪਾ.ਦਰਸ਼ਨ ਨੇ ਦੋਵੇਂ ਪਾਠ ਲਿਖੇ ਹਨ।

ਸਾਰੰਸ਼ = ਗੁਣਾਂ ਦੀ ਵਿਚਾਰ ਇਹੋ ਹੈ ਕਿ ਬੁਰਾ ਕੰਮ ਨਾ ਕਰੀਏ, ਕਿਉਂਕਿ ਮੰਦੇ ਕੰਮਾਂ ਨਾਲ ਸੇਹਤ ਖਰਾਬ ਹੁੰਦੀ ਹੈ।ਚੰਗੇ ਕੰਮ ਕਰਦਿਆਂ ਭਾਵੇ ਦੁੱਖ ਹੀ ਸਹਿਣੇ ਪੈਣ, ਸਰੀਰ ਸੋਹਣਾ ਤੇ ਰਿਸ਼ਟ ਪੁਸ਼ਟ ਬਣਦਾ ਹੈ।ਨੇਮ ਵੀ ਇਹੋ ਕਿ ਜਿਹਾ ਕੋਈ ਮਨੁੱਖ ਕਰਮ ਕਰਦਾ ਹੈ, ਉਸ ਨੂੰ ਉਹੋ ਜਿਹਾ ਫਲ ਮਿਲਦਾ ਹੈ (ਸ਼ਬਦਾਰਥ)।

ਖੋਜਤ ਖੋਜਤ ਅੰਮ੍ਰਿਤੁ ਪੀਆ ॥ ਖਿਮਾ ਗਹੀ, ਮਨੁ ਸਤਿਗੁਰਿ ਦੀਆ ॥ ਖਰਾ ਖਰਾ ਆਖੈ ਸਭੁ ਕੋਇ ॥ ਖਰਾ ਰਤਨੁ ,ਜੁਗ ਚਾਰੇ ਹੋਇ ॥ ਖਾਤ ਪੀਅੰਤ ਮੂਏ, ਨਹੀ ਜਾਨਿਆ ॥ ਖਿਨ ਮਹਿ ਮੂਏ, ਜਾ ਸਬਦੁ ਪਛਾਨਿਆ ॥ ਅਸਥਿਰੁ ਚੀਤੁ ,ਮਰਨਿ ਮਨੁ ਮਾਨਿਆ ॥ ਗੁਰ ਕਿਰਪਾ ਤੇ ਨਾਮੁ ਪਛਾਨਿਆ ॥੧੯॥ ਗਗਨ ਗੰਭੀਰੁ ਗਗਨੰਤਰਿ ਵਾਸੁ ॥ ਗੁਣ ਗਾਵੈ, ਸੁਖ ਸਹਜਿ ਨਿਵਾਸੁ ॥ ਗਇਆ ਨ ਆਵੈ, ਆਇ ਨ ਜਾਇ ॥ ਗੁਰ ਪਰਸਾਦਿ ਰਹੈ ਲਿਵ ਲਾਇ ॥ ਗਗਨੁ ਅਗੰਮੁ ਅਨਾਥੁ ਅਜੋਨੀ ॥ ਅਸਥਿਰੁ ਚੀਤੁ ਸਮਾਧਿ ਸਗੋਨੀ ॥ ਹਰਿ ਨਾਮੁ ਚੇਤਿ, ਫਿਰਿ ਪਵੈ ਨ ਜੂਨੀ ॥ ਗੁਰਮਤਿ ਸਾਰੁ ,ਹੋਰ ਨਾਮ ਬਿਹੂਨੀ ॥੨੦॥ (ਹੇ ਪੰਡਤ!) ਖੋਜਦਿਆਂ ਖੋਜਦਿਆਂ ਨਾਮ ਅੰਮ੍ਰਿਤ (ਉਦੋਂ ਮਿਲਿਆ ਤੇ) ਪੀਤਾ।(ਜਦੋਂ) ਖਿਮਾ ਗ੍ਰਹਿਣ ਕੀਤੀ ਅਤੇ ਸਤਿਗੁਰੂ ਵਿਚ ਮਨ ਨੂੰ ਲੀਨ ਕਰ ਦਿਤਾ।(ਅੰਮ੍ਰਿਤ ਪੀਣ ਵਾਲੇ ਮਨੁੱਖ ਨੂੰ) ਸਭ ਕੋਈ (ਹਰੇਕ ਮਨੁੱਖ) ਖਰਾ ਖਰਾ ਆਖਦੇ ਹਨ।(ਕਿਉਂਕਿ ਉਸ ਪਾਸ) ਖਰਾ ਨਾਮ ਰੂਪ ਰਤਨ ਹੈ, ਜੋ ਚਾਰੇ ਜੁਗਾਂ ਵਿਚ ਹੀ ਖਰਾ ਹੁੰਦਾ ਹੈ।(ਨਾਮ ਹੀਣ ਮਨੁੱਖ) ਖਾਣ ਪੀਣ ਵਿਚ ਹੀ ਮਰ ਗਏ ਹਨ, (ਉਨ੍ਹਾਂ ਨੇ ਨਾਮ ਦੀ ਕਦਰ ਨੂੰ) ਨਹੀਂ ਜਾਣਿਆ।(ਉਹ ਮਨੁੱਖ ਆਪਾ ਭਾਵ ਤੋਂ) ਇਕ ਖਿਨ ਵਿਚ ਮਰ ਗਏ ਹਨ, ਜਦੋਂ (ਉਨ੍ਹਾਂ ਨੇ ਗੁਰੂ ਦੇ) ਸ਼ਬਦ ਨੂੰ ਪਛਾਣਿਆ ।(ਉਨ੍ਹਾਂ ਦਾ) ਚਿਤ ਅਡੋਲ ਹੋ ਗਿਆ ਹੈ, (ਕਿਉਂਕਿ ਉਨ੍ਹਾਂ ਦਾ) ਮਨ ਜੀਵਤ ਭਾਵ ਦੇ ਮਰਨ ਵਿਚ ਮੰਨ ਗਿਆ ਹੈ; ਜੀਵਤ ਭਾਵ ਦੇ ਮਰਨ ਨਾਲ ਮਨ ਨੂੰ ਤਸੱਲੀ ਹੋ ਗਈ।(ਉਨ੍ਹਾਂ ਨੇ) ਗੁਰੂ ਦੀ ਕਿਰਪਾ ਨਾਲ ਨਾਮ ਨੂੰ ਪਛਾਣ ਲਿਆ ਹੈ।੧੯।(ਹੇ ਪੰਡਤ!)

ਪ੍ਰਮਾਤਮਾ ਜੋ ਅਕਾਸ਼ ਵਾਂਗ ਸਭ ਜਗ੍ਹਾ ਵਿਆਪਕ ਅਤੇ ਗੰਭੀਰ ਹੈ, (ਉਸ ਦਾ ਹਰੇਕ ਜੀਵ ਦੇ) ਹਿਰਦੇ ਰੂਪ ਅਕਾਸ਼ ਵਿਚ ਵਾਸਾ ਹੈ।(ਜੋ ਮਨੁੱਖ ਉਸ ਦੇ) ਗੁਣ ਗਾਉਂਦਾ ਹੈ, ਉਸ ਦਾ) ਕੁਦਰਤੀ ਸੁਖ ਵਿਚ ਨਿਵਾਸ ਹੁੰਦਾ ਹੈ।(ਫਿਰ ਉਹ) ਆਵਾਗਉਣ ਵਿਚ ਨਹੀਂ ਪੈਂਦਾ; ਗਿਆਨ ਕਰਕੇ ਜੋ ਅਗਿਆਨ ਚਲਾ ਗਿਆ, (ਉਹ ਮੁੜ ਕੇ ਗਿਆਨੀ ਦੇ ਮਨ ਵਿਚ) ਨਹੀਂ ਆਉਂਦਾ ਅਤੇ ਗਿਆਨ ਆ ਕੇ (ਗਿਆਨੀ ਦੇ ਮਨ ਵਿਚੋਂ ਮੁੜ ਕੇ) ਜਾਂਦਾ ਨਹੀਂ (ਸੰ.ਸ.; ਫ.ਸ.; ਗੁ.ਗ੍ਰੰ.ਕੋਸ਼)।ਗੁਰੂ ਦੀ ਕ੍ਰਿਪਾ ਨਾਲ (ਉਹ ਪ੍ਰਭੂ ਵਿਚ) ਸੁਰਤ ਜੋੜ ਕੇ ਰਹਿੰਦਾ ਹੈ।ਉਹ ਪ੍ਰਭੂ ਅਕਾਸ਼ ਵਾਂਗ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, (ਉਸ ਦਾ ਕੋਈ) ਮਾਲਕ ਨਹੀਂ ਅਤੇ ਉਹ ਜੋਨੀਆਂ ਵਿਚ ਨਹੀਂ ਪੈਂਦਾ।(ਉਸ ਵਿਚ) ਚਿਤ ਦਾ ਟਿਕਾਉ ਹੀ ਸਰਗੁਣ ਸਰੂਪ ਦੀ ਸਮਾਧੀ ਹੈ।(ਹੇ ਪੰਡਤ!) ਹਰੀ ਦਾ ਨਾਮ ਚੇਤੇ ਕਰਿਆ ਕਰ, ਫਿਰ ਤੂੰ ਜੋਨੀਆਂ ਵਿਚ ਨਹੀਂ ਪਵੇਂਗਾ।ਗੁਰੂ ਦੀ ਮੱਤ (ਸਭ ਤੋਂ) ਸ੍ਰੇਸਟ ਹੈ, ਹੋਰ ਸਾਰੇ ਮੱਤ ਨਾਮ ਤੋਂ ਖਾਲੀ ਹਨ।੨੦।

ਪਦਾਰਥ = ਖੋਜਤ ਖੋਜਤ–ਖੋਜਦਿਆਂ ਖੋਜਦਿਆਂ।ਪੀਆ–ਪੀਤਾ।ਗਹੀ–ਗ੍ਰਹਿਣ ਕੀਤੀ।ਸਤਿਗੁਰਿ–ਸਤਿਗੁਰੂ ਵਿਚ।ਦੀਆ–ਦਿਤਾ। ਖਰਾ–ਸ਼ੁੱਧ; ਸੱਚਾ।ਰਤਨੁ–ਅਮੋਲਕ ਨਾਮ।ਖਾਤ ਪੀਅੰਤ–ਖਾਣ ਪੀਣ ਵਿਚ।ਮੂਏ–(ਆਤਮਕ ਮੌਤੇ) ਮਰ ਗਏ।ਖਿਨ ਮਹਿ–ਇਕ ਛਿਨ ਵਿਚ।ਮੁਏ–ਆਪਾ ਭਾਵ ਵਲੋਂ ਮਰ ਗਏ।ਜਾ–ਜਦੋਂ।ਅਸਥਿਰੁ–ਅਡੋਲ।ਮਰਨਿ–ਜੀਵਤ ਭਾਵ ਦੇ ਮਰਨ ਵਿਚ।ਮਨੁ ਮਾਨਿਆ–ਮਨ ਨੂੰ ਤਸੱਲੀ ਹੋ ਗਈ; ਮਨ ਪਤੀਜ ਗਿਆ।ਤੇ–ਤੋਂ; ਨਾਲ।੧੯।ਗਗਨ–ਅਕਾਸ਼ ਵਾਂਗ ਸਰਬ ਵਿਆਪਕ ਪ੍ਰਮਾਤਮਾ।ਗੰਭੀਰੁ–ਅਥਾਹ; ਵੱਡਾ।ਗਗਨੰਤਰਿ–ਹਿਰਦੇ ਰੂਪ ਅਕਾਸ਼ ਵਿਚ; ਸਰਬ ਵਿਆਪਕ ਪ੍ਰਭੂ ਵਿਚ।ਸੁਖ ਸਹਜਿ–ਨਿਰਯਤਨ ਕੁਦਰਤੀ ਸੁਖ। ਗਇਆ ਨ ਆਵੈ–ਗਿਆ ਹੋਇਆ (ਅਗਿਆਨ) ਮੁੜ ਕੇ ਨਹੀਂ ਆਉਂਦਾ।ਆਇ ਨ ਜਾਇ–(ਗਿਆਨ) ਆ ਕੇ ਜਾਂਦਾ ਨਹੀਂ।ਗੁਰ ,,ਪਰਸਾਦਿ–ਗੁਰੂ ਦੀ ਕਿਰਪਾ ਨਾਲ।ਅਗੰਮੁ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਨਾਥੁ–ਜਿਸ ਦੇ ਉਤੇ ਕੋਈ ਮਾਲਕ ਨਹੀਂ।ਅਜੋਨੀ –ਜੋਨੀਆਂ ਵਿਚ ਨਹੀਂ ਪੈਂਦਾ।ਚੀਤੁ–ਚਿੱਤ।ਸਮਾਧਿ ਸਗੋਨੀ–ਸਰਗੁਣ ਪ੍ਰਭੂ ਦੀ ਸਮਾਧੀ।ਚੇਤਿ–ਯਾਦ ਕਰ।ਫਿਰਿ–ਮੁੜ ਕੇ।ਪਵਹਿ ਨ–ਨਹੀਂ ਪਵੇਂਗਾ।ਜੂਨੀ–ਜੋਨੀਆਂ ਵਿਚ।ਗੁਰਮਤਿ–ਗੁਰੂ ਦੀ ਸਿੱਖਿਆ।ਸਾਰੁ–ਸ੍ਰੇਸਟ।ਬਿਹੂਨੀ–ਖਾਲੀ।੨੦।

ਘਰ ਦਰ ਫਿਰਿ ਥਾਕੀ ਬਹੁਤੇਰੇ ॥ ਜਾਤਿ ਅਸੰਖ ਅੰਤ ਨਹੀ ਮੇਰੇ ॥ ਕੇਤੇ ਮਾਤ ਪਿਤਾ ਸੁਤ ਧੀਆ ॥ ਕੇਤੇ ਗੁਰ ਚੇਲੇ ਫੁਨਿ ਹੂਆ ॥ ਕਾਚੇ ਗੁਰ ਤੇ ਮੁਕਤਿ ਨ ਹੂਆ ॥ ਕੇਤੀ ਨਾਰਿ ਵਰੁ ਏਕੁ ਸਮਾਲਿ ॥ ਗੁਰਮੁਖਿ ਮਰਣੁ ਜੀਵਣੁ ਪ੍ਰਭ ਨਾਲਿ ॥ ਦਹ ਦਿਸ ਢੂਢਿ ਘਰੈ ਮਹਿ ਪਾਇਆ ॥ ਮੇਲੁ ਭਇਆ ਸਤਿਗੁਰੂ ਮਿਲਾਇਆ ॥੨੧॥ ਗੁਰਮੁਖਿ ਗਾਵੈ ਗੁਰਮੁਖਿ ਬੋਲੈ ॥ ਗੁਰਮੁਖਿ ਤੋਲਿ ਤੁੋਲਾਵੈ ਤੋਲੈ ॥ ਗੁਰਮੁਖਿ ਆਵੈ ਜਾਇ ਨਿਸੰਗੁ ॥ ਪਰਹਰਿ ਮੈਲੁ ਜਲਾਇ ਕਲੰਕੁ ॥ ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਮਜਨੁ ਚਜੁ ਅਚਾਰੁ ॥ ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ ॥ ਨਾਨਕ ਗੁਰਮੁਖਿ ਪਾਵੈ ਪਾਰੁ ॥੨੨॥ (ਸਤਿਗੁਰੂ ਜੀ ਜੀਵ ਦੀ ਜਿੰਦ ਵੱਲੋਂ ਆਖਦੇ ਹਨ ਕਿ) ਮੈਂ ਬਹੁਤ ਦੇਹਾਂ (ਜੋਨੀਆਂ) ਦੇ ਅੰਦਰ ਘੁੰਮ ਫਿਰ ਕੇ ਥੱਕ ਗਈ ਹੈ।ਮੈਂ ਅਣਗਿਣਤ ਜਨਮਾਂ ਵਿਚੋਂ ਲੰਘੀ ਹਾਂ, (ਜਿਨ੍ਹਾਂ ਦਾ) ਮੇਰੇ ਤੋਂ ਅੰਤ ਨਹੀਂ ਪਾਇਆ ਜਾਂਦਾ।ਕਿਤਨੇ ਹੀ ਮੇਰੇ ਮਾਤਾ ਪਿਤਾ ਪੁਤ੍ਰ ਤੇ ਧੀਆਂ ਬਣੇ।ਕਿਤਨੇ ਹੀ ਮੇਰੇ ਗੁਰੂ ਹੋਏ ਅਤੇ ਫਿਰ ਕਿਤਨੀ ਵਾਰੀ (ਮੈਂ ਉਨ੍ਹਾਂ ਗੁਰੂਆਂ ਦਾ) ਚੇਲਾ ਹੋਇਆ ਹਾਂ।(ਪਰ ਮੈਂ ਇਸ ਤਰ੍ਹਾਂ ਦੇ) ਕੱਚੇ ਗੁਰੂ ਤੋਂ ਮੁਕਤ ਨਹੀਂ ਹੋ ਸਕਿਆ (ਮੈਨੂੰ ਸੱਚਾ ਗੁਰੂ ਨਹੀਂ ਮਿਲਿਆ)।ਪ੍ਰਭੂ ਪਤੀ ਇਕ ਹੈ, (ਪਰ ਉਸ ਦੀਆਂ) ਕਿਤਨੀਆਂ ਹੀ ਜੀਵ ਇਸਤ੍ਰੀਆਂ ਹਨ, (ਜਿਨ੍ਹਾਂ ਦੀ ਉਹ) ਸੰਭਾਲ ਕਰਦਾ ਹੈ।(ਇਨ੍ਹਾਂ ਵਿਚੋਂ ਜੋ) ਗੁਰਮੁਖ ਜੀਵ ਇਸਤ੍ਰੀ ਹੈ, (ਉਸ ਦਾ) ਮਰਨ ਤੇ ਜੀਵਨ ਪ੍ਰਭੂ ਪਤੀ ਨਾਲ ਹੁੰਦਾ ਹੈ।ਮੈਂ ਦਸੇ ਦਿਸ਼ਾਵਾਂ ਵਿਚ ਢੂੰਢ ਕੇ ਹਿਰਦੇ ਘਰ ਵਿਚੋਂ ਹੀ ਪ੍ਰਭੂ ਪਤੀ ਨੂੰ ਪਾ ਲਿਆ ਹੈ।(ਇਸ ਗੁਰਮੁਖ ਜੀਵ ਇਸਤ੍ਰੀ ਦਾ ਜੋ) ਪ੍ਰਭੂ ਨਾਲ ਮੇਲ ਹੋਇਆ ਹੈ, (ਉਹ ਮੇਲ ਇਸ ਦਾ) ਸਤਿਗੁਰੂ ਨੇ ਮਿਲਾਇਆ ਹੈ।੨੧।(ਹੇ ਪੰਡਤ!) ਗੁਰਮੁਖ ਹਰੀ ਦੇ ਗੁਣ ਗਾਉਂਦਾ ਹੈ ਅਤੇ ਹਰੀ ਦਾ ਨਾਮ ਹੀ ਬੋਲਦਾ (ਜਪਦਾ) ਹੈ।ਗੁਰਮੁਖਿ ਵਿਚਾਰ ਰੂਪ ਤੋਲ ਨਾਲ ਹਰੀ ਦੇ ਗੁਣ ਤੋਲਦਾ ਹੈ ਅਤੇ ਹੋਰਨਾਂ ਤੋਂ ਵੀ ਤੁਲਾਉਂਦਾ ਹੈ; ਗੁਰਮੁਖ ਹਰੀ ਦੀ ਪਰਖ ਕਰਦਾ ਹੈ ਅਤੇ ਹੋਰਨਾਂ ਤੋਂ ਹਰੀ ਦੀ ਪਰਖ ਕਰਾਉਂਦਾ ਹੈ।ਗੁਰਮੁਖ ਸ਼ੰਕਾ ਰਹਿਤ ਹੋ ਕੇ ਆਉਂਦਾ ਜਾਂਦਾ ਹੈ (ਉਸ ਨੂੰ ਕਿਧਰੇ ਆਉਣ ਜਾਣ ਦੀ ਕੋਈ ਰੁਕਾਵਟ ਨਹੀਂ); ਗੁਰਮੁਖ ਸੰਸਾਰ ਵਿਚ ਜਨਮ ਲੈ ਕੇ ਆਉਂਦਾ ਹੈ, (ਪਰ) ਸ਼ੰਕਾ ਰਹਿਤ ਹੋ ਕੇ (ਸੰਸਾਰ ਵਿਚੋਂ) ਜਾਂਦਾ ਹੈ (ਉਸ ਨੂੰ ਸ਼ੰਕਾ ਨਹੀਂ ਰਹਿੰਦੀ ਕਿ ਮੈਂ ਮੁੜ ਜੰਮਣ ਮਰਨ ਦੇ ਗੇੜ ਵਿਚ ਪਵਾਂਗਾ।ਉਹ ਵਿਸ਼ੇ ਵਿਕਾਰਾਂ ਦੀ) ਮੈਲ ਦੂਰ ਕਰਕੇ ਹਰ ਦੋਸ਼ ਨੂੰ ਸਾੜ ਦੇਂਦਾ ਹੈ।ਗੁਰਮੁਖਾਂ ਦਾ ਉਪਦੇਸ਼ ਹੀ ਬੇਦ ਦਾ ਵੀਚਾਰ ਹੈ।ਸ੍ਰੇਸਟ ਕਰਮ ਕਰਨਾ ਗੁਰਮੁਖਾਂ ਦਾ ਤੀਰਥ ਇਸ਼ਨਾਨ ਹੈ।ਗੁਰਮੁਖਾਂ ਦਾ ਉਪਦੇਸ਼ ਸ੍ਰੇਸਟ ਅੰਮ੍ਰਿਤ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ (ਭਵਜਲ ਦਾ) ਪਾਰਲਾ ਕੰਢਾ ਪ੍ਰਾਪਤ ਕਰ ਲੈਂਦਾ ਹੈ।੨੨।

ਪਦਾਰਥ = ਘਰ ਦਰ–ਦੇਹ ਰੂਪ ਘਰਾਂ ਦੇ ਅੰਦਰ (ਜੋਨੀਆਂ ਵਿਚ); ਸਧਾਰਨ ਲੋਕਾਂ ਦੇ ਘਰ ਅਤੇ ਰਾਜ ਦੁਆਰਾ ਭਾਵ ਨੀਚ ਉਚ ਜੋਨੀਆਂ (ਮ.ਕੋ.)। ਫਿਰਿ ਥਾਕੀ–ਫਿਰ ਕੇ ਥੱਕ ਗਈ ਹੈ। ਬਹੁਤੇਰੇ–ਬਹੁਤ। ਜਾਤਿ–ਜਨਮਾਂ ਵਿਚ। ਅਸੰਖ–ਅਣਗਿਣਤ। ਕੇਤੇ–ਕਿਤਨੇ ਹੀ; ਅਨੇਕਾਂ। ਸੁਤ–ਪੁਤ੍ਰ। ਧੀਆ–ਧੀਆਂ। ਫੁਨਿ–ਫਿਰ। ਤੇ–ਤੋਂ। ਕੇਤੀ–ਅਨੇਕਾਂ; ਕਿਤਨੀਆਂ ਹੀ। ਨਾਰਿ–ਜੀਵ ਇਸਤ੍ਰੀਆਂ। ਵਰੁ ਏਕੁ–ਇਕ ਪਤੀ ਪ੍ਰਭੂ। ਸਮਾਲਿ–ਸੰਭਾਲ ਕਰਦਾ ਹੈ। ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਰਹਿਣ ਵਾਲੀ ਜੀਵ ਇਸਤ੍ਰੀ। ਦਹ ਦਿਸ–ਦਸੀਂ ਪਾਸੇ। ਢੂਢਿ–ਲੱਭ ਕੇ। ਘਰੈ ਮਹਿ–ਹਿਰਦੇ ਘਰ ਵਿਚ ਹੀ। ਭਇਆ–ਹੋਇਆ। ੨੧। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਤੋਲਿ ਤੁਲਾਵੈ –ਵਿਚਾਰ ਰੂਪ ਵੱਟੇ ਨਾਲ ਗੁਣ ਤੋਲਦਾ ਤੇ ਹੋਰਨਾਂ ਤੋਂ ਤੋਲ ਕਰਾਉਂਦਾ ਹੈ। ਨਿਸੰਗੁ–ਸੰਕਾ ਰਹਿਤ ਹੋ ਕੇ; ਰੋਕ ਟੋਕ ਤੋਂ ਬਿਨਾ। ਪਰ ਹਰਿ–ਦੂਰ ਕਰਕੇ। ਕਲੰਕ–ਦੋਸ਼; ਦਾਗ। ਨਾਦ–ਸ਼ਬਦ (ਉਪਦੇਸ਼)। ਮਜਨੁ–ਤੀਰਥ ਇਸ਼ਨਾਨ। ਚਜੁ ਅਚਾਰੁ–ਸ੍ਰੇਸਟ ਕਰਮ। ਸਾਰੁ–ਸ੍ਰੇਸਟ। ਪਾਵੈ ਪਾਰੁ–(ਸੰਸਾਰ ਸਮੁੰਦਰ ਦਾ) ਪਾਰਲਾ ਕੰਢਾ ਪ੍ਰਾਪਤ ਕਰ ਲੈਂਦਾ ਹੈ। ੨੨।

ਚੰਚਲੁ ਚੀਤੁ ਨ ਰਹਈ ਠਾਇ ॥ ਚੋਰੀ ਮਿਰਗੁ ਅੰਗੂਰੀ ਖਾਇ ॥ ਚਰਨ ਕਮਲ ਉਰ ਧਾਰੇ ਚੀਤ ॥ ਚਿਰੁ ਜੀਵਨੁ ਚੇਤਨੁ ਨਿਤ ਨੀਤ ॥ ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥ ਚਿਤਿ ਵਸੈ ਰਾਚੈ ਹਰਿ ਨਾਇ ॥ ਮੁਕਤਿ ਭਇਆ ਪਤਿ ਸਿਉ ਘਰਿ ਜਾਇ ॥੨੩॥ ਛੀਜੈ ਦੇਹ ਖੁਲੈ ਇਕ ਗੰਢਿ ॥ ਛੇਆ ਨਿਤ ਦੇਖਹੁ ਜਗਿ ਹੰਢਿ ॥ ਧੂਪ ਛਾਵ ਜੇ ਸਮ ਕਰਿ ਜਾਣੈ ॥ ਬੰਧਨ ਕਾਟਿ ਮੁਕਤਿ ਘਰਿ ਆਣੈ ॥ ਛਾਇਆ ਛੂਛੀ ਜਗਤੁ ਭੁਲਾਨਾ ॥ ਲਿਖਿਆ ਕਿਰਤੁ ਧੁਰੇ ਪਰਵਾਨਾ ॥ ਛੀਜੈ ਜੋਬਨੁ ਜਰੂਆ ਸਿਰਿ ਕਾਲੁ ॥ ਕਾਇਆ ਛੀਜੈ ਭਈ ਸਿਬਾਲੁ ॥੨੪॥ (ਹੇ ਪੰਡਤ!) ਚੰਚਲ ਚਿੱਤ ਇਕ ਥਾਂ ਤੇ ਟਿਕਿਆ ਨਹੀਂ ਰਹਿੰਦਾ। ਮਨ ਰੂਪ ਹਿਰਨ ਲੁਕ ਲੁਕ ਕੇ ਵਿਸ਼ੇ ਰੂਪ ਹਰੀ ਅੰਗੂਰੀ ਖਾਂਦਾ ਹੈ (ਵਿਸ਼ੇ ਭੋਗਦਾ ਰਹਿੰਦਾ ਹੈ। ਪਰ ਜੇ ਇਹ ਮਨ) ਹਰੀ ਦੇ ਚਰਨ ਕਮਲ ਚਿੱਤ ਦੇ ਧੁਰ ਅੰਦਰ ਟਿਕਾ ਕੇ ਰੱਖੇ। (ਫਿਰ ਇਹ) ਸਦਾ ਲਈ ਚੇਤੰਨ ਅਤੇ ਵੱਡੀ ਉਮਰ ਵਾਲਾ ਹੋ ਜਾਂਦਾ ਹੈ। (ਸੰਸਾਰ ਵਿਚ) ਸਭ ਕੋਈ ਚਿੰਤਾਤੁਰ ਹੀ ਦਿਸਦਾ ਹੈ। (ਪਰ ਜੋ ਮਨੁੱਖ) ਇਕ ਪ੍ਰਭੂ ਨੂੰ ਸਿਮਰਦੇ ਹਨ, ਉਨ੍ਹਾਂ ਦੇ ਮਨਾਂ ਵਿਚ ਸੁਖ ਹੁੰਦਾ ਹੈ। (ਜੋ ਮਨੁੱਖ) ਹਰੀ ਦੇ ਨਾਮ ਵਿਚ ਲੀਨ ਹੁੰਦਾ ਹੈ, ਉਸ ਦੇ ਚਿਤ ਵਿਚ ਪ੍ਰਭੂ ਆ ਵਸਦਾ ਹੈ। ਉਹ ਮੁਕਤ ਹੋ ਗਿਆ ਹੁੰਦਾ ਹੈ ਅਤੇ ਇੱਜਤ ਨਾਲ ਅਪਣੇ ਅਸਲੀ ਘਰ ਵਿਚ ਪਹੁੰਚ ਜਾਂਦਾ ਹੈ। ੨੩। (ਹੇ ਪੰਡਤ! ਜਦੋਂ) ਪ੍ਰਾਣਾਂ ਦੀ ਇਕ ਗੰਢ ਖੁਲ੍ਹਦੀ ਹੈ, ਤਾਂ ਸਰੀਰ ਨਾਸ਼ ਹੋ ਜਾਂਦਾ ਹੈ; ਸਰੀਰ ਟੁੱਟਣ ਨਾਲ, ਜੋ ਅੰਗਾਂ ਦੀ ਗੰਢ ਇਕ ਬੱਧੀ ਹੋਈ ਸੀ, ਉਹ ਖੁਲ੍ਹ ਜਾਂਦੀ ਹੈ (ਸਾਰੇ ਤੱਤ ਖਿੰਡ ਜਾਂਦੇ ਹਨ)। ਜਗਤ ਵਿਚ ਫਿਰ ਕੇ ਦੇਖ ਲਵੋ, ਦੇਹ ਨਾਸ਼ਵੰਤ ਅਤੇ ਅਨਿੱਤ ਹੈ; ਮੌਤ ਨਿਤ ਵਰਤ ਰਹੀ ਹੈ। (ਪਰ ਜੇ ਕੋਈ ਮਨੁੱਖ) ਦੁਖ ਤੇ ਸੁਖ ਨੂੰ ਇਕੋ ਜਿਹਾ ਕਰਕੇ ਜਾਣੇ। (ਤਾਂ ਉਹ ਮੋਹ ਮਾਇਆ ਦੇ) ਬੰਧਨ ਕੱਟ ਕੇ (ਅਪਣੇ ਆਪ ਨੂੰ) ਮੁਕਤੀ ਦੇ ਘਰ ਵਿਚ ਲੈ ਆਉਂਦਾ ਹੈ। ਮਾਇਆ (ਅਸਲੀਅਤ ਵਿਚ ਤਾਂ) ਥੋਥੀ ਹੈ, (ਪਰ ਮਾਇਆ ਦੇ ਮੋਹ ਵਿਚ ਸਾਰਾ) ਜਗਤ ਭੁਲਿਆ (ਕੁਰਾਹੇ ਪਿਆ) ਹੋਇਆ ਹੈ। (ਪਰ ਮਨੁੱਖ ਦੇ ਵਸ ਵਿਚ ਕੀ ਹੈ?) ਧੁਰ ਤੋਂ ਹੀ ਕਰਮਾਂ ਦਾ ਕਿਰਤ ਰੂਪ ਪ੍ਰਵਾਨਾ (ਇਸ ਦੇ ਮੱਥੇ ਤੇ) ਲਿਖਿਆ ਹੋਇਆ ਹੈ। (ਜਦੋਂ) ਜਵਾਨੀ ਮੁੱਕ ਜਾਂਦੀ ਹੈ, ਬੁਢੇਪਾ ਆ ਜਾਂਦਾ ਹੈ, (ਉਸ ਵੇਲੇ) ਸਿਰ ਉਤੇ ਕਾਲ ਖੜਾ ਦਿਸਦਾ ਹੈ। ਦੇਹ ਨਾਸ਼ ਹੋ ਜਾਂਦੀ ਹੈ ਅਤੇ ਪਾਣੀ ਦੇ ਜਾਲੇ ਵਾਂਗ ਹੋ ਜਾਂਦੀ ਹੈ (ਭਾਵ ਚੇਤਨ ਸੱਤਾ ਅੰਦਰੋਂ ਨਿਕਲ ਜਾਂਦੀ ਹੈ, ਜਿਵੇਂ ਪਾਣੀ ਉਤੇ ਬੂਰ ਜਿਹਾ ਕੱਠਾ ਹੋਇਆ ਦਿਸਦਾ ਹੈ, ਹਲਾਉਣ ਨਾਲ ਖਿੰਡ ਜਾਂਦਾ ਹੈ, ਇਵੇਂ ਸਰੀਰ ਦੇ ਤੱਤ ਖਿਲਰ ਜਾਂਦੇ ਹਨ)। ੨੪।

ਪਦਾਰਥ = ਨ ਰਹਈ–ਨਹੀਂ ਰਹਿੰਦਾ। ਠਾਇ–ਇਕ ਥਾਂ। ਚੋਰੀ–ਲੁਕ ਛਿਪ ਕੇ। ਮਿਰਗੁ–ਮਨ ਰੂਪ ਹਿਰਨ; ਕਾਮਾਦਿਕ ਮਿਰਗ। ਅੰਗੂਰੀ–ਨਵੀਂ ਫੁੱਟੀ ਹਰਿਆਈ; ਪੁੰਗਰੀ ਹੋਈ ਨਵੀਂ ਖੇਤੀ (ਵਿਸ਼ੇ ਭੋਗ)। ਉਰ ਧਾਰੇ ਚੀਤ–ਚਿਤ ਦੇ ਧੁਰ ਅੰਦਰ ਟਿਕਾ ਕੇ ਰੱਖੇ। ਚਿਰੁ ਜੀਵਨੁ–ਚਿਰੰਜੀਵੀ; ਵੱਡੀ ਉਮਰ ਵਾਲਾ ਮਨੁੱਖ। ਚੇਤਨੁ–ਸੁਚੇਤ। ਨਿਤ ਨੀਤ–ਸਦਾ ਲਈ। ਚਿੰਤਤ–ਫਿਕਰਮੰਦ। ਸਭੁ ਕੋਇ–ਹਰੇਕ ਜੀਵ। ਚੇਤਹਿ–ਜੋ ਸਿਮਰਦੇ ਹਨ। ਏਕੁ–ਇਕ ਪ੍ਰਭੂ ਨੂੰ। ਤਹੀ–ਉਨ੍ਹਾਂ ਦੇ ਮਨ ਵਿਚ। ਚਿਤਿ–ਚਿੱਤ ਵਿਚ। ਰਾਚੈ–ਲੀਨ ਹੁੰਦਾ ਹੈ। ਨਾਇ–ਨਾਮ ਵਿਚ। ਭਇਆ–ਹੋ ਗਿਆ। ਪਤਿ ਸਿਉ–ਇੱਜਤ ਨਾਲ। ਘਰਿ–ਅਪਣੇ ਅਸਲੀ ਘਰ ਵਿਚ। ੨੩। ਛੀਜੈ–ਨਾਸ਼ ਹੋ ਜਾਂਦਾ ਹੈ। ਗੰਢਿ–ਪ੍ਰਾਣਾਂ ਦੀ ਗੰਢ; ਸਰੀਰ ਦੇ ਅੰਗਾਂ ਦੀ ਗੰਢ। ਛੇਆ–ਨਾਸ਼; ਮੌਤ। ਨਿਤ–ਹਰ ਰੋਜ; ਸਦਾ। ਛੇ ਆਨਿਤ–ਨਾਸ਼ਵੰਤ ਅਤੇ ਨਿੱਤ ਨਾ ਰਹਿਣ ਵਾਲੀ ਹੈ। ਜਗਿ–ਜਗਤ ਵਿਚ। ਹੰਢਿ–ਘੁੰਮ ਫਿਰ ਕੇ। ਧੂਪ ਛਾਵ–ਧੁੱਪ ਤੇ ਛਾਂ ਭਾਵ ਦੁਖ ਸੁਖ। ਸਮ ਕਰਿ–ਇਕੋ ਜਿਹੇ ਕਰਕੇ। ਕਾਟਿ–ਕੱਟ ਕੇ। ਛਾਇਆ–ਮਾਇਆ; ਅਵਿਦਿਆ। ਛੂਛੀ–ਥੋਥੀ; ਤੁੱਛ। ਭੁਲਾਨਾ–ਭੁਲਾਇਆ ਹੈ; ਕੁਰਾਹੇ ਪਾਇਆ ਹੋਇਆ ਹੈ। ਕਿਰਤ–ਕੀਤੇ ਕਰਮਾਂ ਦਾ ਸਮੂਹ। ਧੁਰੇ–ਧੁਰ ਤੋਂ। ਪਰਵਾਨਾ–ਹੁਕਮ ਦਾ ਲੇਖ। ਜੋਬਨੁ–ਜਵਾਨੀ। ਜਰੂਆ–ਬੁਢੇਪਾ। ਸਿਰਿ

–ਸਿਰ ਉਤੇ। ਕਾਇਆ–ਸਰੀਰ। ਭਈ–ਹੋ ਜਾਂਦੀ ਹੈ। ਸਿਬਾਲੁ–ਪਾਣੀ ਦਾ ਜਾਲਾ। ੨੪।

ਅੰਗ ੯੩੩ = ਜਾਪੈ ਆਪਿ ਪ੍ਰਭੂ ਤਿਹੁ ਲੋਇ ॥ ਜੁਗਿ ਜੁਗਿ ਦਾਤਾ, ਅਵਰੁ ਨ ਕੋਇ ॥ ਜਿਉ ਭਾਵੈ, ਤਿਉ ਰਾਖਹਿ ਰਾਖੁ ॥ ਜਸੁ ਜਾਚਉ ,ਦੇਵੈ ਪਤਿ ਸਾਖੁ ॥ ਜਾਗਤੁ ਜਾਗਿ ਰਹਾ, ਤੁਧੁ ਭਾਵਾ ॥ ਜਾ ਤੂ ਮੇਲਹਿ, ਤਾ ਤੁਝੈ ਸਮਾਵਾ ॥ ਜੈ ਜੈਕਾਰੁ ਜਪਉ ਜਗਦੀਸ ॥ ਗੁਰਮਤਿ ਮਿਲਿਐ ਬੀਸ ਇਕੀਸ ॥੨੫॥ ਝਖਿ ਬੋਲਣੁ ਕਿਆ ਜਗ ਸਿਉ ਵਾਦੁ ॥ ਝੂਰਿ ਮਰੈ ਦੇਖੈ ਪਰਮਾਦੁ ॥ ਜਨਮਿ ਮੂਏ, ਨਹੀ ਜੀਵਣ ਆਸਾ ॥ ਆਇ ਚਲੇ, ਭਏ ਆਸ ਨਿਰਾਸਾ ॥ ਝੁਰਿ ਝੁਰਿ ਝਖਿ, ਮਾਟੀ ਰਲਿ ਜਾਇ ॥ ਕਾਲੁ ਨ ਚਾਂਪੈ, ਹਰਿ ਗੁਣ ਗਾਇ ॥ ਪਾਈ ਨਵ ਨਿਧਿ, ਹਰਿ ਕੈ ਨਾਇ ॥ ਆਪੇ ਦੇਵੈ ਸਹਜਿ ਸੁਭਾਇ ॥੨੬॥ (ਹੇ ਪੰਡਤ!) ਪ੍ਰਭੂ ਆਪ ਹੀ ਤਿੰਨਾਂ ਲੋਕਾਂ ਵਿਚ ਪਰਗਟ ਹੈ। (ਸਾਰੇ ਜੀਵਾਂ ਦਾ ਉਹ) ਹਰੇਕ ਜੁਗ ਵਿਚ ਦਾਤਾ ਹੈ, (ਉਸ ਤੋਂ ਬਿਨਾ) ਹੋਰ ਕੋਈ ਦਾਤਾ ਨਹੀਂ। (ਉਸ ਦੇ ਅੱਗੇ ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਪ੍ਰਭੂ! ਤੈਨੂੰ) ਜਿਵੇਂ ਭਾਉਂਦਾ ਹੈ, ਤਿਵੇਂ ਤੂੰ ਮੈਨੂੰ ਰੱਖੀ ਰੱਖ। ਮੈਂ ਤੇਰਾ ਜਸ ਕਰਨ ਦੀ ਦਾਤ ਮੰਗਦਾ ਹਾਂ, (ਤੇਰਾ ਜਸ ਮਨੁੱਖ ਨੂੰ) ਇੱਜਤ ਤੇ ਪ੍ਰਸਿੱਧੀ ਦੇਂਦਾ ਹੈ। ਜੇ ਮੈਂ ਜਾਗ ਕੇ ਸੁਚੇਤ ਰਹਾਂ ਤਾਂ ਤੈਨੂੰ ਮੈਂ ਚੰਗਾ ਲਗਦਾ ਹਾਂ। ਜੇ ਤੂੰ ਮੈਨੂੰ ਸਤਿਗੁਰੂ ਨਾਲ ਮਿਲਾ ਦੇਵੇਂ ਤਾਂ (ਨਾਮ ਜਪ ਕੇ) ਤੇਰੇ ਵਿਚ ਸਮਾ ਜਾਵਾਂ। ਹੇ ਜਗਤ ਦੇ ਮਾਲਕ! ਮੈਂ ਤੇਰੀ ਜੈ ਜੈਕਾਰ ਕਰਦਾ ਹਾਂ ਅਤੇ ਤੇਰਾ ਨਾਮ ਜਪਦਾ ਹਾਂ। (ਇਸ ਤਰ੍ਹਾਂ) ਨਿਸ਼ਚੇ ਹੀ ਗੁਰੂ ਦੀ ਮੱਤ ਦੁਆਰਾ ਇਕ ਪ੍ਰਭੂ ਨੂੰ ਮਿਲ ਸਕੀਦਾ ਹੈ। ੨੫। (ਹੇ ਪੰਡਤ!) ਜਗਤ ਨਾਲ ਝਗੜਾ ਕਰਨ ਦਾ ਕੀ ਲਾਭ? ਝੱਖ ਮਾਰ ਕੇ ਫਜੂਲ ਬੋਲਣ ਵਾਲੀ ਗੱਲ (ਪਾਗਲਪਣ) ਹੈ। (ਜਦ ਮਨੁੱਖ ਅਪਣੇ) ਪਾਗਲਪੁਣੇ ਨੂੰ ਦੇਖਦਾ ਹੈ, ਤਾਂ (ਉਹ) ਝੂਰ ਝੂਰ ਕੇ ਮਰਦਾ ਹੈ (ਦੁਖੀ ਹੁੰਦਾ ਹੈ। ਅਜੇਹੇ ਮਨੁੱਖ ਸਹੀ) ਜੀਵਨ ਦੀ ਆਸ ਨਹੀਂ ਕਰਦੇ, (ਜਿਸ ਕਰਕੇ ਉਹ) ਜੰਮਦੇ ਮਰਦੇ ਰਹਿੰਦੇ ਹਨ। (ਉਹ ਜੀਵਨ ਵਿਚ ਬਣਾਈਆਂ) ਆਸਾਂ ਤੋਂ ਨਿਰਾਸ ਹੋ ਜਾਂਦੇ ਹਨ, (ਇਉਂ ਉਹ) ਦੁਨੀਆਂ ਵਿਚ ਆ ਕੇ ਖਾਲੀ ਚਲੇ ਜਾਂਦੇ ਹਨ। (ਅਜੇਹਾ ਮਨੁੱਖ) ਝੂਰ ਝੂਰ ਕੇ ਝੱਖ ਮਾਰ ਕੇ ਮਿੱਟੀ ਵਿਚ ਰਲ ਜਾਂਦਾ ਹੈ। (ਪਰ ਜੋ ਮਨੁੱਖ) ਹਰੀ ਦੇ ਗੁਣ ਗਾਉਂਦਾ ਹੈ, (ਉਸ ਨੂੰ) ਕਾਲ ਨਹੀਂ ਦਬਾਉਂਦਾ। (ਕਿਉਂਕਿ ਉਸ ਨੇ) ਹਰੀ ਦੇ ਨਾਮ ਸਿਮਰਨ ਦੁਆਰਾ ਨੌਂ ਨਿਧ ਪਾਈ ਹੁੰਦੀ ਹੈ। (ਇਹ ਨਾਮ ਦੀ ਦਾਤ ਉਸ ਨੂੰ) ਪ੍ਰਭੂ ਸੁਤੇ ਸਿਧ ਆਪ ਹੀ ਦੇਂਦਾ ਹੈ। ੨੬।

ਪਦਾਰਥ = ਜਾਪੈ–ਜਾਪਦਾ ਹੈ; ਪਰਗਟ ਹੈ। ਤਿਹੁ ਲੋਇ–ਤਿੰਨਾਂ ਲੋਕਾਂ ਵਿਚ। ਜੁਗਿ ਜੁਗਿ–ਹਰੇਕ ਜੁਗ ਵਿਚ। ਅਵਰੁ–ਹੋਰ। ਭਾਵੈ–ਚੰਗਾ ਲਗਦਾ ਹੈ। ਰਖਹਿ ਰਾਖੁ–ਰੱਖੀ ਰੱਖ। ਜਸੁ ਜਾਚਉ–ਸਿਫਤ ਸਲਾਹ ਮੰਗਦਾ ਹਾਂ। ਦੇਵੈ–ਦੇਂਦਾ ਹੈ। ਪਤਿ–ਇੱਜਤ। ਸਾਖੁ–ਨਾਮਣਾ (ਪ੍ਰਸਿੱਧੀ)। ਜਾਗਤ ਜਾਗਿ ਰਹਾ–ਜਾਗ ਕੇ ਜਾਗਦਾ ਰਹਾਂ। ਤੁਧੁ–ਤੈਨੂੰ। ਭਾਵਾ–ਚੰਗਾ ਲਗਦਾ ਹਾਂ। ਜਾ–ਜਦੋਂ; ਜੇ। ਤਾ–ਤਾਂ; ਤਦ। ਤੁਝੈ–ਤੇਰੇ ਵਿਚ। ਸਮਾਵਾ–ਸਮਾ ਜਾਵਾਂ। ਜਪਉ–ਮੈਂ ਜਪਦਾ ਹਾਂ। ਜਗਦੀਸ–ਹੇ ਜਗਤ ਦੇ ਮਾਲਕ ਪ੍ਰਭੂ!। ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਬੀਸ–ਵੀਹ ਵਿਸਵੇ (ਨਿਸ਼ਚੇ ਹੀ; ਜਰੂਰ); ਬਿਨਾ ਸੰਸੇ। ਇਕੀਸ–ਇਕ ਈਸ਼ਵਰ ਨੂੰ। ੨੫। ਝਖਿ–ਝੱਖਾਂ ਮਾਰ ਕੇ। ਜਗ ਸਿਉ–ਜਗਤ ਨਾਲ। ਵਾਦੁ–ਝਗੜਾ; ਬਹਿਸ। ਝੂਰਿ ਮਰੈ–ਝੁਰ ਝੁਰ ਕੇ ਮਰਦਾ (ਦੁਖੀ ਹੁੰਦਾ) ਹੈ। ਪਰਮਾਦੁ–ਪਾਗਲਪੁਣਾ। ਜਨਮਿ ਮੂਏ–ਜੰਮਦੇ ਮਰਦੇ ਹਨ। ਭਏ ਆਸ ਨਿਰਾਸਾ–ਆਸਾਂ ਤੋਂ ਨਿਰਾਸ ਹੋ ਕੇ। ਝੁਰਿ ਝੁਰਿ–ਖਪ ਖਪ ਕੇ। ਮਾਟੀ ਰਲਿ ਜਾਇ–ਮਿੱਟੀ ਵਿਚ ਮਿਲ ਜਾਂਦਾ ਹੈ (ਜੀਵਨ ਬਿਅਰਥ ਗੁਜਾਰ ਜਾਂਦਾ ਹੈ)। ਨ ਚਾਂਪੈ–ਦਬਾਉਂਦਾ ਨਹੀਂ। ਗਾਇ–ਗਾਉਂਦਾ ਹੈ। ਨਵ ਨਿਧਿ–ਧਰਤੀ ਦੇ ਨੌਂ ਖਜਾਨੇ (ਧਰਤੀ ਦਾ ਸਾਰਾ ਧਨ)। ਨਾਇ–ਨਾਮ ਸਿਮਰਨ ਦੁਆਰਾ। ਸਹਜਿ ਸੁਭਾਇ–ਸੁਤੇ ਸਿੱਧ ਹੀ। ੨੬।

ਵਿਆਨੋ ਬੋਲੈ ਆਪੇ ਬੂਝੈ ॥ ਆਪੇ ਸਮਝੈ ਆਪੇ ਸੂਝੈ ॥ ਗੁਰ ਕਾ ਕਹਿਆ ਅੰਕਿ ਸਮਾਵੈ ॥ ਨਿਰਮਲ ਸੂਚੇ ਸਾਚੋ ਭਾਵੈ ॥ ਗੁਰੁ ਸਾਗਰੁ ਰਤਨੀ ਨਹੀ ਤੋਟ ॥ ਲਾਲ ਪਦਾਰਥ ਸਾਚੁ ਅਖੋਟ ॥ ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ ਕੀ ਕਰਣੀ ਕਾਹੇ ਧਾਵਹੁ ॥ ਨਾਨਕ ਗੁਰਮਤਿ ਸਾਚਿ ਸਮਾਵਹੁ ॥੨੭॥ ਟੂਟੈ ਨੇਹੁ ਕਿ ਬੋਲਹਿ ਸਹੀ ॥ ਟੂਟੈ ਬਾਹ ਦੁਹੂ ਦਿਸ ਗਹੀ ॥ ਟੂਟਿ ਪਰੀਤਿ ਗਈ ਬੁਰ ਬੋਲਿ ॥ ਦੁਰਮਤਿ ਪਰਹਰਿ ਛਾਡੀ ਢੋਲਿ ॥ ਟੂਟੈ ਗੰਠਿ ਪੜੈ ਵੀਚਾਰਿ ॥ ਗੁਰ ਸਬਦੀ ਘਰਿ ਕਾਰਜੁ ਸਾਰਿ ॥ ਲਾਹਾ ਸਾਚੁ ਨ ਆਵੈ ਤੋਟਾ ॥ ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ ॥੨੮॥ (ਹੇ ਪੰਡਤ!) ਪ੍ਰਭੂ ਆਪ ਹੀ ਗੁਰੂ ਰੂਪ ਹੋ ਕੇ ਗਿਆਨ ਦਾ ਉਪਦੇਸ਼ ਉਚਾਰਦਾ ਹੈ ਅਤੇ ਆਪ ਹੀ ਸਿੱਖ ਰੂਪ ਹੋ ਕੇ ਗਿਆਨ ਨੂੰ ਸਮਝਦਾ ਹੈ। ਪ੍ਰਭੂ ਆਪ ਹੀ ਸਮਝਦਾ ਹੈ ਅਤੇ ਆਪ ਹੀ ਜਾਣਦਾ ਹੈ। ਗੁਰੂ ਦਾ ਉਚਾਰਿਆ ਉਪਦੇਸ਼ (ਜਿਹੜੇ ਮਨੁੱਖ) ਹਿਰਦੇ ਵਿਚ ਸਮਾ (ਵਸਾ) ਲੈਂਦੇ ਹਨ। (ਉਹ) ਮੈਲ ਰਹਿਤ ਸੁੱਚੇ ਹਨ ਅਤੇ (ਉਨ੍ਹਾਂ ਨੂੰ) ਸੱਚਾ ਪ੍ਰਭੂ ਚੰਗਾ (ਪਿਆਰਾ) ਲਗਦਾ ਹੈ; ਉਹ ਪ੍ਰਭੂ ਨੂੰ ਚੰਗੇ ਲਗਦੇ ਹਨ। ਗੁਰੂ ਸਾਗਰ ਰੂਪ ਹੈ, ਜਿਸ ਵਿਚ (ਰੱਬੀ ਗੁਣਾਂ ਦੇ) ਰਤਨਾਂ ਦੀ ਕੋਈ ਤੋਟ ਨਹੀਂ ਹੈ। (ਗੁਰੂ ਦੇ ਅੰਦਰ) ਲਾਲ ਤੇ ਪਦਾਰਥ ਅਤੇ ਸੱਚ ਆਦਿਕ ਅਮੁੱਕ ਗੁਣ ਹਨ। (ਹੇ ਭਾਈ! ਜੋ ਕੰਮ)

ਗੁਰੂ ਨੇ ਕਿਹਾ ਹੈ, ਉਹ ਕੰਮ ਕਮਾਵੋ (ਕਰੋ)। ਗੁਰੂ ਦੀ ਕਰਣੀ ਵੱਲੋਂ ਕਿਉਂ ਭੱਜਦੇ ਹੋ? (ਗੁਰੂ ਦੀ ਕਰਣੀ ਉਸ ਦੇ ਚੋਜ ਹੋ ਸਕਦੇ ਹਨ, ਜੋ ਸਾਡੀ ਸਮਝ ਤੋਂ ਪਰੇ ਹੋਣ)। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਮੱਤ ਦੁਆਰਾ ਸੱਚ ਸਰੂਪ ਪ੍ਰਭੂ ਵਿਚ ਸਮਾ ਜਾਓ। ੨੭। (ਹੇ ਪੰਡਤ!) ਜੋ ਮਨੁੱਖ (ਇਕ ਦੂਜੇ ਦੇ) ਸਾਮ੍ਹਣੇ ਹੋ ਕੇ ਬੁਰੇ ਬੋਲ ਬੋਲਦੇ ਹਨ, ਤਾਂ (ਆਪਸੀ) ਪ੍ਰੇਮ ਟੁੱਟ ਜਾਂਦਾ ਹੈ। (ਜਿਵੇਂ) ਦੋਹੀਂ ਪਾਸੀਂ ਫੜੀ ਹੋਈ ਬਾਂਹ ਖਿੱਚਣ ਨਾਲ ਟੁੱਟ ਜਾਂਦੀ ਹੈ। (ਜਿਵੇਂ) ਬੁਰੇ ਬੋਲ ਬੋਲਣ ਨਾਲ ਪ੍ਰੀਤ ਟੁੱਟ ਜਾਂਦੀ ਹੈ। (ਇਸੇ ਤਰ੍ਹਾਂ) ਖੋਟੀ ਮੱਤ ਵਾਲੀ ਇਸਤ੍ਰੀ ਨੂੰ ਪਤੀ ਨੇ ਛਡ ਦਿਤਾ ਹੁੰਦਾ ਹੈ। (ਟੂਟਿ ਗਈ – ਤੁਕ ਭੂਤ ਕਾਲ ਵਿਚ ਹੈ, ਪਰ ਅਰਥ ਵਰਤਮਾਨ ਕਾਲ ਵਿਚ ਕੀਤੇ ਹਨ। ਜੇ ਪ੍ਰੀਤ ਦੀ) ਗੰਢ ਟੁੱਟ ਜਾਵੇ, (ਤਾਂ ਉਹ) ਵਿਚਾਰ ਨਾਲ ਮੁੜ ਪੈ ਸਕਦੀ ਹੈ (ਟੁੱਟਿਆ ਸਬੰਧ ਮੁੜ ਜੁੜ ਜਾਂਦਾ ਹੈ, ਜੇ ਮਨੁੱਖ ਵਿਚਾਰ ਕਰੇ ਕਿ ਗਲਤੀ ਹੋਈ ਹੈ, ਕਿਉਂ ਵਿਛੜਿਆ ਸੀ। ਇਸੇ ਤਰ੍ਹਾਂ) ਗੁਰੂ ਦੇ ਸ਼ਬਦ ਦੁਆਰਾ ਜੀਵਨ ਦਾ ਕਾਰਜ ਸੰਭਾਲ ਕੇ ਅਪਣੇ ਅਸਲੀ ਘਰ ਵਿਚ ਆ ਜਾਈਦਾ ਹੈ। ਫਿਰ ਸੱਚਾ ਲਾਭ ਪ੍ਰਾਪਤ ਹੁੰਦਾ ਹੈ, ਕਦੇ ਤੋਟਾ ਨਹੀਂ ਆਉਂਦਾ (ਘਾਟਾ ਨਹੀਂ ਪੈਂਦਾ। ਕਿਉਂਕਿ) ਤਿੰਨਾਂ ਲੋਕਾਂ ਦਾ ਪਿਆਰਾ ਵੱਡਾ ਮਾਲਕ ਪ੍ਰਭੂ (ਜੀਵਨ ਦਾ ਸਹਾਰਾ ਬਣ ਜਾਂਦਾ) ਹੈ। ੨੮।

ਪਦਾਰਥ = ਵਿਆਨੋ–ਗਿਆਨ ਦਾ ਉਪਦੇਸ਼। ਆਪੇ–ਪ੍ਰਭੂ ਆਪ ਹੀ। ਸੂਝੈ–ਜਾਣਦਾ ਹੈ; ਦੇਖਦਾ ਹੈ। ਕਹਿਆ–ਦਸਿਆ ਉਪਦੇਸ਼। ਅੰਕਿ–ਹਿਰਦੇ ਵਿਚ। ਸਮਾਵੈ–ਵਸਾ ਲੈਂਦਾ ਹੈ। ਨਿਰਮਲ–ਮੈਲ ਰਹਿਤ (ਪਵਿਤ੍ਰ)। ਸੂਚੇ–ਸੁੱਚੇ। ਸਾਚੋ ਭਾਵੈ–ਸੱਚਾ ਪ੍ਰਭੂ ਪਿਆਰਾ ਲਗਦਾ ਹੈ। ਰਤਨੀ–ਰਤਨਾਂ ਦੀ। ਤੋਟ–ਘਾਟ। ਲਾਲ–ਮਾਣਕ। ਅਖੋਟ–ਨਾ ਮੁੱਕਣ ਵਾਲਾ। ਗੁਰਿ–ਗੁਰੂ ਨੇ। ਸਾ–ਉਹ। ਕਾਰ ਕਮਾਵਹੁ–ਕੰਮ ਕਰੋ; ਸੇਵਾ ਕਰੋ। ਕਾਹੇ ਧਾਵਹੁ–ਕਿਉਂ ਦੌੜਦੇ ਹੋ? ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਸਮਾਵਹੁ–ਲੀਨ ਹੋ ਜਾਓ। ੨੭। ਨੇਹੁ–ਪ੍ਰੇਮ। ਕਿ–ਜਿਹੜਾ। ਸਹੀ–ਸਾਮ੍ਹਣੇ। ਬਾਹ–ਬਾਂਹ। ਦੁਹੁ ਦਿਸ–ਦੋਹਾਂ ਪਾਸਿਆਂ ਤੋਂ। ਗਹੀ–ਫੜੀ ਹੋਈ। ਬੁਰ ਬੋਲਿ–ਬੁਰੇ ਬੋਲ ਬੋਲਣ ਨਾਲ। ਦੁਰਮਤਿ–ਖੋਟੀ ਮੱਤ ਵਾਲੀ ਇਸਤ੍ਰੀ। ਪਰਹਰਿ ਛਾਡੀ–ਛੱਡ ਦਿਤੀ ਹੈ। ਢੋਲਿ–ਪਤੀ ਨੇ। ਗੰਠਿ–ਗੰਢ; ਸਬੰਧ। ਪੜੈ–ਪੈ ਜਾਂਦੀ ਹੈ। ਵੀਚਾਰਿ–ਵਿਚਾਰ ਨਾਲ; ਅਕਲ ਨਾਲ। ਘਰਿ–ਘਰ ਵਿਚ। ਸਾਰਿ–ਸੰਭਾਲ ਕੇ। ਲਾਹਾ–ਲਾਭ। ਤੋਟਾ–ਘਾਟਾ। ਤ੍ਰਿਭਵਣ–ਤਿੰਨਾਂ ਲੋਕਾਂ (ਸਾਰੇ ਜਗਤ) ਦਾ। ਠਾਕੁਰੁ–ਮਾਲਕ ਪ੍ਰਭੂ। ਮੋਟਾ–ਵੱਡਾ। ੨੮।

ਠਾਕਹੁ ਮਨੂਆ, ਰਾਖਹੁ ਠਾਇ ॥ ਠਹਕਿ ਮੁਈ ਅਵਗੁਣਿ ਪਛੁਤਾਇ ॥ ਠਾਕੁਰੁ ਏਕੁ ,ਸਬਾਈ ਨਾਰਿ ॥ ਬਹੁਤੇ ਵੇਸ ਕਰੇ ਕੂੜਿਆਰਿ ॥ ਪਰ ਘਰਿ ਜਾਤੀ, ਠਾਕਿ ਰਹਾਈ ॥ ਮਹਲਿ ਬੁਲਾਈ, ਠਾਕ ਨ ਪਾਈ ॥ ਸਬਦਿ ਸਵਾਰੀ, ਸਾਚਿ ਪਿਆਰੀ ॥ ਸਾਈ ਸੋੁਹਾਗਣਿ, ਠਾਕੁਰਿ ਧਾਰੀ ॥੨੯॥ ਡੋਲਤ ਡੋਲਤ ਹੇ ਸਖੀ, ਫਾਟੇ ਚੀਰ ਸੀਗਾਰ ॥ ਡਾਹਪਣਿ ਤਨਿ ਸੁਖੁ ਨਹੀ, ਬਿਨੁ ਡਰ ਬਿਣਠੀ ਡਾਰ ॥ ਡਰਪਿ ਮੁਈ ਘਰਿ ਆਪਣੈ, ਡੀਠੀ ਕੰਤਿ ਸੁਜਾਣਿ ॥ ਡਰੁ ਰਾਖਿਆ ਗੁਰਿ ਆਪਣੈ, ਨਿਰਭਉ ਨਾਮੁ ਵਖਾਣਿ ॥ ਡੂਗਰਿ ਵਾਸੁ ਤਿਖਾ ਘਣੀ, ਜਬ ਦੇਖਾ ਨਹੀ ਦੂਰਿ ॥ ਤਿਖਾ ਨਿਵਾਰੀ ਸਬਦੁ ਮੰਨਿ, ਅੰਮ੍ਰਿਤੁ ਪੀਆ ਭਰਪੂਰਿ ॥ ਦੇਹਿ ਦੇਹਿ ਆਖੈ ਸਭੁ ਕੋਈ, ਜੈ ਭਾਵੈ ਤੈ ਦੇਇ ॥ ਗੁਰੂ ਦੁਆਰੈ ਦੇਵਸੀ, ਤਿਖਾ ਨਿਵਾਰੈ ਸੋਇ ॥੩੦॥ (ਠੱਠੇ ਅੱਖਰ ਰਾਹੀਂ ਦਸਦੇ ਹਨ ਕਿ ਹੇ ਪੰਡਤ! ਅਪਣੇ) ਮਨ ਦੀ ਦੌੜ ਭੱਜ ਨੂੰ ਰੋਕੋ, (ਇਸ ਨੂੰ) ਇਕ ਥਾਂ ਟਿਕਾ ਕੇ ਰੱਖੋ। (ਦੁਨੀਆਂ ਆਪਸ ਵਿਚ) ਟਕਰਾ ਕੇ ਮਰ ਗਈ ਹੈ ਅਤੇ ਔਗਣਾਂ ਦੇ ਕਾਰਣ ਪਛਤਾਉਂਦੀ ਹੈ। ਮਾਲਕ ਪ੍ਰਭੂ ਇਕ ਹੈ, (ਬਾਕੀ ਹੋਰ) ਸਾਰੇ ਲੋਕ ਉਸ ਦੀਆਂ ਇਸਤ੍ਰੀਆਂ ਵਾਂਗ ਹਨ। ਝੂਠੀ ਇਸਤ੍ਰੀ ਬਹੁਤੇ ਵੇਸ (ਜਪ ਤਪ ਰੂਪ ਹਾਰ ਸ਼ਿੰਗਾਰ) ਕਰਦੀ ਹੈ। (ਜਿਸ ਜੀਵ ਇਸਤ੍ਰੀ ਨੇ ਅਪਣੀ ਬਿਰਤੀ ਨੂੰ ਦੇਵੀ ਦੇਵਤਿਆਂ ਦੇ) ਪਰਾਏ ਘਰ ਵਿਚ ਜਾਂਦੀ ਨੂੰ ਰੋਕ ਰੱਖਿਆ ਹੈ। (ਫਿਰ ਉਹ ਜੀਵ ਇਸਤ੍ਰੀ) ਪ੍ਰਭੂ ਨੇ ਅਪਣੇ ਮਹਿਲ ਵਿਚ ਬੁਲਾ ਲਈ, (ਉਸ ਨੂੰ ਕਿਸੇ ਨੇ ਕੋਈ) ਰੁਕਾਵਟ ਨਹੀਂ ਪਾਈ। (ਗੁਰੂ ਨੇ) ਸ਼ਬਦ ਦੁਆਰਾ (ਉਸ ਜੀਵ ਇਸਤ੍ਰੀ ਦਾ ਮਨ) ਸਵਾਰ ਦਿਤਾ ਹੈ ਅਤੇ ਸੱਚੇ ਨਾਮ ਜੁੜੀ (ਉਹ ਜੀਵ ਇਸਤ੍ਰੀ ਪ੍ਰਭੂ ਨੂੰ) ਪਿਆਰੀ ਲਗਦੀ ਹੈ। ਉਹ ਹੀ ਸੁਹਾਗਣ ਇਸਤ੍ਰੀ ਹੈ, ਜੋ ਮਾਲਕ ਪ੍ਰਭੂ ਨੇ ਅੰਗੀਕਾਰ ਕਰ ਲਈ ਹੈ। ੨੯। (ਡੱਡੇ ਅੱਖਰ ਰਾਹੀਂ ਦਸਦੇ ਹਨ ਕਿ) ਹੇ ਸਖੀ! (ਅਨੇਕਾਂ ਜਨਮਾਂ ਵਿਚ) ਭਟਕਦਿਆਂ ਜੀਵਾਂ ਦੇ ਸਰੀਰ ਰੂਪ ਕਪੜੇ ਫਟ ਗਏ ਹਨ ਅਤੇ ਸਾਧਨ ਰੂਪ ਸ਼ਿੰਗਾਰ ਨਾਸ਼ ਹੋ ਗਏ ਹਨ। ਈਰਖਾ ਦੀ ਜਲਨ ਦੇ ਕਾਰਣ ਸਰੀਰ ਵਿਚ ਸੁਖ ਨਹੀਂ ਹੋ ਸਕਦਾ, ਪ੍ਰਭੂ ਦੇ ਡਰ ਤੋਂ ਬਿਨਾ ਅਨੇਕਾਂ ਜੀਵਾਂ ਦੀਆਂ ਡਾਰਾਂ ਨਾਸ਼ ਹੋ ਗਈਆਂ ਹਨ। (ਜਿਹੜੀ ਜੀਵ ਇਸਤ੍ਰੀ) ਪ੍ਰਭੂ ਦੇ ਡਰ ਨਾਲ ਅਪਣੇ ਹਿਰਦੇ ਘਰ ਵਿਚੋਂ (ਆਪਾ ਭਾਵ ਜਾਂ ਦੁਰਮੱਤ ਵੱਲੋਂ) ਮਰ ਗਈ ਹੈ, (ਉਸ ਨੂੰ) ਸਿਆਣੇ ਪਤੀ ਪ੍ਰਭੂ ਨੇ ਪਿਆਰ ਦੀ ਨਜਰ ਨਾਲ ਦੇਖਿਆ ਹੈ। ਅਪਣੇ ਗੁਰੂ ਦੇ ਰਾਹੀਂ (ਉਸ ਨੇ) ਨਿਰਭਉ ਪ੍ਰਭੂ ਦਾ ਨਾਮ ਸਿਮਰ ਕੇ ਪ੍ਰਭੂ ਦਾ ਡਰ ਹਿਰਦੇ ਵਿਚ ਟਿਕਾਈ ਰੱਖਿਆ ਹੈ। (ਜਦੋਂ) ਮੈਂ ਹਉਮੈ ਰੂਪ ਪਹਾੜ ਤੇ ਵਸਦੀ ਸੀ, ਤਾਂ (ਪਦਾਰਥਾਂ ਦੀ) ਤ੍ਰਿਸ਼ਨਾ ਬਹੁਤ ਸੀ, ਜਦ ਮੈਂ ਬਿਰਤੀ ਅੰਤਰਮੁਖੀ ਕਰਕੇ ਦੇਖਿਆ, (ਤਾਂ ਤਿਖਾ ਮਿਟਾਉਣ

ਵਾਲਾ ਨਾਮ ਅੰਮ੍ਰਿਤ) ਦੂਰ ਨਹੀਂ ਸੀ (ਹਿਰਦੇ ਵਿਚ ਹੀ ਮਿਲ ਪਿਆ)। ਮੈਂ ਗੁਰੂ ਦਾ ਸ਼ਬਦ ਮੰਨ (ਦਿਲ ਵਿਚ ਵਸਾ) ਕੇ ਤ੍ਰਿਸ਼ਨਾ ਦੂਰ ਕਰ ਲਈ ਹੈ ਅਤੇ ਨਾਮ ਰੂਪ ਅੰਮ੍ਰਿਤ ਰੱਜ ਕੇ ਪੀਤਾ। ਹਰੇਕ ਜੀਵ ਆਖਦਾ ਹੈ ਕਿ ਹੇ ਪ੍ਰਭੂ! (ਸਾਨੂੰ ਅਪਣਾ ਨਾਮ) ਅੰਮ੍ਰਿਤ ਦੇਹ, (ਪਰ ਨਾਮ ਅੰਮ੍ਰਿਤ ਉਹ) ਉਸ ਨੂੰ ਦੇਂਦਾ ਹੈ, ਜਿਸ ਨੂੰ ਉਹ ਦੇਣਾ ਚਾਹੁੰਦਾ ਹੈ। (ਇਹ ਨਾਮ ਅੰਮ੍ਰਿਤ ਜਿਸ ਨੂੰ ਉਹ ਦੇਂਦਾ ਹੈ, ਉਹ) ਗੁਰੂ ਦੁਆਰਾ ਹੀ ਦੇਵੇਗਾ, ਉਹ (ਮਨੁੱਖ ਹੀ ਅਪਣੀ) ਤ੍ਰਿਸ਼ਨਾਂ ਦੂਰ ਕਰੇਗਾ। ੩੦।

ਪਦਾਰਥ = ਠਾਕਹੁ–ਰੋਕ ਰੱਖੋ। ਮਨੂਆ–(ਚੰਚਲ) ਮਨ। ਰਾਖਹੁ ਠਾਇ–ਇਕ ਥਾਂ ਟਿਕਾ ਕੇ ਰਖੋ। ਠਹਕਿ ਮੁਈ–ਟਕਰਾ ਜੇ ਮਰ ਗਈ। ਅਵਗਣਿ–ਔਗਣਾਂ ਦੇ ਕਾਰਨ। ਠਾਕੁਰੁ–ਮਾਲਕ ਪ੍ਰਭੂ। ਸਬਾਈ ਨਾਰਿ–ਸਾਰੀਆਂ ਇਸਤ੍ਰੀਆਂ। ਵੇਸ–ਭੇਖ। ਕੂੜਿਆਰਿ–ਝੂਠੀ ਇਸਤ੍ਰੀ। ਕਰੇ–ਕਰਦੀ ਹੈ। ਪਰ ਘਰਿ–ਪਰਾਏ ਘਰ ਵਿਚ। ਜਾਤੀ–ਜਾਂਦੀ ਨੂੰ। ਠਾਕਿ ਰਹਾਈ–ਰੋਕ ਰੱਖਿਆ ਹੈ। ਮਹਲਿ–ਪ੍ਰਭੂ ਦੇ ਮਹਿਲ ਵਿਚ। ਠਾਕ ਨ ਪਾਈ–ਰੁਕਾਵਟ ਨਹੀਂ ਪਾਈ। ਸਵਾਰੀ–ਸਵਾਰ (ਗੁਣਵਾਨ ਬਣਾ) ਦਿਤੀ। ਸਾਚਿ–ਸੱਚੇ ਨਾਮ ਵਿਚ ਜੁੜੀ ਹੋਈ। ਸਾਈ–ਉਹ ਹੀ। ਠਾਕੁਰਿ–ਮਾਲਕ ਪ੍ਰਭੂ ਨੇ। ਧਾਰੀ–ਅੰਗੀਕਾਰ ਕਰ ਲਈ। ੨੯। ਡੋਲਤ–ਡੋਲਦਿਆਂ (ਭਟਕਦਿਆਂ)। ਹੇ ਸਖੀ–ਹੇ ਸਹੇਲੀਏ!। ਫਾਟੇ–ਫਟ ਗਏ। ਚੀਰ–ਕੱਪੜੇ। ਸੀਗਾਰ–(ਸਾਧਨ ਰੂਪ) ਸ਼ਿੰਗਾਰ। ਡਾਹਪਣਿ–ਈਰਖਾ ਦਾ ਸਾੜਾ। ਤਨਿ–ਸਰੀਰ ਵਿਚ। ਬਿਣਠੀ–ਨਾਸ਼ ਹੋ ਗਈ। ਡਾਰ–(ਪੰਛੀ ਰੂਪ ਜੀਵਾਂ ਦੀਆਂ) ਡਾਰਾਂ। ਡਰਪਿ–ਡਰ ਨਾਲ। ਮੁਈ–ਮਰ ਗਈ। ਡੀਠੀ–ਦੇਖਿਆ। ਕੰਤ ਸੁਜਾਨਿ–ਸਿਆਣੇ ਪਤੀ ਨੇ। ਗੁਰਿ–ਗੁਰੂ ਦੇ ਰਾਹੀਂ। ਵਖਾਣਿ–ਸਿਮਰ ਕੇ। ਡੂਗਰਿ–ਪਹਾੜ ਉਤੇ। ਤਿਖਾ–ਪਿਆਸ; ਤ੍ਰਿਸ਼ਨਾ। ਘਣੀ–ਬਹੁਤ। ਜਬ–ਜਦੋਂ। ਨਿਵਾਰੀ–ਦੂਰ ਕਰ ਲਈ। ਮੰਨਿ–ਮੰਨ ਕੇ। ਪੀਆ–ਪੀਤਾ। ਭਰਪੂਰਿ–ਨੱਕੋ ਨੱਕ (ਰੱਜ ਕੇ)। ਸਭੁ ਕੋਈ–ਹਰੇਕ ਜੀਵ। ਜੈ–ਜਿਸ ਨੂੰ। ਭਾਵੈ–ਚਾਹੁੰਦਾ ਹੈ। ਤੈ–ਉਸ ਨੂੰ। ਦੇਇ–ਦੇਂਦਾ ਹੈ। ਦੇਵਸੀ–ਦੇਵੇਗਾ। ਸੋਇ–ਉਹ ਹੀ। ੩੦।

ਢੰਢੋਲਤ ਢੂਢਤ ਹਉ ਫਿਰੀ, ਢਹਿ ਢਹਿ ਪਵਨ ਕਰਾਰਿ ॥ ਭਾਰੇ ਢਹਤੇ ਢਹਿ ਪਏ, ਹਉਲੇ ਨਿਕਸੇ ਪਾਰਿ ॥ ਅਮਰ ਅਜਾਚੀ ਹਰਿ ਮਿਲੇ, ਤਿਨ ਕੈ ਹਉ ਬਲਿ ਜਾਉ ॥ ਤਿਨ ਕੀ ਧੂੜਿ ਅਘੁਲੀਐ, ਸੰਗਤਿ ਮੇਲਿ ਮਿਲਾਉ ॥ ਮਨੁ ਦੀਆ ਗੁਰਿ ਆਪਣੈ, ਪਾਇਆ ਨਿਰਮਲ ਨਾਉ ॥(ਢੱਢੇ ਅੱਖਰ ਦਾ ਉਪਦੇਸ਼ ਹੈ ਕਿ) ਮੈਂ ਢੂੰਢਣ ਵਾਲੀ ਬਣ ਕੇ ਢੂੰਢਦੀ ਫਿਰਦੀ ਹਾਂ, (ਤੇ ਦੇਖਿਆ ਕਿ ਜੀਵ ਸੰਸਾਰ ਸਾਗਰ ਦੇ ਉਰਲੇ) ਕਿਨਾਰੇ ਤੇ ਹੀ ਡਿਗ ਪੈਂਦੇ ਹਨ। (ਪਾਪਾਂ ਨਾਲ) ਭਾਰੇ ਹੋਏ ਜੀਵ ਢਹਿੰਦੇ ਢਹਿ ਪਏ ਹਨ, (ਪਰ ਪਾਪ ਰਹਿਤ) ਹਉਲੇ ਜੀਵ (ਸੰਸਾਰ ਸਮੁੰਦਰ ਤੋਂ) ਪਾਰ ਨਿਕਲ ਗਏ ਹਨ। (ਪਾਰ ਹੋਏ ਜਿਨ੍ਹਾਂ ਗੁਰਮੁਖਾਂ ਨੂੰ) ਅਮਰ ਤੇ ਅਤੋਲ ਪ੍ਰਭੂ ਮਿਲ ਪਿਆ ਹੈ, ਮੈਂ ਉਨ੍ਹਾਂ ਦੇ ਬਲਹਾਰ ਜਾਂਦਾ ਹਾਂ। ਉਨ੍ਹਾਂ (ਗੁਰਮੁਖਾਂ) ਦੀ ਚਰਨ ਧੂੜ ਦੁਆਰਾ (ਜਨਮ ਮਰਨ ਤੋਂ) ਛੁਟ ਜਾਈਦਾ ਹੈ, (ਇਸ ਕਰ ਕੇ ਹੇ ਪ੍ਰਭੂ! ਮੈਨੂੰ ਉਨ੍ਹਾਂ ਦੀ) ਸੰਗਤ ਦੇ ਮੇਲਿ ਵਿਚ ਮਿਲਾ ਦੇ {ਧੂੜਿ ਤਿਨਾ ਕੀ ਅਘੁਲੀਐ ਭਾਈ ਸਤਸੰਗਤਿ ਮੇਲਿ ਮਿਲਾਇ ੧੧੭੭}। ਮੈਂ ਗੁਰੂ ਦੇ ਰਾਹੀਂ ਮਨ ਅਪਣੇ ਪ੍ਰਭੂ ਦੇ ਹਵਾਲੇ ਕਰ ਦਿਤਾ ਹੈ ਅਤੇ (ਗੁਰੂ ਪਾਸੋਂ) ਨਿਰਮਲ ਨਾਮ ਪਾ ਲਿਆ ਹੈ।

ਅੰਗ ੯੩੪ = ਜਿਨਿ ਨਾਮੁ ਦੀਆ ਤਿਸੁ ਸੇਵਸਾ, ਤਿਸੁ ਬਲਿਹਾਰੈ ਜਾਉ ॥ ਜੋ ਉਸਾਰੇ ਸੋ ਢਾਹਸੀ, ਤਿਸੁ ਬਿਨੁ ਅਵਰੁ ਨ ਕੋਇ ॥ ਗੁਰ ਪਰਸਾਦੀ ਤਿਸੁ ਸੰਮ੍ਹਲਾ, ਤਾ ਤਨਿ ਦੂਖੁ ਨ ਹੋਇ ॥੩੧॥ ਣਾ ਕੋ ਮੇਰਾ ਕਿਸੁ ਗਹੀ, ਣਾ ਕੋ ਹੋਆ ਨ ਹੋਗੁ ॥ ਆਵਣਿ ਜਾਣਿ ਵਿਗੁਚੀਐ, ਦੁਬਿਧਾ ਵਿਆਪੇ ਰੋਗੁ ॥ ਣਾਮ ਵਿਹੂਣੇ ਆਦਮੀ, ਕਲਰ ਕੰਧਿ ਗਿਰੰਤਿ ॥ ਵਿਣੁ ਨਾਵੈ ਕਿਉ ਛੂਟੀਐ, ਜਾਇ ਰਸਾਤਲਿ ਅੰਤਿ ॥ ਗਣਤ ਗਣਾਵੈ ਅਖਰੀ, ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿ ਹੀਣੁ ਹੈ, ਗੁਰ ਬਿਨੁ ਗਿਆਨੁ ਨ ਹੋਇ ॥ ਤੁਟੀ ਤੰਤੁ ਰਬਾਬ ਕੀ, ਵਾਜੈ ਨਹੀ ਵਿਜੋਗਿ ॥ ਵਿਛੁੜਿਆ ਮੇਲੈ ਪ੍ਰਭੂ ,ਨਾਨਕ ਕਰਿ ਸੰਜੋਗਿ ॥੩੨॥ ਜਿਸ ਗੁਰੂ ਨੇ ਮੈਨੂੰ ਨਾਮ ਦਿਤਾ ਹੈ, ਮੈਂ ਉਸ ਤੋਂ ਬਲਿਹਾਰ ਜਾਂਦੀ ਹਾਂ ਅਤੇ ਉਸ ਦੀ ਸੇਵਾ ਕਰਦੀ ਰਹਾਂਗੀ। (ਗੁਰੂ ਪਾਸੋਂ ਗਿਆਨ ਮਿਲਿਆ ਹੈ ਕਿ) ਜਿਹੜਾ ਪ੍ਰਭੂ ਜਗਤ ਨੂੰ ਉਸਾਰਦਾ ਹੈ, ਉਹ ਹੀ (ਇਸ ਨੂੰ) ਢਾਹੁੰਦਾ ਹੈ, ਉਸ ਤੋਂ ਬਿਨਾ (ਉਸਾਰਨ ਤੇ ਢਾਹੁਣ ਵਾਲਾ) ਹੋਰ ਕੋਈ ਨਹੀਂ ਹੈ। ਗੁਰੂ ਦੀ ਕ੍ਰਿਪਾ ਨਾਲ ਜੇ ਮੈਂ ਉਸ ਨੂੰ ਯਾਦ ਕਰਦੀ ਰਹਾਂ, ਤਾਂ ਮੇਰੇ ਸਰੀਰ ਵਿਚ ਕੋਈ ਦੁਖ ਪੈਦਾ ਨਹੀਂ ਹੋਵੇਗਾ। ੩੧। (ਣ ਅੱਖਰ ਦੁਆਰਾ ਦਸਦੇ ਹਨ ਕਿ ਹੇ ਪੰਡਤ! ਪ੍ਰਭੂ ਤੋਂ ਬਿਨਾ) ਮੈਂ ਕਿਸ ਦਾ ਲੜ ਫੜਾਂ? (ਉਸ ਤੋਂ ਬਿਨਾ) ਮੇਰਾ ਕੋਈ (ਸਾਥੀ) ਨਹੀਂ, ਨਾ ਕੋਈ ਹੋਇਆ ਹੈ ਅਤੇ ਨਾ ਹੀ (ਅੱਗੇ ਨੂੰ) ਹੋਵੇਗਾ। (ਉਸ ਤੋਂ ਬਿਨਾ ਦੂਜੇ ਪਾਸੇ ਲੱਗ ਕੇ) ਦੁਬਿਧਾ ਦਾ ਰੋਗ ਲੱਗਾ ਰਹਿੰਦਾ ਹੈ, (ਜਿਸ ਕਰਕੇ) ਜਨਮ ਮਰਣ ਦੇ ਗੇੜ ਵਿਚ ਖੁਆਰ ਹੋਈਦਾ ਹੈ। ਪ੍ਰਭੂ ਦੇ ਨਾਮ ਤੋਂ ਖਾਲੀ ਮਨੁੱਖ ਇਉਂ ਗਿਰਦੇ ਹਨ, ਜਿਵੇਂ ਕੱਲਰ ਦੀ ਕੰਧ ਗਿਰ ਜਾਂਦੀ ਹੈ। ਨਾਮ ਤੋਂ ਬਿਨਾ (ਜਨਮ ਮਰਨ ਤੋਂ) ਕਿਵੇਂ ਛੁੱਟਿਆ ਜਾ ਸਕਦਾ ਹੈ? ਅੰਤ ਨੂੰ ਨਰਕ ਵਿਚ ਜਾ ਪਈਦਾ ਹੈ। ਉਹ ਸੱਚਾ ਪ੍ਰਭੂ ਗਿਣਤੀ ਤੋਂ ਰਹਿਤ (ਬੇਅੰਤ) ਹੈ, (ਉਸ ਨੂੰ ਮਨੁੱਖ) ਗਿਣਤੀ ਦੇ ਅੱਖਰਾਂ ਵਿਚ ਗਿਣਾਉਂਦਾ ਹੈ। (ਇਹ ਕੰਮ) ਅਗਿਆਨੀ ਬੁੱਧੀ

ਹੀਣ ਮਨੁੱਖ ਦਾ ਹੈ, (ਪ੍ਰਭੂ ਦਾ) ਗਿਆਨ ਗੁਰੂ ਤੋਂ ਬਿਨਾ ਨਹੀਂ ਹੋ ਸਕਦਾ। ਜਿਵੇਂ ਰਬਾਬ ਦੀ ਤਾਰ ਟੁੱਟ ਜਾਵੇ, (ਤਾਂ ਤਾਰ ਦੇ) ਟੁੱਟਣ ਕਰਕੇ ਰਬਾਬ ਵਜ ਨਹੀਂ ਸਕਦੀ (ਤਿਵੇਂ ਪ੍ਰਭੂ ਤੋਂ ਬਿਰਤੀ ਰੂਪ ਤਾਰ ਟੁੱਟ ਜਾਵੇ, ਤਾਂ ਮਨ ਦੇ ਅੰਦਰ ਨਾਮ ਦਾ ਵਾਜਾ ਨਹੀਂ ਵਜਦਾ) । ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਸੰਜੋਗ ਕਰਕੇ ਵਿਛੜਿਆਂ ਮਨੁੱਖਾਂ ਨੂੰ (ਅਪਣੇ ਨਾਲ) ਮਿਲਾ ਲੈਂਦਾ ਹੈ।੩੨।

ਪਦਾਰਥ = ਢੰਢੋਲਤ–ਢੂੰਢਣ ਵਾਲੀ ਬਣ ਕੇ। ਢੂਢਤ ਫਿਰੀ–ਢੂੰਢਦੀ ਫਿਰਦੀ ਹਾਂ। ਹਉ–ਮੈਂ। ਢਹਿ ਪਵਨਿ–ਢਹਿ ਪੈਂਦੇ ਹਨ। ਕਰਾਰਿ–ਉਰਲੇ ਕੰਢੇ ਤੇ ਹੀ। ਭਾਰੇ–(ਪਾਪਾਂ ਨਾਲ) ਭਾਰੇ ਜੀਵ। ਹਉਲੇ–(ਪਾਪਾਂ ਤੋਂ ਰਹਿਤ) ਜੀਵ। ਨਿਕਸੇ ਪਾਰਿ–ਪਾਰ ਨਿਕਲ ਗਏ। ਅਮਰ–ਮੌਤ ਰਹਿਤ। ਅਜਾਚੀ–ਜੋ ਜਾਚਿਆ ਜਾਂ ਤੋਲਿਆ ਨਾ ਜਾ ਸਕੇ; ਜਿਸ ਨੂੰ ਕਿਸੇ ਤੋਂ ਮੰਗਣਾ ਨਾ ਪਵੇ; ਬੇਅੰਤ ਧਨ ਵਾਲਾ। ਤਿਨ ਕੈ–ਉਨ੍ਹਾਂ ਦੇ। ਤਿਨ ਕੀ–ਉਨ੍ਹਾਂ ਦੀ। ਧੂੜਿ–ਚਰਨ ਧੂੜ। ਅਘੁਲੀਐ–ਛੁੱਟ ਜਾਈਦਾ ਹੈ। ਗੁਰਿ–ਗੁਰੂ ਰਾਹੀਂ। ਜਿਨਿ–ਜਿਸ ਨੇ। ਸੇਵਸਾ–ਸੇਵਾ ਕਰਾਂਗੀ। ਉਸਾਰੇ–ਉਸਾਰਦਾ ਹੈ। ਸੋ–ਉਹ। ਢਾਹਸੀ–ਢਾਹ ਦੇਂਦਾ ਹੈ। ਅਵਰੁ–ਹੋਰ। ਸੰਮ੍ਲਾ–ਯਾਦ ਕਰਾਂ। ਤਾ–ਤਾਂ। ਤਨਿ–ਸਰੀਰ ਵਿਚ।੩੧। ਣਾ–ਨਾ; ਨਹੀਂ। ਕੋ–ਕੋਈ। ਗਹੀ–ਮੈਂ ਫੜਾਂ। ਹੋਗੁ–ਹੋਵੇਗਾ। ਵਿਗੁਚੀਐ–ਖੁਆਰ ਹੋਈਦਾ ਹੈ। ਆਵਣਿ ਜਾਣਿ–ਜਨਮ ਮਰਨ ਦੇ ਗੇੜ ਵਿਚ। ਦੁਬਿਧਾ–ਦੁਚਿੱਤਾ ਪਣ। ਵਿਆਪੈ–ਲਗਦਾ ਹੈ; ਚਿੰਬੜਦਾ ਹੈ। ਣਾਮ–ਨਾਮ। ਵਿਹੂਣੇ–ਖਾਲੀ। ਕਲਰ–ਰੇਹੀ; ਸ਼ੋਰਾ। ਰਸਾਤਲਿ–ਨਰਕ ਵਿਚ। ਗਣਤ–ਗਿਣਤੀ। ਗਣਾਵੈ–ਗਿਣਾਉਂਦਾ ਹੈ। ਅਖਰੀ–ਅੱਖਰਾਂ ਵਿਚ। ਅਗਣਤੁ–ਗਿਣਤੀ ਤੋਂ ਰਹਿਤ। ਸੋਇ–ਉਹ। ਮਤਿ ਹੀਣ–ਅਕਲੋਂ ਖਾਲੀ। ਤੰਤੁ–ਤਾਰ। ਵਿਜੋਗਿ–ਵਿਜੋਗ (ਟੁੱਟਣ) ਕਰਕੇ। ਕਰਿ ਸੰਜੋਗਿ–ਮੇਲ ਕਰਕੇ।੩੨।

ਤਰਵਰੁ ਕਾਇਆ ਪੰਖਿ ਮਨੁ ,ਤਰਵਰਿ ਪੰਖੀ ਪੰਚ ॥ ਤਤੁ ਚੁਗਹਿ ਮਿਲਿ ਏਕਸੇ, ਤਿਨ ਕਉ ਫਾਸ ਨ ਰੰਚ ॥ ਉਡਹਿ ਤ ਬੇਗੁਲ ਬੇਗੁਲੇ, ਤਾਕਹਿ ਚੋਗ ਘਣੀ ॥ ਪੰਖ ਤੁਟੇ ਫਾਹੀ ਪੜੀ, ਅਵਗੁਣਿ ਭੀੜ ਬਣੀ ॥ ਬਿਨੁ ਸਾਚੇ ਕਿਉ ਛੂਟੀਐ, ਹਰਿ ਗੁਣ ਕਰਮਿ ਮਣੀ ॥ ਆਪਿ ਛਡਾਏ ਛੂਟੀਐ, ਵਡਾ ਆਪਿ ਧਣੀ ॥ ਗੁਰ ਪਰਸਾਦੀ ਛੂਟੀਐ, ਕਿਰਪਾ ਆਪਿ ਕਰੇਇ ॥ ਅਪਣੈ ਹਾਥਿ ਵਡਾਈਆ, ਜੈ ਭਾਵੈ ਤੈ ਦੇਇ ॥੩੩॥ ਥਰ ਥਰ ਕੰਪੈ ਜੀਅੜਾ, ਥਾਨ ਵਿਹੂਣਾ ਹੋਇ ॥ ਥਾਨਿ ਮਾਨਿ ਸਚੁ ਏਕੁ ਹੈ, ਕਾਜੁ ਨ ਫੀਟੈ ਕੋਇ ॥ ਥਿਰੁ ਨਾਰਾਇਣੁ ਥਿਰੁ ਗੁਰੂ ,ਥਿਰੁ ਸਾਚਾ ਬੀਚਾਰੁ ॥ ਸੁਰਿ ਨਰ ਨਾਥਹ ਨਾਥ ਤੂ ,ਨਿਧਾਰਾ ਆਧਾਰੁ ॥ ਸਰਬੇ ਥਾਨ ਥਨੰਤਰੀ, ਤੂ ਦਾਤਾ ਦਾਤਾਰੁ ॥ ਜਹ ਦੇਖਾ ਤਹ ਏਕੁ ਤੂ ,ਅੰਤੁ ਨ ਪਾਰਾਵਾਰੁ ॥ ਥਾਨ ਥਨੰਤਰਿ ਰਵਿ ਰਹਿਆ, ਗੁਰ ਸਬਦੀ ਵੀਚਾਰਿ ॥ ਅਣ ਮੰਗਿਆ ਦਾਨੁ ਦੇਵਸੀ, ਵਡਾ ਅਗਮ ਅਪਾਰੁ ॥੩੪॥ (ਤੱਤੇ ਅੱਖਰ ਰਾਹੀਂ ਦਸਦੇ ਹਨ ਕਿ ਹੇ ਪੰਡਤ!) ਸਰੀਰ ਰੁੱਖ ਵਾਂਗ ਹੈ, (ਇਸ ਉਤੇ) ਮਨ ਰੂਪ ਪੰਛੀ ਬੈਠਾ ਹੈ, ਪੰਜ ਗਿਆਨ ਇੰਦ੍ਰੇ ਰੂਪ ਪੰਛੀ (ਵੀ ਇਸ) ਰੁੱਖ ਉਤੇ ਬੈਠੇ ਹਨ। (ਇਹ ਪੰਜ ਪੰਛੀ) ਇਕ ਵਾਹਿਗੁਰੂ ਨਾਲ ਮਿਲ ਕੇ ਤੱਤ (ਨਾਮ ਦਾ ਚੋਗ) ਚੁਗਦੇ ਹਨ, ਉਨ੍ਹਾਂ ਨੂੰ ਰੰਚਕ ਮਾਤ੍ਰ ਵੀ ਫਾਹੀ ਨਹੀਂ ਪੈਂਦੀ। (ਪਰ ਜਿਹੜੇ ਮਨਮੁਖ ਰੂਪ ਪੰਛੀ) ਬਹੁਤੇ ਕਾਹਲੇ ਹਨ, ਬਹੁਤੇ ਪਦਾਰਥ ਰੂਪ ਚੋਗ ਤੱਕਦੇ ਹਨ ਅਤੇ (ਪਦਾਰਥਾਂ ਨੂੰ ਖਾਣ ਲਈ) ਕਾਹਲੀ ਕਾਹਲੀ ਉਡਦੇ ਹਨ। (ਜਦ ਉਨ੍ਹਾਂ ਦੇ ਪ੍ਰਾਣ ਰੂਪ) ਖੰਭ ਟੁੱਟਦੇ ਹਨ, (ਤਾਂ ਉਨ੍ਹਾਂ ਨੂੰ ਜਮਾਂ ਦੀ) ਫਾਹੀ ਪੈਂਦੀ ਹੈ, (ਲੋਭ ਦੇ) ਔਗਣ ਕਰਕੇ (ਉਨ੍ਹਾਂ ਤੇ) ਮੁਸੀਬਤ ਆ ਬਣਦੀ ਹੈ। ਸੱਚੇ ਪ੍ਰਭੂ ਦੇ ਨਾਮ ਤੋਂ ਬਿਨਾ ਕਿਵੇਂ ਛੁੱਟਿਆ ਜਾ ਸਕਦਾ ਹੈ? (ਨਹੀਂ ਛੁੱਟ ਸਕੀਦਾ), ਹਰੀ ਦੇ ਗੁਣ ਰੂਪ ਮਣੀ (ਉਸ ਦੀ) ਬਖਸ਼ਿਸ਼ ਨਾਲ ਮਿਲਦੀ ਹੈ। ਪ੍ਰਭੂ ਆਪ (ਸਾਰੇ ਜਗਤ ਦਾ) ਵੱਡਾ ਮਾਲਕ ਹੈ, (ਜੇ ਉਹ) ਆਪ ਛਡਾਵੇ ਤਾਂ ਛੁੱਟ ਸਕੀਦਾ ਹੈ। ਜੇ ਪ੍ਰਭੂ ਆਪ ਹੀ ਕ੍ਰਿਪਾ ਕਰੇ, ਤਾਂ ਗੁਰੂ ਦੀ ਕਿਰਪਾ ਨਾਲ (ਜਮਾਂ ਦੀ ਫਾਹੀ ਤੋਂ) ਛੁਟ ਸਕੀਦਾ ਹੈ। (ਸਭ) ਵਡਿਆਈਆਂ ਪ੍ਰਭੂ ਦੇ ਅਪਣੇ ਹੱਥ ਵਿਚ ਹਨ, (ਇਹ ਵਡਿਆਈਆਂ ਉਹ) ਜਿਸ ਨੂੰ ਦੇਣਾ ਚਾਹੁੰਦਾ ਹੈ, ਉਸ ਨੂੰ ਦੇਂਦਾ ਹੈ।੩੩। (ਹੇ ਪੰਡਤ! ਜਦੋਂ) ਜੀਵ ਥਿੜਕ ਕੇ ਥਾਂ (ਪ੍ਰਭੂ ਦੇ ਸਹਾਰੇ) ਤੋਂ ਵਿਹੂਣਾ ਹੁੰਦਾ ਹੈ, ਤਾਂ ਉਹ ਥਰ ਥਰ ਕੰਬਦਾ ਹੈ। ਥਾਂ ਦੇਣ ਵਾਲਾ ਤੇ ਆਦਰ ਦੇਣ ਵਾਲਾ ਇਕ ਸੱਚਾ ਪ੍ਰਭੂ ਹੀ ਹੈ, (ਉਸ ਦੇ ਸਹਾਰੇ ਹੋਇਆਂ) ਕੋਈ ਕੰਮ ਵਿਗੜਦਾ ਨਹੀਂ। ਪ੍ਰਭੂ ਸਦਾ ਕਾਇਮ ਰਹਿਣ ਵਾਲਾ ਹੈ, (ਪ੍ਰਭੂ ਦਾ ਰੂਪ) ਗੁਰੂ ਵੀ ਸਦਾ ਕਾਇਮ ਰਹਿਣ ਵਾਲਾ ਹੈ ਅਤੇ ਗੁਰੂ ਦਾ ਸੱਚਾ ਵੀਚਾਰ ਵੀ ਸਦਾ ਕਾਇਮ ਰਹਿਣ ਵਾਲਾ ਹੈ। ਹੇ ਪ੍ਰਭੂ! ਤੂੰ ਦੇਵਤੇ ,ਮਨੁੱਖਾਂ ਤੇ ਨਾਥਾਂ ਦਾ ਮਾਲਕ ਹੈਂ ਅਤੇ ਨਿਆਸਰਿਆਂ ਦਾ ਆਸਰਾ ਹੈਂ। ਤੂੰ ਸਾਰਿਆਂ ਥਾਵਾਂ ਅਤੇ ਥਾਵਾਂ ਦੇ ਅੰਦਰ ਵਿਆਪਕ ਹੈਂ ਅਤੇ (ਸਭ ਨੂੰ) ਦਾਤਾਂ ਦੇਣ ਵਾਲਾ ਦਾਤਾਰ ਹੈਂ। ਜਿੱਥੇ ਮੈਂ ਦੇਖਦਾ ਹਾਂ, ਉਥੇ ਇਕ ਤੂੰ ਹੀ ਦਿਸਦਾ ਹੈਂ, ਤੇਰਾ ਅੰਤ ਅਤੇ ਉਰਾਰ ਪਾਰ ਨਹੀਂ ਪਾਇਆ ਜਾ ਸਕਦਾ। ਗੁਰੂ ਦੇ ਸ਼ਬਦ ਰਾਹੀਂ ਵਿਚਾਰ ਕਰਨ ਨਾਲ ਪਤਾ ਲਗਦਾ ਹੈ ਕਿ ਤੂੰ ਥਾਵਾਂ ਅਤੇ ਥਾਵਾਂ ਦੇ ਅੰਦਰ ਵਿਆਪਕ ਹੋ ਰਿਹਾ ਹੈਂ। ਤੂੰ ਬਿਨਾ ਮੰਗਿਆਂ ਦਾਨ ਦੇਂਦਾ ਹੈਂ, ਤੂੰ (ਸਭ ਤੋਂ) ਵੱਡਾ, ਪਹੁੰਚ ਤੋਂ ਪਰੇ ਅਤੇ ਬੇਅੰਤ ਹੈਂ।੩੪।

ਪਦਾਰਥ = ਤਰਵਰੁ–ਰੁੱਖ। ਕਾਇਆ–ਸਰੀਰ। ਪੰਖਿ–ਪੰਛੀ। ਤਰਵਰਿ–ਰੁੱਖ ਉਤੇ। ਪੰਚ–ਪੰਜ ਗਿਆਨ ਇੰਦ੍ਰੇ। ਤਤੁ–ਨਾਮ ਰੂਪ ਤੱਤ।

ਮਿਲਿ ਏਕਸੇ–ਇਕ ਪ੍ਰਭੂ ਨਾਲ ਮਿਲ ਕੇ। ਤਿਨ ਕਉ–ਉਨ੍ਹਾਂ ਨੂੰ। ਫਾਸ–ਫਾਹੀ। ਰੰਚ–ਰੰਚਕ ਮਾਤ੍ਰ ਵੀ। ਬੇਗੁਲ ਬੇਗੁਲੇ–ਛੇਤੀ ਛੇਤੀ। ਤਾਕਹਿ–ਤੱਕਦੇ ਹਨ। ਚੋਗ ਘਣੀ–ਬਹੁਤੇ ਚੋਗ (ਪਦਾਰਥ)। ਪੰਖ–ਖੰਭ। ਪੜੀ–ਪੈਂਦੀ ਹੈ। ਅਵਗੁਣਿ–ਔਗਣਾਂ ਕਰਕੇ। ਭੀੜ–ਮੁਸੀਬਤ। ਕਰਮਿ–ਬਖਸ਼ਿਸ਼ ਨਾਲ। ਮਣੀ–ਅਮੋਲਕ ਰਤਨ। ਧਣੀ–ਮਾਲਕ। ਗੁਰ ਪਰਸਾਦੀ–ਗੁਰੂ ਦੀ ਕਿਰਪਾ ਨਾਲ। ਜੈ–ਜਿਸ ਨੂੰ। ਭਾਵੈ–ਚਾਹੁੰਦਾ ਹੈ। ਤੈ–ਉਸ ਨੂੰ। ੩੩। ਕੰਪੈ–ਕੰਬਦਾ ਹੈ। ਜੀਅੜਾ–ਜੀਵ। ਥਾਨੁ–ਥਾਂ; ਆਸਰਾ। ਵਿਹੂਣਾ–ਬਿਨਾ। ਥਾਨਿ–ਥਾਂ ਦੇਣ ਵਾਲਾ। ਮਾਨਿ–ਆਦਰ ਦੇਣ ਵਾਲਾ। ਸਚੁ ਏਕੁ–ਇਕ ਸੱਚਾ ਪ੍ਰਭੂ। ਨ ਫੀਟੈ–ਵਿਗੜਦਾ ਨਹੀਂ। ਥਿਰੁ–ਸਦਾ ਕਾਇਮ ਰਹਿਣ ਵਾਲਾ। ਸੁਰਿ–ਦੇਵਤੇ। ਨਰ–ਮਨੁੱਖ। ਨਾਥਹ–ਨਾਥਾਂ ਦਾ। ਨਾਥੁ–ਮਾਲਕ। ਨਿਧਾਰਾ–ਨਿਆਸਰਿਆਂ ਦਾ। ਆਧਾਰੁ–ਆਸਰਾ। ਸਰਬੇ–ਸਾਰੇ। ਥਨੰਤਰੀ–ਥਾਵਾਂ ਦੇ ਅੰਦਰ। ਜਹ–ਜਿੱਥੇ। ਤਹ–ਉਥੇ। ਪਾਰਾਵਾਰੁ–ਪਾਰਲਾ ਤੇ ਉਰਲਾ ਕਿਨਾਰਾ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਗੁਰ ਸਬਦੀ–ਗੁਰੂ ਦੇ ਸ਼ਬਦ ਦੁਆਰਾ। ਅਣਮੰਗਿਆ–ਬਿਨਾ ਮੰਗਿਆਂ। ਅਗਮ–ਪਹੁੰਚ ਤੋਂ ਪਰੇ। ਅਪਾਰੁ–ਬੇਅੰਤ। ੩੪।

ਦਇਆ ਦਾਨੁ ਦਇਆਲੁ ਤੂ ,ਕਰਿ ਕਰਿ ਦੇਖਣਹਾਰੁ ॥ ਦਇਆ ਕਰਹਿ ਪ੍ਰਭ ਮੇਲਿ ਲੈਹਿ, ਖਿਨ ਮਹਿ ਢਾਹਿ ਉਸਾਰਿ ॥ ਦਾਨਾ ਤੂ ਬੀਨਾ ਤੁਹੀ, ਦਾਨਾ ਕੈ ਸਿਰਿ ਦਾਨੁ ॥ ਦਾਲਦ ਭੰਜਨ ਦੁਖ ਦਲਣ, ਗੁਰਮੁਖਿ ਗਿਆਨੁ ਧਿਆਨੁ ॥੩੫॥ ਧਨਿ ਗਇਐ ਬਹਿ ਝੂਰੀਐ, ਧਨ ਮਹਿ ਚੀਤੁ ਗਵਾਰ ॥ ਧਨੁ ਵਿਰਲੀ ਸਚੁ ਸੰਚਿਆ, ਨਿਰਮਲੁ ਨਾਮੁ ਪਿਆਰਿ ॥ ਧਨੁ ਗਇਆ ਤਾ ਜਾਣ ਦੇਹਿ, ਜੇ ਰਾਚਹਿ ਰੰਗਿ ਏਕ ॥ ਮਨੁ ਦੀਜੈ ਸਿਰੁ ਸਉਪੀਐ, ਭੀ ਕਰਤੇ ਕੀ ਟੇਕ ॥ ਧੰਧਾ ਧਾਵਤ ਰਹਿ ਗਏ, ਮਨ ਮਹਿ ਸਬਦੁ ਅਨੰਦੁ ॥ ਦੁਰਜਨ ਤੇ ਸਾਜਨ ਭਏ, ਭੇਟੇ ਗੁਰ ਗੋਵਿੰਦ ॥ ਬਨੁ ਬਨੁ ਫਿਰਤੀ ਢੂੰਢਤੀ, ਬਸਤੁ ਰਹੀ ਘਰਿ ਬਾਰਿ ॥ ਸਤਿਗੁਰਿ ਮੇਲੀ ਮਿਲਿ ਰਹੀ, ਜਨਮ ਮਰਣ ਦੁਖੁ ਨਿਵਾਰਿ ॥੩੬॥ (ਹੇ ਪ੍ਰਭੂ!) ਤੂੰ ਦਇਆ ਕਰਨ ਵਾਲਾ, ਦਾਨ ਦੇਣ ਵਾਲਾ ਦਿਆਲੂ ਹੈਂ, ਤੂੰ ਜੀਵਾਂ ਨੂੰ ਪੈਦਾ ਕਰ ਕਰ ਕੇ (ਉਨ੍ਹਾਂ ਦੀ) ਸੰਭਾਲ ਕਰਨ ਵਾਲਾ ਹੈਂ; (ਉਨ੍ਹਾਂ ਦੇ ਕਰਮ) ਦੇਖਣ ਵਾਲਾ ਹੈਂ। ਹੇ ਪ੍ਰਭੂ! (ਜਿਸ ਉਤੇ) ਤੂੰ ਦਇਆ ਕਰਦਾ ਹੈਂ, (ਉਸ ਨੂੰ ਤੂੰ ਅਪਣੇ ਨਾਲ) ਮੇਲ ਲੈਂਦਾ ਹੈਂ, ਤੂੰ ਇਕ ਛਿਨ ਵਿਚ (ਸ੍ਰਿਸਟੀ ਨੂੰ) ਢਾਹ ਕੇ ਉਸਾਰਨ ਦੇ ਸਮਰੱਥ ਹੈਂ। ਤੂੰ (ਸਭ ਜੀਵਾਂ ਦੇ ਦਿਲ ਦੀਆਂ) ਜਾਨਣ ਤੇ ਦੇਖਣ ਵਾਲਾ ਹੈਂ, ਤੂੰ ਦਾਨ ਕਰਨ ਵਾਲਿਆਂ ਦੇ ਉਪਰ (ਸ਼੍ਰੋਮਣੀ) ਦਾਤਾ ਹੈਂ। ਤੂੰ ਗਰੀਬੀ ਤੋੜ ਦੇਣ ਵਾਲਾ, ਦੁੱਖਾਂ ਦੇ ਦਲਣ ਵਾਲਾ ਹੈਂ, ਤੇਰਾ ਗਿਆਨ ਤੇ ਧਿਆਨ ਗੁਰੂ ਦੁਆਰਾ ਮਿਲਦਾ ਹੈ। ੩੫। (ਹੇ ਪੰਡਤ!) ਮੂਰਖ ਮਨੁੱਖ ਦਾ ਚਿਤ ਧਨ ਵਿਚ ਰਹਿੰਦਾ ਹੈ, ਧਨ ਦੇ ਚਲੇ ਜਾਣ ਨਾਲ ਉਹ ਬੈਠ ਕੇ ਝੂਰਦਾ ਹੈ। ਵਿਰਲੇ ਮਨੁੱਖਾਂ ਨੇ (ਹਰੀ ਦੇ) ਪਿਆਰ ਦੁਆਰਾ ਪਵਿਤ੍ਰ ਨਾਮ ਰੂਪ ਸੱਚਾ ਧਨ ਜੋੜਿਆ ਹੈ। (ਹੇ ਪੰਡਤ!) ਦੁਨਿਆਵੀ) ਧਨ ਚਲਾ ਗਿਆ, ਤਾਂ ਜਾਣ ਦੇਹ, ਜੇ (ਇਸ ਤਰ੍ਹਾਂ) ਤੂੰ ਇਕ ਪ੍ਰਭੂ ਦੇ ਪ੍ਰੇਮ ਰੰਗ ਵਿਚ ਰਚਿਆ ਰਹੇਂ। (ਇਹ ਨਾਮ ਤਾਂ ਮਿਲਦਾ ਹੈ, ਜੇ ਪ੍ਰਭੂ ਨੂੰ) ਮਨ ਦੇ ਦੇਈਏ, ਸਿਰ ਵੀ ਸੌਂਪ ਦੇਈਏ, ਫਿਰ ਵੀ (ਹੰਕਾਰ ਨਾ ਕਰੀਏ, ਨਿਮਾਣੇ ਹੋ ਕੇ) ਕਰਤਾਰ ਦੀ ਟੇਕ ਰੱਖੀਏ। (ਜਿਨ੍ਹਾਂ ਪੁਰਖਾਂ ਦੇ) ਮਨ ਵਿਚ ਗੁਰੂ ਦਾ ਸ਼ਬਦ ਵਸ ਗਿਆ ਹੈ ,(ਉਨ੍ਹਾਂ ਨੂੰ) ਅਨੰਦ ਪ੍ਰਾਪਤ ਹੋਇਆ ਹੈ, (ਇਸ ਤਰ੍ਹਾਂ ਉਨ੍ਹਾਂ ਦੇ) ਧੰਧੇ ਮੁੱਕ ਗਏ ਤੇ ਦੌੜ ਭੱਜ ਵੀ ਮੁੱਕ ਗਈ। ਗੋਵਿੰਦ ਰੂਪ ਗੁਰੂ ਦੇ ਮਿਲਣ ਨਾਲ ਖੋਟੇ ਮਨੁੱਖ ਵੀ ਚੰਗੇ ਮਨੁੱਖ ਬਣ ਗਏ ਹਨ (ਦੁਸ਼ਮਨ ਵੀ ਸੱਜਨ ਮਿਤ੍ਰ ਬਣ ਗਏ ਹਨ। ਜਿਸ ਨਾਮ ਵਸਤੂ ਨੂੰ ਜੀਵ ਇਸਤ੍ਰੀ) ਜੰਗਲ ਜੰਗਲ ਖੋਜਦੀ ਫਿਰਦੀ ਸੀ, (ਉਹ ਤਾਂ) ਹਿਰਦੇ ਘਰ ਵਿਚ ਪਈ ਰਹੀ ਮਿਲ ਗਈ ਹੈ। (ਜਦ ਨਾਮ ਵਸਤੂ) ਸਤਿਗੁਰੂ ਨੇ ਮਿਲਾ ਦਿਤੀ, ਤਾਂ ਮੈਂ (ਉਸ ਨਾਲ) ਮਿਲ ਰਹੀ ਹਾਂ, (ਜਿਸ ਨੇ ਮੇਰੇ) ਜਨਮ ਮਰਨ ਦਾ ਦੁੱਖ ਦੂਰ ਕਰ ਦਿਤਾ ਹੈ। ੩੬।

ਪਦਾਰਥ = ਕਰਿ ਕਰਿ–ਪੈਦਾ ਕਰਕੇ। ਦੇਖਣਹਾਰੁ–ਸੰਭਾਲ ਕਰਨ ਵਾਲਾ; ਖਿਆਲ ਰੱਖਣ ਵਾਲਾ। ਕਰਹਿ–ਕਰਦਾ ਹੈ। ਢਾਹਿ ਉਸਾਰਿ –ਢਾਹ ਕੇ ਉਸਾਰਨ ਵਾਲਾ ਹੈਂ। ਦਾਨਾ–ਜਾਨਣ ਵਾਲਾ। ਬੀਨਾ–ਦੇਖਣ ਵਾਲਾ। ਸਿਰਿ–ਸਿਰ ਉਤੇ; ਸ਼੍ਰੋਮਣੀ। ਦਾਲਦ–ਗਰੀਬੀ। ਭੰਜਨ–ਤੋੜ ਦੇਣ ਵਾਲਾ। ਦਲਣ–ਨਾਸ਼ ਕਰਨ ਵਾਲਾ। ਗੁਰਮੁਖਿ–ਗੁਰੂ ਰਾਹੀਂ। ੩੫। ਧਨਿ ਗਇਆ–ਧਨ ਦੇ ਚਲੇ ਜਾਣ ਨਾਲ। ਬਹਿ–ਬੈਠ ਕੇ। ਝੂਰੀਐ–ਪਛਤਾਉਂਦਾ ਹੈ; ਦੁਖੀ ਹੁੰਦਾ ਹੈ। ਮਹਿ–ਵਿਚ। ਗਵਾਰ–ਮੂਰਖ। ਵਿਰਲੀ–ਵਿਰਲੇ ਮਨੁੱਖਾਂ ਨੇ। ਸੰਚਿਆ–ਜਮ੍ਹਾ ਕੀਤਾ ਹੈ। ਨਿਰਮਲੁ–ਪਵਿਤ੍ਰ। ਪਿਆਰਿ–ਪਿਆਰ ਰਾਹੀਂ। ਰਾਚਹਿ–ਰਚਿਆ ਰਹੇਂ। ਰੰਗਿ ਏਕ–ਇਕ ਪ੍ਰਭੂ ਦੇ ਪ੍ਰੇਮ ਰੰਗਿ ਵਿਚ। ਸਉਪੀਐ–ਸੌਂਪ ਦੇਈਏ। ਭੀ–ਫਿਰ ਵੀ। ਕਰਤੇ ਕੀ–ਕਰਤਾਰ ਦੀ। ਧਾਵਤ–ਦੌੜ ਭੱਜ। ਰਹਿ ਗਏ–ਮੁੱਕ ਗਏ। ਦੁਰਜਨ–ਖੋਟੇ ਮਨੁੱਖ; ਵੈਰੀ। ਸਾਜਨ –ਚੰਗੇ ਮਨੁੱਖ; ਮਿਤ੍ਰ। ਭਏ–ਹੋ ਗਏ। ਭੇਟੇ–ਮਿਲੇ। ਬਨੁ ਬਨੁ–ਜੰਗਲ ਜੰਗਲ। ਬਸਤੁ–ਨਾਮ ਰੂਪ ਵਸਤੂ। ਘਰਿ ਬਾਰਿ–ਘਰ ਦੇ ਅੰਦਰ ਹੀ। ਸਤਿਗੁਰਿ–ਸਤਿਗੁਰੂ ਨੇ। ਨਿਵਾਰਿ–ਦੂਰ ਕਰ ਦਿਤਾ। ੩੬।

ਨਾਨਾ ਕਰਤ ਨ ਛੂਟੀਐ, ਵਿਣੁ ਗੁਣ ਜਮ ਪੁਰਿ ਜਾਹਿ ॥ ਨਾ ਤਿਸੁ ਏਹੁ ਨ ਓਹੁ ਹੈ, ਅਵਗੁਣਿ ਫਿਰਿ ਪਛੁਤਾਹਿ ॥ (ਹੇ ਪੰਡਤ!

ਨਾਮ ਸਿਮਰਨ ਛਡ ਕੇ) ਅਨੇਕਾਂ ਤਰ੍ਹਾਂ ਦੇ ਕਰਮ ਕਰਨ ਨਾਲ (ਜਨਮ ਮਰਨ ਤੋਂ) ਛੁਟਕਾਰਾ ਨਹੀਂ ਮਿਲ ਸਕਦਾ, ਸ਼ੁੱਭ ਗੁਣਾਂ ਦੇ ਬਿਨਾ (ਜੀਵ) ਜਮਾਂ ਦੀ ਪੁਰੀ ਵਿਚ ਜਾਂਦੇ ਹਨ। (ਜੋ ਮਨੁੱਖ ਨਿਰੇ ਕਰਮਾਂ ਦੇ ਆਸਰੇ ਰਹਿੰਦਾ ਹੈ), ਉਸ ਦਾ ਨਾ ਇਹ ਲੋਕ ਸੰਵਰਦਾ ਹੈ ਤੇ ਨਾ ਉਹ ਲੋਕ (ਪਰਲੋਕ) ਸੰਵਰਦਾ ਹੈ, ਔਗਣ ਕਰਕੇ ਫਿਰ (ਉਹ ਅੰਤ ਨੂੰ) ਪਛਤਾਉਂਦਾ ਹੈ।

ਅੰਗ ੯੩੫ = ਨਾ ਤਿਸੁ ਗਿਆਨੁ ਨ ਧਿਆਨੁ ਹੈ, ਨਾ ਤਿਸੁ ਧਰਮੁ ਧਿਆਨੁ ॥ ਵਿਣੁ ਨਾਵੈ ਨਿਰਭਉ ਕਹਾ, ਕਿਆ ਜਾਣਾ ਅਭਿਮਾਨੁ ॥ ਥਾਕਿ ਰਹੀ ਕਿਵ ਅਪੜਾ, ਹਾਥ ਨਹੀ ਨਾ ਪਾਰੁ ॥ ਨਾ ਸਾਜਨ ਸੇ ਰੰਗੁਲੇ, ਕਿਸੁ ਪਹਿ ਕਰੀ ਪੁਕਾਰ ॥ ਨਾਨਕ ਪ੍ਰਿਉ ਪ੍ਰਿਉ ਜੇ ਕਰੀ, ਮੇਲੇ ਮੇਲਣਹਾਰੁ ॥ ਜਿਨਿ ਵਿਛੋੜੀ ਸੋ ਮੇਲਸੀ, ਗੁਰ ਕੈ ਹੇਤਿ ਅਪਾਰਿ ॥੩੭॥ ਪਾਪੁ ਬੁਰਾ ਪਾਪੀ ਕਉ ਪਿਆਰਾ ॥ ਪਾਪਿ ਲਦੇ ਪਾਪੇ ਪਾਸਾਰਾ ॥ ਪਰਹਰਿ ਪਾਪੁ ਪਛਾਣੈ ਆਪੁ ॥ ਨਾ ਤਿਸੁ ਸੋਗੁ ਵਿਜੋਗੁ ਸੰਤਾਪੁ ॥ ਨਰਕਿ ਪੜੰਤਉ ਕਿਉ ਰਹੈ, ਕਿਉ ਬੰਚੈ ਜਮਕਾਲੁ ॥ ਕਿਉ ਆਵਣ ਜਾਣਾ ਵੀਸਰੈ, ਝੂਠੁ ਬੁਰਾ ਖੈ ਕਾਲੁ ॥ ਮਨੁ ਜੰਜਾਲੀ ਵੇੜਿਆ, ਭੀ ਜੰਜਾਲਾ ਮਾਹਿ ॥ ਵਿਣੁ ਨਾਵੈ ਕਿਉ ਛੂਟੀਐ, ਪਾਪੇ ਪਚਹਿ ਪਚਾਹਿ ॥੩੮॥ ਉਸ ਮਨੁੱਖ ਨੂੰ ਨਾ (ਪ੍ਰਭੂ ਦਾ) ਗਿਆਨ ਪ੍ਰਾਪਤ ਹੁੰਦਾ ਹੈ, ਨਾ ਹੀ (ਉਸ ਨੂੰ ਪ੍ਰਭੂ ਵਿਚ) ਧਿਆਨ ਜੋੜਨ ਦਾ ਪਤਾ ਹੈ, (ਕਿਉਂਕਿ) ਉਸ ਨੂੰ ਧਰਮ ਤੇ ਧਿਆਨ ਬਾਰੇ ਪਤਾ ਹੀ ਨਹੀਂ। (ਅਜੇਹਾ ਮਨੁੱਖ) ਹੰਕਾਰ ਨੂੰ ਕੀ ਜਾਣਦਾ ਹੈ? (ਉਹ ਹੰਕਾਰ ਦੇ ਔਗਣ ਤੇ ਦੁਖ ਨੂੰ ਨਹੀਂ ਜਾਣਦਾ), ਨਾਮ ਤੋਂ ਬਿਨਾ ਨਿਰਭਉ ਪ੍ਰਭੂ ਦੀ ਪ੍ਰਾਪਤ ਕਿੱਥੇ ਹੋ ਸਕਦੀ ਹੈ? (ਨਹੀਂ ਹੋ ਸਕਦੀ); ਨਾਮ ਜਪੇ ਤੋਂ ਬਿਨਾ (ਉਹ ਮਨੁੱਖ) ਨਿਰਭਉ ਕਿਵੇਂ ਹੋ ਸਕਦਾ ਹੈ? (ਨਹੀਂ ਬਣ ਸਕਦਾ; ਡਰਪੋਕ ਹੀ ਰਹੇਗਾ। ਇਕ ਜੀਵ ਇਸਤ੍ਰੀ ਕਹਿੰਦੀ ਹੈ ਕਿ) ਮੈਂ ਕਰਮ ਕਰਦੀ ਥੱਕ ਗਈ ਹਾਂ, (ਪ੍ਰਭੂ ਪਾਸ) ਕਿਵੇਂ ਪਹੁੰਚਾਂ? (ਕਿਉਂਕਿ ਪ੍ਰਭੂ ਦੀ) ਥਾਹ ਨਹੀਂ ਹੈ ਤੇ ਨਾ (ਉਸ ਦਾ) ਪਾਰਲਾ ਕਿਨਾਰਾ ਹੈ (ਉਹ ਬੇਅੰਤ ਹੈ, ਉਸ ਦਾ ਉਰਾਰ ਪਾਰ ਨਹੀਂ)। ਉਹ ਪਿਆਰ ਵਾਲੇ ਸੱਜਨ (ਭਵਜਲ ਤੋਂ ਪਾਰ ਕਰਨ ਵਾਲੇ ਗੁਰੂ ਮਲਾਹ ਵੀ) ਨਹੀਂ ਮਿਲੇ, ਮੈਂ ਕਿਸ ਪਾਸ ਪੁਕਾਰ ਕਰਾਂ? (ਜੋ ਪ੍ਰਭੂ ਨਾਲ ਮਿਲਾ ਦੇਵੇ) । ਨਾਨਕ ਗੁਰੂ ਜੀ ਆਪਦੇ ਹਨ ਕਿ ਜੇ ਮੈਂ ਪਿਆਰੇ ਪਤੀ ਪ੍ਰਭੂ ਦਾ ਸਿਮਰਨ ਕਰਦੀ ਰਹਾਂ, (ਤਾਂ ਉਹ) ਮਿਲਾਉਣ ਵਾਲਾ ਪ੍ਰਭੂ (ਆਪ ਹੀ ਕ੍ਰਿਪਾ ਕਰਕੇ ਮੈਨੂੰ ਅਪਣੇ ਨਾਲ) ਮਿਲਾ ਲਵੇਗਾ। ਜਿਸ ਪ੍ਰਭੂ ਨੇ ਮੈਨੂੰ ਵਿਛੋੜਿਆ ਸੀ, ਉਹ ਗੁਰੂ ਦੇ ਬੇਅੰਤ ਪਿਆਰ ਦੁਆਰਾ ਅਪਣੇ ਨਾਲ ਮਿਲਾ ਲਵੇਗਾ। ੩੭। (ਹੇ ਪੰਡਤ!) ਪਾਪ ਕਰਮ ਬੁਰਾ ਹੈ, ਪਰ ਪਾਪੀ ਮਨੁੱਖ ਨੂੰ ਪਿਆਰਾ ਲਗਦਾ ਹੈ। ਉਹ ਪਾਪਾਂ ਦੇ ਭਾਰ ਨਾਲ ਲੱਦਿਆ ਹੋਇਆ ਪਾਪਾਂ ਦਾ ਖਿਲਾਰਾ ਖਿਲਾਰਦਾ ਹੈ। (ਜੇ ਉਹ ਮਨੁੱਖ) ਪਾਪ ਕਰਨਾ ਛਡ ਕੇ ਅਪਣੇ ਆਪ ਨੂੰ ਪਛਾਣ ਲਵੇ। (ਫਿਰ) ਉਸ ਨੂੰ ਨਾ ਸੋਗ ਹੋਵੇਗਾ, ਨਾ ਵਿਛੋੜਾ ਅਤੇ ਨਾ ਦੁਖ ਹੋਵੇਗਾ। (ਪਾਪੀ ਮਨੁੱਖ) ਨਰਕ ਵਿਚ ਪੈਣ ਤੋਂ ਕਿਵੇਂ ਬਚਿਆ ਰਹਿ ਸਕਦਾ ਹੈ ਅਤੇ ਜਮਕਾਲ ਤੋਂ ਕਿਵੇਂ ਬਚ ਸਕਦਾ ਹੈ? ਝੂਠ ਬੁਰਾ ਹੈ, (ਪਾਪੀ ਦੇ ਜੀਵਨ ਨੂੰ ਇਹ ਝੂਠ ਅਤੇ) ਕਾਲ ਨਾਸ਼ ਕਰ ਰਿਹਾ ਹੈ, (ਇਸ ਦਾ) ਆਉਣਾ ਜਾਣਾ (ਜੰਮਣਾ ਮਰਨਾ) ਕਿਵੇਂ ਭੁੱਲੇ (ਮੁੱਕੇ। ਪਾਪੀ ਮਨੁੱਖ ਦੇ) ਮਨ ਨੂੰ ਜੰਜਾਲਾਂ ਨੇ ਘੇਰਿਆ ਹੋਇਆ ਹੈ, ਫਿਰ ਵੀ (ਮੁੜ ਮੁੜ) ਜੰਜਾਲਾਂ ਵਿਚ ਪੈਂਦਾ ਹੈ। ਨਾਮ ਤੋਂ ਬਿਨਾ (ਇਨ੍ਹਾਂ ਜੰਜਾਲਾਂ ਤੋਂ) ਕਿਵੇਂ ਛੁਟ ਸਕਦਾ ਹੈ? (ਬਚਣਾ ਮੁਸ਼ਕਲ ਹੈ, ਅਜੇਹੇ ਮਨੁੱਖ) ਪਾਪਾਂ ਕਰਕੇ (ਆਪ ਵੀ) ਸੜਦੇ ਹਨ ਅਤੇ (ਨਾਲ ਦੇ ਸਾਥੀਆਂ ਨੂੰ) ਸਾੜਦੇ ਹਨ। ੩੮।

ਪਦਾਰਥ = ਨਾਨਾ–ਅਨੇਕਾਂ (ਕਰਮ)। ਕਰਤ–ਕਰਨ ਨਾਲ। ਜਮ ਪੁਰਿ–ਨਰਕ ਵਿਚ। ਜਾਹਿ–ਜਾਂਦੇ ਹਨ। ਤਿਸੁ–ਉਸ ਨੂੰ। ਏਹੁ–ਇਹ ਲੋਕ। ਓਹੁ–ਪਰਲੋਕ। ਵਿਣੁ ਨਾਵੈ–ਨਾਮ ਤੋਂ ਬਿਨਾ। ਕਹਾ–ਕਿਥੇ। ਕਿਆ ਜਾਣਾ–ਕੀ ਜਾਣਦਾ ਹੈ? ਥਾਕਿ ਰਹੀ–ਥੱਕ ਗਈ ਹਾਂ। ਕਿਵ–ਕਿਵੇਂ। ਅਪੜਾ–ਪਹੁੰਚਾਂ। ਹਾਥ–ਥਾਹ (ਡੂੰਘਾਈ ਦਾ ਥੱਲਾ)। ਪਾਰੁ–ਪਾਰਲਾ ਕਿਨਾਰਾ। ਸੇ–ਉਹ। ਰੰਗੁਲੇ–ਪਿਆਰੇ। ਕਿਸੁ ਪਹਿ–ਕਿਸ ਪਾਸ। ਕਰੀ–ਮੈਂ ਕਰਾਂ। ਪ੍ਰਿਉ–ਪਿਆਰੇ ਪਤੀ ਪ੍ਰਭੂ ਦਾ ਸਿਮਰਨ। ਜਿਨਿ–ਜਿਸ ਨੇ। ਸੋ–ਉਹ। ਮੇਲਸੀ–ਮਿਲਾ ਲਵੇਗਾ। ਹੇਤਿ ਅਪਾਰਿ –ਬੇਅੰਤ ਪਿਆਰਾ ਰਾਹੀਂ। ੩੭। ਕਉ–ਨੂੰ। ਪਾਪਿ–ਪਾਪਾਂ ਨਾਲ। ਪਾਪੇ–ਪਾਪਾਂ ਦਾ। ਪਾਸਾਰਾ–ਖਿਲਾਰਾ। ਪਰਹਰਿ–ਛਡ ਕੇ। ਆਪੁ–ਅਪਣੇ ਆਪ ਨੂੰ। ਵਿਜੋਗੁ–ਵਿਛੋੜਾ। ਸੰਤਾਪੁ–ਮਨ ਦਾ ਦੁੱਖ। ਪੜੰਤਉ–ਪੈਣ ਤੋਂ। ਬੰਚੈ–ਬਚ ਸਕਦਾ ਹੈ। ਖੈ ਕਾਲੁ–ਕਾਲ ਨਾਸ਼ ਕਰ ਰਿਹਾ ਹੈ। ਜੰਜਾਲੀ–ਜੰਜਾਲਾਂ ਨੇ। ਵੇੜਿਆ–ਘੇਰਿਆ ਹੈ। ਪਚਹਿ ਪਚਾਹਿ–ਆਪ ਸੜਦੇ ਹਨ ਤੇ ਹੋਰਨਾਂ ਨੂੰ ਸਾੜਦੇ ਹਨ। ੩੮।

ਫਿਰਿ ਫਿਰਿ, ਫਾਹੀ ਫਾਸੈ ਕਊਆ ॥ ਫਿਰਿ ਪਛੁਤਾਨਾ ਅਬ ਕਿਆ ਹੂਆ ॥ ਫਾਥਾ ਚੋਗ ਚੁਗੈ, ਨਹੀ ਬੂਝੈ ॥ ਸਤਿਗੁਰੁ ਮਿਲੈ, ਤਾ ਆਖੀ ਸੂਝੈ ॥ ਜਿਉ ਮਛੁਲੀ ਫਾਥੀ ਜਮ ਜਾਲਿ ॥ ਵਿਣੁ ਗੁਰ ਦਾਤੇ, ਮੁਕਤਿ ਨ ਭਾਲਿ ॥ ਫਿਰਿ ਫਿਰਿ ਆਵੈ, ਫਿਰਿ ਫਿਰਿ ਜਾਇ ॥ ਇਕ ਰੰਗਿ ਰਚੈ, ਰਹੈ ਲਿਵ ਲਾਇ ॥ ਇਵ ਛੂਟੈ, ਫਿਰਿ ਫਾਸ ਨ ਪਾਇ ॥੩੯॥ ਬੀਰਾ ਬੀਰਾ ਕਰਿ ਰਹੀ, ਬੀਰ ਭਏ ਬੈਰਾਇ ॥ ਬੀਰ ਚਲੇ ਘਰਿ ਆਪਣੈ, ਬਹਿਣ ਬਿਰਹਿ ਜਲਿ ਜਾਇ ॥ ਬਾਬੁਲ ਕੈ ਘਰਿ ਬੇਟੜੀ, ਬਾਲੀ ਬਾਲੈ ਨੇਹਿ ॥ ਜੇ ਲੋੜਹਿ ਵਰੁ ਕਾਮਣੀ

,ਸਤਿਗੁਰੁ ਸੇਵਹਿ ਤੇਹਿ ॥ ਬਿਰਲੋ ਗਿਆਨੀ ਬੂਝਣਉ ,ਸਤਿਗੁਰੁ ਸਾਚਿ ਮਿਲੇਇ ॥ ਠਾਕੁਰ ਹਾਥਿ ਵਡਾਈਆ, ਜੈ ਭਾਵੈ ਤੈ ਦੇਇ ॥ ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥ ਇਹ ਬਾਣੀ ਮਹਾ ਪੁਰਖ ਕੀ, ਨਿਜਿ ਘਰਿ ਵਾਸਾ ਹੋਇ ॥੪੦॥(ਹੇ ਪੰਡਤ !) ਕਾਂ ਵਰਗੀ ਗੰਦੀ ਬਿਰਤੀ ਵਾਲਾ ਮਨੁੱਖ ਮੁੜ ਮੁੜ ਜਮਾਂ ਦੀ ਫਾਹੀ ਵਿਚ ਫਸਦਾ ਹੈ {ਕਉਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ੪੯੩}।(ਜਦ ਜਮਾਂ ਵੱਲੋਂ ਸਜਾ ਮਿਲਦੀ ਹੈ. ਤਾਂ) ਫਿਰ ਜੀਵ ਪਛਤਾਉਂਦਾ ਹੈ ਕਿ ਹੁਣ ਇਹ ਕੀ ਹੋ ਗਿਆ ਹੈ? (ਲੋਭ ਵਿਚ) ਫਸਿਆ ਜੀਵ (ਵਿਸ਼ਿਆਂ ਰੂਪ) ਚੋਗ ਚੁਗਦਾ ਹੈ ਤੇ (ਜੀਵਨ ਦੇ ਮਨੋਰਥ ਨੂੰ) ਸਮਝਦਾ ਨਹੀਂ।(ਪਰ ਜੇ ਇਹ) ਸਤਿਗੁਰੂ ਨੂੰ ਮਿਲ ਪਵੇ, ਤਾਂ ਅੱਖਾਂ ਨਾਲ (ਅਸਲੀਅਤ ਨੂੰ) ਦੇਖ ਲੈਂਦਾ ਹੈ।ਜਿਵੇਂ ਮੱਛੀ ਜਾਲ ਵਿਚ ਫਸ ਜਾਂਦੀ ਹੈ, (ਇਸੇ ਤਰ੍ਹਾਂ ਜੀਵ) ਜਮ ਦੇ ਜਾਲ ਵਿਚ ਫਸ ਜਾਂਦਾ ਹੈ।(ਹੇ ਜੀਵ !) ਗੁਰੂ ਦਾਤਾਰ ਤੋਂ ਬਿਨਾ ਤੂੰ (ਇਸ ਫਾਹੀ ਤੋਂ) ਮੁਕਤੀ ਨਾ ਲੱਭ (ਮੁਕਤੀ ਦੀ ਆਸ ਨਾ ਰੱਖ।ਇਸ ਫਾਹੀ ਵਿਚ ਫਸਿਆ ਜੀਵ) ਮੁੜ ਮੁੜ ਜੰਮਦਾ ਹੈ ਤੇ ਮੁੜ ਮੁੜ ਮਰਦਾ ਹੈ।(ਜੇ ਜੀਵ) ਇਕ ਪ੍ਰਭੂ ਦੇ ਪ੍ਰੇਮ ਰੰਗਿ ਵਿਚ ਜੁੜ ਜਾਵੇ ਅਤੇ (ਉਸ ਵਿਚ) ਲਿਵ ਲਾਈ ਰੱਖੇ।ਇਸ ਤਰ੍ਹਾਂ ਉਹ (ਜਮ ਦੀ ਫਾਹੀ ਵਿਚ ਪੈਣ ਤੋਂ) ਛੁੱਟ ਜਾਵੇਗਾ ਅਤੇ ਮੁੜ ਕੇ (ਉਸ ਨੂੰ) ਫਾਹੀ ਨਹੀਂ ਪਵੇਗੀ।੩੯।(ਇਸ ਸ਼ਬਦ ਵਿਚ ਆਤਮਾ ਨੂੰ ਭਰਾ ਤੇ ਦੇਹ ਨੂੰ ਭੈਣ ਕਿਹਾ ਹੈ।ਮਰਨ ਵੇਲੇ ਜਦ ਆਤਮਾ ਦੇਹ ਤੋਂ ਵਿਛੜਨ ਲਗਦਾ ਹੈ, ਤਾਂ ਦੇਹ ਅਪਣੇ ਸਾਥੀ ਆਤਮਾ ਨੂੰ ਵਾਜਾਂ ਮਾਰਦੀ ਹੈ, ਪਰ ਉਹ ਪਛਾਣਦਾ ਵੀ ਨਹੀਂ।ਦੇਹੀ ਦੇ ਸੜਨ ਵਿਚ ਕਿਹਾ ਸੋਹਣਾ ਵਿਅੰਗ ਰੱਖਿਆ ਹੈ (ਸ਼ਬਦਾਰਥ)।ਇਹ ਦ੍ਰਿਸਟਾਂਤ ਇਸ ਤਰ੍ਹਾਂ ਹੈ ਕਿ ਜਦ ਕਿਸੇ ਭੈਣ ਦਾ ਭਰਾ ਮਰ ਜਾਵੇ, ਤਾਂ ਭੈਣ ਬੀਰਾ ਬੀਰਾ ਪੁਕਾਰਾਦੀ ਹੋਈ ਵਾਜਾਂ ਮਾਰਦੀ ਹੈ) ਹੇ ਜੀਵ! ਦੇਹ ਆਤਮਾ ਨੂੰ ਵੀਰ ਵੀਰ ਕਰਕੇ ਪੁਕਾਰਦੀ ਰਹਿ ਜਾਂਦੀ ਹੈ, (ਮਰਨ ਪਿਛੋਂ) ਵੀਰ ਹੋਰੀਂ ਬਿਗਾਨੇ ਹੋ ਗਏ ਹਨ; (ਦੁਖੀ ਹੋਈ ਭੈਣ ਕਹਿੰਦੀ ਹੈ ਕਿ) ਬੀਰ ਹੋਰੀਂ ਤਾਂ ਵੈਰੀ ਹੋ ਗਏ ਹਨ।ਬੀਰ (ਆਤਮਾ) ਅਪਣੇ ਅਸਲੀ ਘਰ ਵੱਲ ਚਾਲੇ ਪਾ ਦੇਂਦਾ ਹੈ ਤੇ ਪਿਛੇ ਭੈਣ (ਦੇਹ) ਵਿਛੋੜੇ ਵਿਚ (ਮੌਤ ਆਉਣ ਕਰ ਕੇ) ਸੜ ਜਾਂਦੀ ਹੈ।ਪਿਤਾ ਦੇ (ਸੰਸਾਰ ਰੂਪ ਪੇਕੇ) ਘਰ ਵਿਚ ਵਿਆਹੁਣ ਯੋਗ ਬੇਟੀ (ਦੇਹ ਹੈ, ਉਸ) ਬੇਟੀ ਦਾ ਪ੍ਰਭੂ ਪਤੀ ਨਾਲ ਪਿਆਰ ਹੈ।ਹੇ ਜੀਵ ਰੂਪ ਇਸਤ੍ਰੀ! ਤੂੰ ਜੇ ਪ੍ਰਭੂ ਪਤੀ ਨੂੰ ਚਾਹੁੰਦੀ ਹੈਂ, (ਤਾਂ ਉਸ ਦੀ ਪ੍ਰਾਪਤੀ ਲਈ ਤੂੰ) ਪ੍ਰੇਮ ਨਾਲ ਸਤਿਗੁਰੂ ਦੀ ਸੇਵਾ ਕਰ।ਵਿਰਲਾ ਗਿਆਨਵਾਨ ਮਨੁੱਖ ਸਮਝਦਾ ਹੈ ਕਿ ਸਤਿਗੁਰੂ ਸੱਚੇ ਨਾਮ ਦੁਆਰਾ ਪ੍ਰਭੂ ਨਾਲ ਮਿਲਾਉਂਦਾ ਹੈ।ਮਾਲਕ ਪ੍ਰਭੂ ਦੇ ਹੱਥ ਵਿਚ ਵਡਿਆਈਆਂ ਹਨ, ਜਿਹੜਾ ਮਨੁੱਖ (ਉਸ ਨੂੰ) ਚੰਗਾ ਲਗਦਾ ਹੈ, ਉਸ ਨੂੰ (ਵਡਿਆਈ) ਦੇਂਦਾ ਹੈ।ਜੇ ਕੋਈ ਗੁਰਮੁਖ ਹੁੰਦਾ ਹੈ, ਉਹ ਵਿਰਲਾ ਮਨੁੱਖ ਬਾਣੀ ਨੂੰ ਵਿਚਾਰਦਾ ਹੈ।ਇਹ ਬਾਣੀ (ਦਖਣੀ ਓਅੰਕਾਰ) ਮਹਾ ਪੁਰਖ (ਨਿਰੰਕਾਰ) ਦੀ ਹੈ, (ਇਸ ਬਾਣੀ ਦੀ ਵਿਚਾਰ ਨਾਲ ਮਨੁੱਖ ਦਾ) ਅਪਣੇ ਅਸਲੀ ਘਰ ਵਿਚ ਵਾਸਾ ਹੋ ਜਾਂਦਾ ਹੈ।੪੦।

ਬਾਲੀ ਬਾਲੈ ਨੇਹਿ = ਪਿਤਾ ਦੇ ਘਰ ਵਿਚ ਲੜਕੀ ਹੈ ਅਤੇ ਕੁੜੀਆਂ ਮੁੰਡਿਆਂ ਨਾਲ ਪਿਆਰ ਕਰਦੀ ਹੈ ਭਾਵ ਕੁੜੀਆਂ ਮੁੰਡਿਆਂ ਨਾਲ ਹੀ ਖੇਡਦਿਆਂ ਜਵਾਨੀ ਗੁਜਰ ਜਾਏਗੀ।ਬਾਲੀ-ਬੁੱਧੀ ਦਾ ਬਾਲੈ (ਪਦਾਰਥਾਂ) ਨਾਲ ਪਿਆਰ ਹੈ।(ਗੁ.ਗ੍ਰੰ.ਕੋਸ਼; ਫ.ਸ.)

ਪਦਾਰਥ = ਫਿਰਿ ਫਿਰਿ-ਮੁੜ ਮੁੜ (ਬਾਰ ਬਾਰ)।ਫਾਸੈ-ਫਸਦਾ ਹੈ।ਕਉਆ-ਕਾਂ।ਅਬ-ਹੁਣ।ਫਾਥਾ-ਫਸਿਆ ਹੋਇਆ।ਨਹੀ ਬੂਝੈ-ਸਮਝਦਾ ਨਹੀਂ।ਤ-ਤਾਂ।ਆਖੀ-ਅੱਖਾਂ ਨਾਲ।ਸੂਝੈ-ਦੇਖਦਾ ਹੈ।ਫਾਥੀ-ਫਸਦੀ ਹੈ।ਜਾਲਿ-ਜਾਲ ਵਿਚ।ਨ ਭਾਲਿ-ਨਾ ਲੱਭ। ਆਵੈ ਜਾਇ-ਜੰਮਦਾ ਮਰਦਾ ਹੈ।ਇਕ ਰੰਗਿ-ਇਕ ਪ੍ਰਭੂ ਦੇ ਪ੍ਰੇਮ ਵਿਚ।ਰਚੈ-ਜੁੜ ਜਾਵੇ।ਰਹੈ ਲਿਵ ਲਾਇ-ਲਿਵ ਲਾਈ ਰੱਖੇ।ਇਵ-ਇਸ ਤਰ੍ਹਾਂ।ਛੂਟੈ-ਛੁਟ ਜਾਏਗਾ।ਨ ਪਾਇ-ਨਹੀਂ ਪਵੇਗੀ।੩੯।ਬੀਰਾ ਬੀਰਾ-ਵੀਰ ਵੀਰ।ਭਏ ਬੈਰਾਇ-ਬਿਗਾਨੇ ਹੋ ਗਏ ਹਨ। ਘਰਿ-ਪ੍ਰਲੋਕ ਘਰ ਵਿਚ।ਬਹਿਣ-ਭੈਣ (ਦੇਹ)।ਬਿਰਹਿ-ਵਿਛੋੜੇ ਵਿਚ।ਜਲਿ ਜਾਇ-ਸੜ ਜਾਂਦੀ ਹੈ।ਬਾਬੁਲ ਕੈ ਘਰਿ-ਪਿਤਾ ਦੇ (ਸੰਸਾਰ ਰੂਪ ਪੇਕੇ) ਘਰ ਵਿਚ।ਬੇਟੜੀ-ਬੇਟੀ (ਜੀਵਾਤਮਾ)।ਬਾਲੀ ਬਾਲੈ-ਬੇਟੀ ਦਾ ਲੜਕੇ (ਪਤੀ) ਨਾਲ।ਨੇਹਿ-ਪਿਆਰ।ਲੋੜਹਿ-ਚਾਹੁੰਦੀ ਹੈਂ।ਵਰੁ-ਪਤੀ ਪ੍ਰਭੂ।ਕਾਮਣੀ-ਹੇ ਜੀਵ ਇਸਤ੍ਰੀ!।ਤੇਹਿ-ਉਸ ਨੂੰ; ਪਿਆਰ ਨਾਲ; ਇਸ ਲਈ।ਬੂਝਣਉ-ਸਮਝਦਾ ਹੈ। ਸਾਚਿ-ਸੱਚੇ ਨਾਮ ਦੁਆਰਾ।ਠਾਕੁਰ-ਮਾਲਕ ਪ੍ਰਭੂ।ਜੈ-ਜਿਹੜਾ।ਭਾਵੈ-ਚੰਗਾ ਲਗਦਾ ਹੈ।ਤੈ-ਉਸ ਨੂੰ।ਦੇਇ-ਦੇਂਦਾ ਹੈ।ਬਿਰਲਉ-ਵਿਰਲਾ ਮਨੁੱਖ।ਕੋ-ਕੋਈ।ਮਹਾ ਪੁਰਖ ਕੀ-ਨਿਰੰਕਾਰ ਦੀ।ਨਿਜ ਘਰਿ-ਅਸਲੀ ਘਰ (ਪ੍ਰਭੂ ਦੀ ਹਜ਼ੂਰੀ) ਵਿਚ।੪੦।

ਭਨਿ ਭਨਿ ਘੜੀਐ ਘੜਿ ਘੜਿ ਭਜੈ, ਢਾਹਿ ਉਸਾਰੈ ਉਸਰੇ ਢਾਹੈ ॥ ਸਰ ਭਰਿ ਸੋਖੈ ਭੀ ਭਰਿ ਪੋਖੈ, ਸਮਰਥ ਵੇਪਰਵਾਹੈ ॥ ਭਰਮਿ ਭੁਲਾਨੇ ਭਏ ਦਿਵਾਨੇ, ਵਿਣੁ ਭਾਗਾ ਕਿਆ ਪਾਈਐ ॥ ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ, ਜਿਨ ਖਿੰਚੈ ਤਿਨ ਜਾਈਐ ॥ ਹਰਿ ਗੁਣ ਗਾਇ ਸਦਾ ਰੰਗਿ ਰਾਤੇ, ਬਹੁੜਿ ਨ ਪਛੋਤਾਈਐ ॥ ਭਭੈ ਭਾਲਹਿ ਗੁਰਮੁਖਿ ਬੂਝਹਿ, ਤਾ ਨਿਜ ਘਰਿ ਵਾਸਾ ਪਾਈਐ ॥ ਭਭੈ

ਭਉਜਲੁ ਮਾਰਗੁ ਬਿਖੜਾ, ਆਸ ਨਿਰਾਸਾ ਤਰੀਐ ॥ ਗੁਰਪਰਸਾਦੀ ਆਪੋ ਚੀਨੈ ,ਜੀਵਤਿਆ ਇਵ ਮਰੀਐ ॥੪੧॥ ਮਾਇਆ ਮਾਇਆ ਕਰਿ ਮੁਏ, ਮਾਇਆ ਕਿਸੈ ਨ ਸਾਥਿ ॥ ਹੰਸੁ ਚਲੈ ਉਠਿ ਡੁਮਣੋ, ਮਾਇਆ ਭੂਲੀ ਆਥਿ ॥ ਮਨੁ ਝੂਠਾ ਜਮਿ ਜੋਹਿਆ, ਅਵਗੁਣ ਚਲਹਿ ਨਾਲਿ ॥ ਮਨ ਮਹਿ ਮਨੁ ਉਲਟੋ ਮਰੈ, ਜੇ ਗੁਣ ਹੋਵਹਿ ਨਾਲਿ ॥ (ਹੇ ਪੰਡਤ! ਸੰਸਾਰ ਦੀ ਰਚਨਾ ਐਸੀ ਹੈ, ਜੋ ਪ੍ਰਭੂ ਵੱਲੋਂ) ਮੁੜ ਮੁੜ ਤੋੜ ਕੇ ਫਿਰ ਘੜੀ ਜਾਂਦੀ ਹੈ, ਘੜ ਘੜ ਕੇ ਫਿਰ ਨਾਸ਼ ਹੁੰਦੀ ਹੈ, (ਉਹ ਸੰਸਾਰ ਨੂੰ) ਢਾਹ ਕੇ ਉਸਾਰਦਾ ਹੈ ਅਤੇ ਉਸਰੇ ਹੋਏ ਸੰਸਾਰ ਨੂੰ ਫਿਰ ਢਾਹ ਦੇਂਦਾ ਹੈ (ਇਹ ਉਸ ਦਾ ਖੇਲ ਹੈ){ਕਈ ਬਾਰ ਪਸਰਿਓ ਪਾਸਾਰ ੨੭੬}। ਪ੍ਰਭੂ ਸੰਸਾਰ ਸਾਗਰ ਨੂੰ (ਜੀਵ ਰੂਪ ਪਾਣੀ ਨਾਲ) ਭਰ ਕੇ ਫਿਰ ਸੁਕਾ (ਨਾਸ਼ ਕਰ) ਦੇਂਦਾ ਹੈ, ਫਿਰ ਭਰ ਕੇ ਨਕੋ ਨੱਕ ਭਰਦਾ ਹੈ, ਉਹ ਬੇਪ੍ਰਵਾਹ ਪਭੂ (ਇਹ ਸਭ ਕੁਛ ਕਰਨ ਦੇ) ਸਮਰੱਥ ਹੈ। (ਪਰ ਜੀਵ) ਭਰਮ ਵਿਚ ਭੁੱਲੇ ਫਿਰਦੇ ਹਨ ਤੇ ਪਾਗਲ ਹੋਏ ਹੋਏ ਹਨ, ਬਿਨਾ ਭਾਗਾਂ ਦੇ (ਉਨ੍ਹਾਂ ਨੂੰ) ਕੀ ਪ੍ਰਾਪਤ ਹੋ ਸਕਦਾ ਹੈ? (ਕੁਛ ਨਹੀਂ ਮਿਲਦਾ)। ਗੁਰਮੁਖਾਂ ਨੂੰ ਗਿਆਨ ਹੈ ਕਿ (ਉਨ੍ਹਾਂ ਦੀ ਬਿਰਤੀ ਰੂਪ) ਡੋਰੀ ਪ੍ਰਭੂ ਨੇ (ਅਪਣੇ ਹੱਥ ਵਿਚ) ਫੜੀ ਹੋਈ ਹੈ, ਜਿਸ ਪਾਸੇ (ਉਹ ਇਸ ਡੋਰੀ ਨੂੰ) ਖਿਚਦਾ ਹੈ, ਉਹ ਉਸ ਪਾਸੇ ਜਾਂਦੇ ਹਨ (ਪ੍ਰਭੂ ਜਿਨ੍ਹਾਂ ਉਤੇ ਮਿਹਰ ਕਰਦਾ ਹੈ, ਉਹ ਪ੍ਰਭੂ ਵੱਲ ਤੁਰਦੇ ਹਨ। ਉਹ) ਹਰੀ ਦੇ ਗੁਣ ਗਾ ਕੇ ਸਦਾ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ, (ਉਨ੍ਹਾਂ ਨੂੰ ਜੋਨੀਆਂ ਵਿਚ ਜਾਣ ਦਾ) ਮੁੜ ਕੇ ਪਛਤਾਵਾ ਨਹੀਂ ਹੁੰਦਾ (ਮੁਕਤ ਹੋ ਜਾਂਦੇ ਹਨ)। ਭੱਭੇ ਅੱਖਰ ਦੁਆਰਾ ਦਸਦੇ ਹਨ ਕਿ (ਅਜੇਹੇ ਗੁਰਮੁਖ) ਪ੍ਰਭੂ ਨੂੰ ਭਾਲਦੇ ਹਨ, (ਜਦੋਂ ਉਹ) ਗੁਰੂ ਦੁਆਰਾ (ਪ੍ਰਭੂ ਨੂੰ) ਸਮਝ ਲੈਂਦੇ ਹਨ, ਤਾਂ (ਉਨ੍ਹਾਂ ਨੂੰ) ਨਿਜ ਸਰੂਪ (ਪ੍ਰਭੂ ਦੀ ਹਜੂਰੀ) ਵਿਚ ਵਾਸਾ ਪ੍ਰਾਪਤ ਹੋ ਜਾਂਦਾ ਹੈ। ਭੱਭੇ ਰਾਹੀਂ ਫਿਰ ਦਸਦੇ ਹਨ ਕਿ ਸੰਸਾਰ ਸਮੁੰਦਰ ਨੂੰ ਤਰਨ ਦਾ ਰਸਤਾ ਔਖਾ ਹੈ, (ਇਸ ਵਿਚੋਂ ਮਾਇਕ) ਆਸਾਂ ਤੋਂ ਨਿਰਾਸ ਹੋ ਕੇ ਤਰਿਆ ਜਾ ਸਕਦਾ ਹੈ। ਗੁਰੂ ਦੀ ਕ੍ਰਿਪਾ ਨਾਲ ਜੇ ਅਪਣੇ ਆਪ ਨੂੰ ਪਛਾਣ ਲਈਏ, ਇਸ ਤਰ੍ਹਾਂ ਜਿਉਂਦਿਆਂ ਹੀ ਮਰ ਜਾਈਦਾ ਹੈ (ਸੰਸਾਰੀ ਇੱਛਾਵਾਂ ਤੋਂ ਮੁਕਤ ਹੋ ਜਾਈਦਾ ਹੈ)।੪੧। (ਹੇ ਪੰਡਤ! ਬੇਅੰਤ ਲੋਕ) ਮਾਇਆ ਮਾਇਆ ਕਰਦੇ ਮਰ ਗਏ ਹਨ, (ਪਰ) ਮਾਇਆ ਕਿਸੇ ਦੇ ਨਾਲ ਨਹੀਂ ਗਈ। (ਜਦੋਂ) ਜੀਵਾਤਮਾ ਦੁਚਿੱਤਾ ਹੋ ਕੇ (ਮੌਤ ਦੇ ਆਇਆਂ ਸੰਸਾਰ ਵਿਚੋਂ) ਉਠ ਕੇ ਪ੍ਰਲੋਕ ਨੂੰ ਤੁਰ ਚਲਦਾ ਹੈ, (ਤਾਂ ਇਸ ਨੂੰ) ਮਾਇਆ ਇਥੇ ਹੀ ਭੁੱਲ (ਇਥੇ ਹੀ ਪਈ ਰਹਿ) ਜਾਂਦੀ ਹੈ। (ਮਾਇਆ ਲਈ ਪਾਪ ਕਰਦਾ ਹੋਇਆ) ਮਨ ਝੂਠਾ ਹੋ ਗਿਆ ਹੈ, (ਜਿਸ ਕਰਕੇ ਇਸ ਨੂੰ) ਜਮ ਨੇ ਤਾੜਨਾ ਵਾਲੀ ਨਜਰ ਨਾਲ ਦੇਖਿਆ ਹੈ (ਕਿ ਝੂਠ ਦਾ ਫਲ ਭੋਗਣਾ ਪਏਗਾ, ਕਿਉਂਕਿ ਪ੍ਰਲੋਕ ਵਿਚ ਇਸ ਦੇ) ਔਗਣ ਵੀ ਨਾਲ ਚਲਦੇ ਹਨ। (ਪਰ ਜੇ ਜੀਵ ਦੇ) ਨਾਲ ਗੁਣ ਹੋਣ, ਤਾਂ ਮਨ ਵਿਚ ਹੀ ਮਨ (ਮਾਇਆ ਵੱਲੋਂ) ਉਲਟ ਕੇ ਜੀਵਤ ਭਾਵ ਤੋਂ ਮਰ ਜਾਂਦਾ ਹੈ।

ਅੰਗ ੯੩੬ = ਮੇਰੀ ਮੇਰੀ ਕਰਿ ਮੁਏ, ਵਿਣੁ ਨਾਵੈ ਦੁਖੁ ਭਾਲਿ ॥ ਗੜ ਮੰਦਰ ਮਹਲਾ ਕਹਾ, ਜਿਉ ਬਾਜੀ ਦੀਬਾਣੁ ॥ ਨਾਨਕ ਸਚੇ ਨਾਮ ਵਿਣੁ ,ਝੂਠਾ ਆਵਣ ਜਾਣੁ ॥ ਆਪੇ ਚਤੁਰ ਸਰੂਪੁ ਹੈ, ਆਪੇ ਜਾਣੁ ਸੁਜਾਣੁ ॥੪੨॥ (ਇਸੇ ਤਰ੍ਹਾਂ ਬਹੁਤ ਲੋਕ) ਮੇਰੀ ਮਾਇਆ ਮੇਰੀ ਜਾਇਦਾਤ ਕਰਦੇ ਮਰ ਗਏ ਹਨ, (ਉਹ ਪ੍ਰਭੂ ਦੇ) ਨਾਮ ਤੋਂ ਬਿਨਾ ਦੁਖ ਹੀ ਭਾਲਦੇ ਹਨ (ਸੁਖ ਨਹੀਂ ਭਾਲਦੇ। ਉਨ੍ਹਾਂ ਦੇ) ਕਿਲ੍ਹੇ, ਮਕਾਨ, ਮਹਿਲ ਅਤੇ ਹਕੂਮਤ ਆਦਿ ਕਿਥੇ ਹਨ? (ਇਹ ਤਾਂ) ਬਾਜੀਗਰ ਦੀ ਖੇਡ ਵਾਂਗ (ਮਿਥਿਆ) ਹਨ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਪ੍ਰਭੂ ਦੇ ਸੱਚੇ ਨਾਮ ਤੋਂ ਬਿਨਾ ਝੂਠਾ ਮਨੁੱਖ ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ। ਪ੍ਰਭੂ ਆਪ ਹੀ ਸਿਆਣਾ ਤੇ ਸੋਹਣੇ ਸਰੂਪ ਵਾਲਾ ਹੈ, ਆਪ ਹੀ ਜਾਨਣ ਵਾਲਾ ਜਾਣੀ ਜਾਣ (ਅੰਤਰਜਾਮੀ) ਹੈ।੪੨।

ਪਦਾਰਥ = ਭਨਿ ਭਨਿ-ਮੁੜ ਮੁੜ ਤੋੜ ਕੇ। ਘੜੀਐ-ਘੜੀ ਜਾਂਦੀ ਹੈ। ਘੜਿ ਘੜਿ-ਮੁੜ ਮੁੜ ਘੜ ਕੇ। ਭਜੈ-ਟੁੱਟਦੀ ਹੈ। ਢਾਹਿ-ਢਾਹ ਕੇ। ਉਸਾਰੈ-ਉਸਾਰਦਾ ਹੈ। ਉਸਰੇ-ਉਸਰੇ (ਬਣੇ) ਹੋਏ ਨੂੰ। ਢਾਹੈ-ਢਾਹ ਦੇਂਦਾ ਹੈ। ਸਰ-ਸੰਸਾਰ ਸਮੁੰਦਰ ਨੂੰ। ਭਰਿ-ਭਰ ਕੇ। ਸੋਖੈ-ਸੁਕਾ ਦੇਂਦਾ ਹੈ। ਭੀ-ਫਿਰ। ਪੋਖੈ-ਨਕੋ ਨਕ ਭਰ ਦੇਂਦਾ ਹੈ। ਭਰਮਿ-ਭਰਮ ਵਿਚ। ਭੁਲਾਨੇ-ਭੁੱਲੇ ਹੋਏ ਹਨ। ਦਿਵਾਨੇ-ਪਾਗਲ। ਪ੍ਰਭਿ-ਪ੍ਰਭੂ ਨੇ। ਜਿਨ-ਜਿਸ ਪਾਸੇ। ਖਿੰਚੈ-ਖਿੱਚਦਾ ਹੈ। ਤਿਨ-ਉਸ ਪਾਸੇ। ਗਾਇ-ਗਾ ਕੇ। ਰੰਗਿ ਰਾਤੇ-ਪ੍ਰੇਮ ਰੰਗਿ ਵਿਚ ਰੰਗੇ ਹਨ। ਬਹੁੜਿ-ਮੁੜ ਕੇ। ਭਭੈ-ਭੱਭੇ ਅੱਖਰ ਰਾਹੀਂ। ਭਾਲਹਿ-ਲੱਭਦੇ ਹਨ। ਬੂਝਹਿ-ਸਮਝਦੇ ਹਨ। ਤਾ-ਤਾਂ। ਨਿਜ ਘਰਿ-ਅਪਣੇ ਅਸਲੀ ਘਰ (ਪ੍ਰਭੂ ਦੀ ਹਜੂਰੀ) ਵਿਚ। ਭਉਜਲ-ਸੰਸਾਰ ਸਮੁੰਦਰ। ਵਿਖੜਾ-ਕਠਨ। ਆਸ ਨਿਰਾਸ-ਆਸਾਂ ਤੋਂ ਨਿਰਾਸ ਹੋ ਕੇ। ਤਰੀਐ-ਤਰਿਆ ਜਾ ਸਕਦਾ ਹੈ। ਆਪੋ-ਅਪਣੇ ਆਪ ਨੂੰ। ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ। ਚੀਨੈ-ਪਛਾਣ ਲਵੇ। ਜੀਵਤਿਆ-ਜਿਉਂਦਿਆਂ ਹੀ। ਇਵ-ਇਸ ਤਰ੍ਹਾਂ।੪੧। ਕਰਿ ਮੁਏ-ਕਰਦੇ ਮਰ ਗਏ। ਸਾਥਿ-ਨਾਲ। ਹੰਸੁ-ਜੀਵਾਤਮਾ। ਡੁਮਣੋ-ਦੁਚਿੱਤਾ ਹੋ ਕੇ; ਉਦਾਸ ਹੋ ਕੇ; ਦੁਖੀ ਹੋ ਕੇ। ਭੁਲੀ-ਭੁੱਲ ਗਈ। ਆਥਿ-ਇਥੇ ਹੀ; ਹੈ। ਜਮਿ-ਜਮ ਨੇ। ਜੋਹਿਆ-ਤਾੜਨਾ ਵਾਲੀ ਨਜਰ ਨਾਲ ਦੇਖਿਆ। ਮਨ ਮਹਿ-ਮਨ

ਵਿਚ। ਉਲਟੋ-ਉਲਟ ਕੇ। ਭਾਲਿ-ਭਾਲਦੇ ਹਨ। ਗੜ-ਕਿਲ੍ਹੇ। ਮੰਦਰ-ਪੱਕੇ ਘਰ। ਮਹਲਾ-ਮਹਿਲ। ਦੀਬਾਣੁ-ਹਕੂਮਤ। ਕਹਾ-ਕਿੱਥੇ ਹਨ। ਬਾਜੀ-ਬਾਜੀਗਰ ਦੀ ਖੇਡ। ਵਿਣੁ-ਬਿਨਾ। ਆਵਣੁ ਜਾਣੁ-ਜੰਮਣਾ ਮਰਨਾ। ਸੁਜਾਣੁ-ਸਿਆਣਾ; ਜਾਣੀ ਜਾਣ।੪੨।

ਜੋ ਆਵਹਿ ਸੇ ਜਾਹਿ ਫੁਨਿ, ਆਇ ਗਏ ਪਛੁਤਾਹਿ ॥ ਲਖ ਚਉਰਾਸੀਹ ਮੇਦਨੀ, ਘਟੈ ਨ ਵਧੈ ਉਤਾਹਿ ॥ ਸੇ ਜਨ ਉਬਰੇ ਜਿਨ ਹਰਿ ਭਾਇਆ ॥ ਧੰਧਾ ਮੁਆ ਵਿਗੂਤੀ ਮਾਇਆ ॥ ਜੋ ਦੀਸੈ ਸੋ ਚਾਲਸੀ, ਕਿਸ ਕਉ ਮੀਤੁ ਕਰੇਉ ॥ ਜੀਉ ਸਮਪਉ ਆਪਣਾ, ਤਨੁ ਮਨੁ ਆਗੈ ਦੇਉ ॥ ਅਸਥਿਰੁ ਕਰਤਾ ਤੂ ਧਣੀ, ਤਿਸ ਹੀ ਕੀ ਮੈ ਓਟ ॥ ਗੁਣ ਕੀ ਮਾਰੀ ਹਉ ਮੁਈ, ਸਬਦਿ ਰਤੀ ਮਨਿ ਚੋਟ ॥੪੩ ॥ ਰਾਣਾ ਰਾਉ ਨ ਕੋ ਰਹੈ, ਰੰਗੁ ਨ ਤੁੰਗੁ ਫਕੀਰੁ ॥ ਵਾਰੀ ਆਪੋ ਆਪਣੀ, ਕੋਇ ਨ ਬੰਧੈ ਧੀਰ ॥ ਰਾਹੁ ਬੁਰਾ ਭੀਹਾਵਲਾ, ਸਰ ਡੂਗਰ ਅਸਗਾਹ ॥ ਮੈ ਤਨਿ ਅਵਗਣ ਝੁਰਿ ਮੁਈ, ਵਿਣੁ ਗੁਣ ਕਿਉ ਘਰਿ ਜਾਹ ॥ ਗੁਣੀਆ ਗੁਣ ਲੇ ਪ੍ਰਭ ਮਿਲੇ, ਕਿਉ ਤਿਨ ਮਿਲਉ ਪਿਆਰਿ ॥ ਤਿਨ ਹੀ ਜੈਸੀ ਥੀ ਰਹਾਂ, ਜਪਿ ਜਪਿ ਰਿਦੈ ਮੁਰਾਰਿ ॥ ਅਵਗੁਣੀ ਭਰਪੂਰ ਹੈ, ਗੁਣ ਭੀ ਵਸਹਿ ਨਾਲਿ ॥ ਵਿਣੁ ਸਤਗੁਰ ਗੁਣ ਨ ਜਾਪਨੀ, ਜਿਚਰੁ ਸਬਦਿ ਨ ਕਰੇ ਬੀਚਾਰੁ ॥੪੪॥ (ਹੇ ਪੰਡਤ!) ਜੋ ਜੀਵ ਸੰਸਾਰ ਵਿਚ ਆਉਂਦੇ ਹਨ, ਉਹ ਫਿਰ (ਸੰਸਾਰ ਵਿਚੋਂ) ਚਲੇ ਜਾਂਦੇ ਹਨ, (ਜੋ ਸੰਸਾਰ ਵਿਚ) ਆਏ ਤੇ ਮਰ ਕੇ ਚਲੇ ਗਏ ਹਨ, ਉਹ ਅੰਤ ਪਛਤਾਉਂਦੇ ਹਨ। (ਉਨ੍ਹਾਂ ਲਈ) ਚੁਰਾਸੀ ਲੱਖ ਜੂਨਾਂ ਵਾਲੀ ਦੁਨੀਆਂ ਹੈ, ਜੋ ਨਾ ਘਟਦੀ ਹੈ ਤੇ ਨਾ (ਚੁਰਾਸੀ ਲੱਖ ਤੋਂ) ਉਪਰ ਨੂੰ ਵਧਦੀ ਹੈ (ਉਨ੍ਹਾਂ ਨੂੰ ਪੂਰੀਆਂ ਚੁਰਾਸੀ ਲੱਖ ਜੂਨਾਂ ਵਿਚੋਂ ਲੰਘਣਾ ਪੈਣਾ ਹੈ)। ਉਹ ਮਨੁੱਖ (ਜੰਮਣ ਮਰਨ ਦੇ ਗੇੜ ਵਿਚ ਪੈਣ ਤੋਂ) ਬਚ ਗਏ ਹਨ, ਜਿਨ੍ਹਾਂ ਨੂੰ ਹਰੀ ਚੰਗਾ ਲਗਾ ਹੈ। (ਕਿਉਂਕਿ ਉਨ੍ਹਾਂ ਲਈ) ਧੰਧਾ ਮੁੱਕ ਗਿਆ ਹੈ ਅਤੇ ਮਾਇਆ ਦੀ ਲਾਲਸਾ ਵੀ ਨਾਸ਼ ਹੋ ਗਈ ਹੈ। (ਗਿਆਨਵਾਨ ਮਨੁੱਖ ਆਖਦਾ ਹੈ ਕਿ ਸੰਸਾਰ ਵਿਚ) ਜੋ ਕੁਛ ਵੀ ਦਿਸਦਾ ਹੈ, ਉਹ ਨਾਸ਼ ਹੋ ਜਾਵੇਗਾ, (ਇਸ ਲਈ ਇਨ੍ਹਾਂ ਵਿਚੋਂ ਅਪਣਾ) ਮਿਤ੍ਰ ਮੈਂ ਕਿਸ ਨੂੰ ਬਣਾਵਾਂ? (ਲੋਕ ਪ੍ਰਲੋਕ ਵਿਚ ਸਾਥ ਨਿਬਾਹੁਣ ਵਾਲਾ ਮਿਤ੍ਰ ਪ੍ਰਭੂ ਹੈ, ਉਸ ਦੇ ਅੱਗੇ) ਮੈਂ ਅਪਣਾ ਜੀਵਨ ਸੌਂਪ ਦੇਵਾਂ ਅਤੇ ਤਨ ਮਨ ਵੀ ਅਰਪਣ ਕਰ ਦੇਵਾਂ। (ਪ੍ਰਭੂ ਅੱਗੇ ਬੇਨਤੀ ਕਰਾਂ ਕਿ) ਹੇ ਰਚਨਹਾਰ ਪ੍ਰਭੂ! ਤੂੰ ਸਦਾ ਕਾਇਮ ਰਹਿਣ ਵਾਲਾ (ਸਭ ਦਾ) ਮਾਲਕ ਹੈਂ, (ਹੇ ਭਾਈ!) ਮੈਨੂੰ ਉਸੇ ਦੀ ਓਟ ਹੈ। (ਜਿਸ ਮਨੁੱਖ ਦੀ ਸੁਰਤ) ਗੁਰੂ ਦੇ ਸ਼ਬਦ ਵਿਚ ਰੰਗੀ ਗਈ ਹੈ, (ਉਸ ਦੇ) ਮਨ ਵਿਚ ਚੋਟ ਲੱਗੀ ਹੈ, (ਇਸ) ਗੁਣ ਦੀ ਮਾਰੀ (ਉਸ ਦੀ) ਹਉਮੈ ਮਰ ਗਈ ਹੈ (ਜੀਵਨ ਬਦਲ ਗਿਆ ਹੈ)।੪੩। (ਰਾਰੇ ਅੱਖਰ ਦੁਆਰਾ ਦਸਦੇ ਹਨ ਕਿ ਹੇ ਪੰਡਤ! ਜਗਤ ਵਿਚ ਸਦਾ) ਨਾ ਕੋਈ ਰਾਜਾ, ਨਾ ਸਰਦਾਰ, ਨਾ ਕੰਗਾਲ, ਨਾ ਅਮੀਰ ਤੇ ਨਾ ਹੀ ਕੋਈ ਫਕੀਰ ਜਿਉਂਦਾ ਰਹਿੰਦਾ ਹੈ। ਆਪੋ ਅਪਣੀ ਵਾਰੀ ਅਨੁਸਾਰ ਕੋਈ ਵੀ (ਜੀਵ) ਧੀਰਜ ਬੰਨ੍ਹ (ਠਹਿਰ) ਨਹੀਂ ਸਕਦਾ। (ਪ੍ਰਲੋਕ ਦਾ) ਰਸਤਾ ਬੁਰਾ ਤੇ ਡਰਾਉਣਾ ਹੈ, ਅੱਗੇ ਡੂੰਘਾ ਸਮੁੰਦਰ ਤੇ ਪਹਾੜੀ ਰਸਤਾ ਹੈ। (ਇਹ ਵਿਚਾਰ ਜਾਣ ਕੇ ਗੁਰਮੁਖ ਇਸਤ੍ਰੀ ਆਖਦੀ ਹੈ ਕਿ) ਮੇਰੇ ਸਰੀਰ ਵਿਚ ਔਗਣ ਹਨ, ਜਿਨ੍ਹਾਂ ਕਰਕੇ ਮੈਂ ਝੂਰ ਝੂਰ ਕੇ ਮਰ (ਦੁਖੀ ਹੋ) ਰਹੀ ਹਾਂ, ਬਿਨਾ ਗੁਣਾਂ ਦੇ ਮੈਂ ਕਿਵੇਂ ਅਪਣੇ ਅਸਲੀ ਘਰ ਵਿਚ ਜਾਵਾਂ? (ਨਹੀਂ ਪਹੁੰਚ ਸਕਦੀ)। ਗੁਣਾਂ ਵਾਲੇ ਪੁਰਖ ਗੁਣ ਲੈ ਕੇ ਪ੍ਰਭੂ ਨੂੰ ਮਿਲ ਪਏ ਹਨ, ਮੈਂ ਪਿਆਰ ਵਾਲੇ ਉਨ੍ਹਾਂ (ਗੁਣੀ ਪੁਰਖਾਂ) ਨੂੰ ਕਿਵੇਂ ਮਿਲਾਂ? ਮੈਂ ਹਿਰਦੇ ਵਿਚ ਪ੍ਰਭੂ ਦਾ ਨਾਮ ਜਪ ਜਪ ਕੇ ਉਨ੍ਹਾਂ (ਗੁਣੀ ਪੁਰਖਾਂ) ਵਰਗੀ ਹੋ ਰਹਾਂ (ਤਾਂ ਪ੍ਰਭੂ ਮਿਲ ਪਵੇਗਾ। ਪਰ ਮੇਰਾ ਹਿਰਦਾ) ਔਗਣਾਂ ਨਾਲ ਭਰਿਆ ਪਿਆ ਹੈ, (ਪਰ ਸ਼ੁੱਭ) ਗੁਣ ਵੀ ਨਾਲ ਹੀ (ਹਿਰਦੇ ਅੰਦਰ) ਵਸਦੇ ਹਨ (ਪਰ ਗੁਣ ਅਸੀਂ ਧਾਰਨ ਨਹੀਂ ਕਰਦੇ)। ਸਤਿਗੁਰੂ ਤੋਂ ਬਿਨਾ ਗੁਣਾਂ ਦਾ ਪਤਾ (ਉਦੋਂ ਤਕ) ਨਹੀਂ ਲਗਦਾ, ਜਿੰਨਾ ਚਿਰ ਤਕ (ਕੋਈ ਮਨੁੱਖ ਗੁਰੂ ਦੇ) ਸ਼ਬਦ ਦੁਆਰਾ ਵਿਚਾਰ ਨਾ ਕਰੇ।੪੪।

ਪਦਾਰਥ = ਸੇ-ਉਹ। ਜਾਹਿ-ਚਲੇ ਜਾਂਦੇ ਹਨ। ਫੁਨਿ-ਫਿਰ; ਮੁੜ ਦੁਬਾਰਾ। ਆਏ ਗਏ-ਆਏ ਤੇ ਚਲੇ ਗਏ (ਜਨਮ ਲੈ ਕੇ ਮਰ ਗਏ)। ਮੇਦਨੀ-ਦੁਨੀਆਂ। ਨ ਵਧੈ ਉਤਾਹਿ-ਉਪਰ ਨੂੰ ਵਧਦੀ ਨਹੀਂ। ਸੇ ਜਨ-ਉਹ ਮਨੁੱਖ। ਉਬਰੇ-ਬਚ ਗਏ। ਜਿਨ-ਜਿਨ੍ਹਾਂ ਨੂੰ। ਭਾਇਆ-ਚੰਗਾ ਲੱਗਾ ਹੈ। ਮੁਆ-ਮੁੱਕ ਗਿਆ। ਵਿਗੂਤੀ-ਨਾਸ਼ ਹੋ ਗਈ। ਦੀਸੈ-ਦਿਸਦਾ ਹੈ। ਚਾਲਸੀ-ਨਾਸ਼ ਹੋ ਜਾਵੇਗਾ। ਕਉ-ਨੂੰ। ਕਰੇਉ-ਕਰਾਂ (ਬਣਾਵਾਂ)। ਜੀਉ-ਜਿੰਦ। ਸਮਪਉ-ਸੌਂਪ ਦੇਵਾਂ। ਤਨੁ-ਸਰੀਰ। ਦੇਉ-ਦੇ ਦੇਵਾਂ। ਅਸਥਿਰੁ-ਸਦਾ ਕਾਇਮ ਰਹਿਣ ਵਾਲਾ। ਕਰਤਾ-ਰਚਨਹਾਰ ਪ੍ਰਭੂ। ਧਣੀ-ਮਾਲਕ। ਹਉ-ਹਉਮੈ। ਸਬਦਿ-ਸ਼ਬਦ ਵਿਚ। ਰਤੀ-ਰੰਗੀ ਗਈ। ਮਨਿ-ਮਨ ਵਿਚ।੪੩। ਰਾਣਾ-ਰਾਜਾ। ਰਾਉ-ਸਰਦਾਰ। ਕੋ-ਕੋਈ। ਰੰਗੁ-ਕੰਗਾਲ। ਤੁੰਗ-ਉਚਾ ਧਨਵਾਨ ਮਨੁੱਖ। ਫਕੀਰ-ਦਰਵੇਸ਼; ਗਰੀਬ। ਨ ਬੰਧੈ ਧੀਰ-ਧੀਰਜ ਨਹੀਂ ਬੰਨ੍ਹ ਸਕਦਾ; ਠਹਿਰ ਨਹੀਂ ਸਕਦਾ। ਰਾਹੁ-ਰਸਤਾ। ਭੀਹਾਵਲਾ-ਡਰਾਉਣਾ। ਸਰ-ਸਮੁੰਦਰ। ਡੂਗਰ-ਪਹਾੜ। ਅਸਗਾਹ-ਅਥਾਹ (ਬਹੁਤ ਡੰਘਾ)। ਤਨਿ-ਸਰੀਰ ਵਿਚ। ਝੁਰਿ ਮੁਈ-ਝੂਰ ਝੂਰ ਕੇ ਮਰ ਗਈ (ਦੁਖੀ ਹੁੰਦੀ) ਹਾਂ। ਘਰਿ-ਅਸਲੀ ਘਰ ਵਿਚ। ਜਾਹ-

ਜਾਵਾਂ। ਗੁਣੀਆ–ਗੁਣਾਂ ਵਾਲੇ ਮਨੁੱਖ। ਤਿਨ–ਉਨ੍ਹਾਂ ਨੂੰ। ਪਿਆਰਿ–ਪਿਆਰ ਵਾਲੇ। ਜੈਸੀ ਥੀ ਰਹਾ–ਵਰਗੀ ਹੋ ਰਹਾਂ। ਜਪਿ–ਜਪ ਕੇ। ਰਿਦੈ–ਹਿਰਦੇ ਵਿਚ। ਮੁਰਾਰਿ–ਹੰਕਾਰ ਨੂੰ ਨਾਸ਼ ਕਰਨ ਵਾਲਾ ਪ੍ਰਭੂ। ਅਵਗੁਣੀ–ਔਗਣਾਂ ਨਾਲ। ਭਰਪੂਰ–ਭਰਿਆ ਪਿਆ ਹੈ। ਨ ਜਾਪਨੀ–ਪਤਾ ਨਹੀਂ ਲਗਦਾ। ਜਿਚਰੁ–ਜਿੰਨਾ ਚਿਰ ਤਕ। ਸਬਦਿ–ਸ਼ਬਦ ਦੁਆਰਾ। ੪੪।

ਲਸਕਰੀਆ ਘਰ ਸੰਮਲੇ, ਆਏ ਵਜਹੁ ਲਿਖਾਇ ॥ ਕਾਰ ਕਮਾਵਹਿ ਸਿਰਿ ਧਣੀ, ਲਾਹਾ ਪਲੈ ਪਾਇ ॥ ਲਬੁ ਲੋਭੁ ਬੁਰਿਆਈਆ, ਛੋਡੇ ਮਨਹੁ ਵਿਸਾਰਿ ॥ ਗੜਿ ਦੋਹੀ ਪਾਤਿਸਾਹ ਕੀ, ਕਦੇ ਨ ਆਵੈ ਹਾਰਿ ॥ ਚਾਕਰੁ ਕਹੀਐ ਖਸਮਾ ਕਾ, ਸਉਹੇ ਉਤਰ ਦੇਇ ॥ ਵਜਹੁ ਗਵਾਏ ਆਪਣਾ, ਤਖਤਿ ਨ ਬੈਸਹਿ ਸੇਇ ॥ ਪ੍ਰੀਤਮ ਹਥਿ ਵਡਿਆਈਆ, ਜੈ ਭਾਵੈ ਤੈ ਦੇਇ ॥ ਆਪਿ ਕਰੇ ਕਿਸੁ ਆਖੀਐ, ਅਵਰੁ ਨ ਕੋਇ ਕਰੇਇ ॥੪੫॥ ਬੀਜਉ ਸੂਝੈ ਕੋ ਨਹੀ, ਬਹੈ ਦੁਲੀਚਾ ਪਾਇ ॥ ਨਰਕ ਨਿਵਾਰਣੁ ਨਰਹ ਨਰੁ ,ਸਾਚਉ ਸਾਚੈ ਨਾਇ ॥ ਵਣੁ ਤ੍ਰਿਣੁ ਢੂਢਤ ਫਿਰਿ ਰਹੀ, ਮਨ ਮਹਿ ਕਰਉ ਬੀਚਾਰੁ ॥ ਲਾਲ ਰਤਨ ਬਹੁ ਮਾਣਕੀ, ਸਤਿਗੁਰ ਹਾਥਿ ਭੰਡਾਰੁ ॥ ਊਤਮੁ ਹੋਵਾ ਪ੍ਰਭੁ ਮਿਲੈ, ਇਕ ਮਨਿ ਏਕੈ ਭਾਇ ॥ ਨਾਨਕ ਪ੍ਰੀਤਮ ਰਸਿ ਮਿਲੇ, ਲਾਹਾ ਲੈ ਪਰਥਾਇ ॥ ਰਚਨਾ ਰਾਚਿ ਜਿਨਿ ਰਚੀ, ਜਿਨਿ ਸਿਰਿਆ ਆਕਾਰੁ ॥ ਗੁਰਮੁਖਿ ਬੇਅੰਤੁ ਧਿਆਈਐ, ਅੰਤੁ ਨ ਪਾਰਾਵਾਰੁ ॥੪੬॥ (ਅਸਲ ਜੀਵਨ ਖੇਡਣ ਲਈ ਤਿਆਰ ਬਰ ਤਿਆਰ ਜੀਵ ਰੂਪ) ਸਿਪਾਹੀਆਂ ਨੇ ਆਪੋ ਅਪਣੇ ਟਿਕਾਣੇ ਸੰਭਾਲ ਲਏ ਹਨ (ਸਿਪਾਹੀ ਦਾ ਪੱਕਾ ਟਿਕਾਣਾ ਨਹੀਂ ਹੁੰਦਾ) ਅਤੇ ਸਾਰੇ ਤਨਖਾਹ (ਰਿਜ਼ਕ ਮਾਲਕ ਪਾਸੋਂ) ਲਿਖਾ ਕੇ (ਸੰਸਾਰ ਵਿਚ) ਆਏ ਹਨ। (ਪਰ ਜਿਹੜੇ ਸਿਪਾਹੀ ਅਪਣੇ) ਸਿਰ ਤੇ ਮਾਲਕ ਦੀ ਆਗਿਆ ਮੰਨ ਕੇ ਕਾਰ ਕਮਾਉਂਦੇ (ਕੰਮ ਕਰਦੇ) ਹਨ, (ਇਉਂ ਉਹ ਤਨਖਾਹ ਦੇ ਨਾਲ ਹੋਰ ਵੀ) ਲਾਹਾ ਪੱਲੇ ਪਾਉਂਦੇ ਹਨ। (ਉਨ੍ਹਾਂ ਨੇ) ਲਬ ਲੋਭ ਆਦਿ ਬੁਰਿਆਈਆਂ ਮਨ ਵਿਚੋਂ ਭੁਲਾ ਦਿਤੀਆਂ ਹਨ। (ਜੋ ਸਿਪਾਹੀ ਸਰੀਰ ਰੂਪ) ਕਿਲ੍ਹੇ ਵਿਚ ਖੜ੍ਹਾ ਹੋ ਕੇ ਅਪਣੇ ਮਾਲਕ ਪਾਤਸ਼ਾਹ ਦੀ ਦੁਹਾਈ ਦੇਂਦਾ ਹੈ, (ਉਹ ਜੀਵਨ ਦੀ ਬਾਜੀ) ਕਦੇ ਹਾਰ ਕੇ ਨਹੀਂ ਆਉਂਦਾ। (ਦੂਜੇ ਪਾਸੇ ਜੋ) ਮਾਲਕ ਦਾ ਨੌਕਰ ਕਹਾਵੇ ਅਤੇ ਮਾਲਕ ਦੇ ਸਾਮ੍ਹਣੇ ਜਵਾਬ ਦੇਵੇ (ਮਾਲਕ ਦਾ ਹੁਕਮ ਨਾ ਮੰਨੇ। ਉਹ) ਅਪਣੀ ਤਨਖਾਹ ਗਵਾ ਲੈਂਦਾ ਹੈ ਅਤੇ ਉਹ (ਇਹੋ ਜਿਹੇ ਨੌਕਰ ਕਿਸੇ) ਉਚੀ ਪੱਦਵੀ ਤੇ ਨਹੀਂ ਬੈਠ ਸਕਦੇ (ਮਾਲਕ ਦੀ ਮੇਹਰ ਤੋਂ ਬਾਂਝੇ ਰਹਿੰਦੇ ਹਨ। ਸਭ) ਵਡਿਆਈਆਂ ਪਿਆਰੇ ਪ੍ਰਭੂ ਦੇ ਹੱਥ ਵਿਚ ਹਨ, ਜਿਹੜਾ ਮਨੁੱਖ (ਉਸ ਨੂੰ) ਚੰਗਾ ਲਗਦਾ ਹੈ, ਉਸ ਨੂੰ (ਉਹ ਵਡਿਆਈ) ਦੇਂਦਾ ਹੈ। ਪ੍ਰਭੂ ਆਪ ਹੀ ਸਭ ਕੁਛ ਕਰਦਾ ਹੈ ,(ਉਸ ਤੋਂ ਬਿਨਾ ਹੋਰ) ਕਿਸ ਨੂੰ ਆਖੀਏ? (ਕਿਉਂਕਿ) ਹੋਰ ਕੋਈ ਕੁਛ ਕਰ ਹੀ ਨਹੀਂ ਸਕਦਾ। ੪੫। (ਮੈਨੂੰ ਪ੍ਰਭੂ ਤੋਂ ਬਿਨਾ) ਕੋਈ ਦੂਜਾ ਦਿਸਦਾ ਹੀ ਨਹੀਂ, (ਜੋ ਪ੍ਰਭੂ ਦੇ ਬਰਾਬਰ) ਦੁਲੀਚਾ ਵਿਛਾ ਕੇ ਬੈਠੇ (ਜਗਤ ਤੇ ਹੁਕਮਰਾਨੀ ਕਰੇ। ਜੀਵਾਂ ਦਾ) ਨਰਕ ਦੂਰ ਕਰਨ ਵਾਲਾ ਮਨੁੱਖਾਂ ਦਾ ਮਾਲਕ (ਕੇਵਲ ਪ੍ਰਭੂ ਹੀ ਹੈ, ਉਹ) ਸਚਾ ਪ੍ਰਭੂ ਸੱਚੇ ਨਾਮ ਦੁਆਰਾ ਪ੍ਰਾਪਤ ਹੁੰਦਾ ਹੈ। ਮੈਂ ਉਸ ਨੂੰ ਜੰਗਲ ਘਾਹ ਆਦਿ ਥਾਵਾਂ ਵਿਚ ਢੂੰਢਦੀ ਫਿਰਦੀ ਥੱਕ ਗਈ ਹਾਂ, ਹੁਣ ਮੈਂ ਮਨ ਵਿਚ ਬਿਚਾਰ ਕਰਦੀ ਹਾਂ। (ਤਾਂ ਅਨੁਭਵ ਹੋਇਆ ਕਿ) ਲਾਲ ਅਤੇ ਬਹੁਤ ਤਰ੍ਹਾਂ ਦੇ ਮਾਣਕ ਆਦਿ ਰਤਨਾਂ (ਪ੍ਰੇਮ, ਗਿਆਨ ਤੇ ਵੈਰਾਗ ਆਦਿ ਦੈਵੀ ਗੁਣਾਂ) ਦਾ ਭੰਡਾਰ ਸਤਿਗੁਰੂ ਦੇ ਹੱਥ ਵਿਚ ਹੈ। (ਇਸ ਲਈ ਗੁਰੂ ਤੋਂ ਗੁਣ ਹਾਸਲ ਕਰਕੇ ਪਹਿਲਾਂ) ਮੈਂ ਉਤਮ ਹੋਵਾਂ ਅਤੇ ਇਕ ਮਨ ਹੋ ਕੇ ਇਕ ਦੇ ਪ੍ਰੇਮ ਨਾਲ ਉਸ ਨੂੰ ਸਿਮਰਾਂ, ਤਾਂ ਪ੍ਰਭੂ ਮਿਲ ਪਵੇਗਾ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਪ੍ਰੇਮ ਦੁਆਰਾ ਪਿਆਰਾ ਪ੍ਰਭੂ ਮਿਲ ਪਵੇ, (ਤਾਂ ਮੈਂ ਉਸ ਤੋਂ) ਪ੍ਰਲੋਕ ਦਾ ਲਾਹਾ ਲੈ ਲਵਾਂ। ਜਿਸ ਪ੍ਰਭੂ ਨੇ ਸੂਖਮ ਤੱਤ ਰਚ ਕੇ ਜਗਤ ਰਚਨਾ ਰਚੀ ਹੈ ਅਤੇ ਜਿਸ ਨੇ ਸਾਰਾ ਅਕਾਰ ਸਿਰਜਿਆ ਹੈ। (ਉਸ) ਬੇਅੰਤ ਪ੍ਰਭੂ ਨੂੰ ਗੁਰੂ ਦੀ ਸਰਨ ਵਿਚ ਪੈ ਕੇ ਧਿਆਉਣਾ ਚਾਹੀਦਾ ਹੈ, (ਜਿਸ ਦਾ ਕੋਈ) ਅੰਤ ਤੇ ਪਾਰਾਵਾਰ ਨਹੀਂ ਹੈ। ੪੬।

ਲਸਕਰੀਆ ਘਰ ਸੰਮਲੇ = ਸਿਪਾਹੀ ਲੋਕ ਜੋ (ਤਨਖਾਹ ਆਦਿ) ਲਿਖਾ ਕੇ ਆਉਂਦੇ ਹਨ, ਰਿਟਾਇਰ ਹੋ ਕੇ ਆਪੋ ਅਪਣੇ ਘਰ ਚਲੇ ਜਾਂਦੇ ਹਨ, ਜਿਨ੍ਹਾਂ ਦੀ ਨੌਕਰੀ ਚੰਗੀ ਹੁੰਦੀ ਹੈ, ਉਨ੍ਹਾਂ ਨੂੰ ਜਗੀਰ ਤੇ ਇਨਾਮ ਮਿਲਦਾ ਹੈ (ਗੁ.ਗ੍ਰੰ. ਕੋਸ਼)।

ਪਦਾਰਥ = ਲਸਕਰੀਆ–ਸਿਪਾਹੀਆਂ ਨੇ। ਘਰ–ਡੇਰੇ; ਟਿਕਾਣੇ। ਸੰਮਲੇ–ਸੰਭਾਲ ਲਏ ਹਨ। ਵਜਹੁ–ਤਨਖਾਹ (ਰਿਜ਼ਕ)। ਸਿਰਿ–ਸਿਰ ਉਤੇ। ਧਣੀ–ਮਾਲਕ ਦੀ। ਲਾਹਾ–ਲਾਭ। ਪਲੈ ਪਾਇ–ਹਿਰਦੇ ਰੂਪ ਪੱਲੇ ਵਿਚ ਪਾਉਂਦੇ ਹਨ। ਲਬੁ–ਖਾਣ ਦਾ ਲਾਲਚ। ਲੋਭੁ–ਮਾਇਆ ਦਾ ਲਾਲਚ। ਮਨਹੁ–ਮਨ ਵਿਚੋਂ। ਵਿਸਾਰਿ–ਭੁਲਾ (ਛਡ) ਦਿਤੇ ਹਨ। ਗੜਿ–ਸਰੀਰ ਰੂਪ ਕਿਲ੍ਹੇ ਵਿਚ। ਦੋਹੀ–ਢੰਢੋਰਾ। ਚਾਕਰੁ–ਨੌਕਰ। ਖਸਮ ਕਾ–ਮਾਲਕ ਦਾ। ਸਉਹੇ–ਸਾਮ੍ਹਣੇ। ਤਖਤਿ–ਉਚੀ ਪਦਵੀ ਉਤੇ; ਮਾਲਕ ਦੀ ਸਭਾ ਵਿਚ। ਨਾ ਬੈਸਹਿ–ਨਹੀਂ ਬੈਠ ਸਕਦੇ। ਸੇਇ–ਉਹ। ਪ੍ਰੀਤਮ ਹਥਿ–ਪਿਆਰੇ ਪ੍ਰਭੂ ਦੇ ਹੱਥ ਵਿਚ। ਜੈ–ਜਿਹੜਾ; ਜਿਸ ਨੂੰ। ਭਾਵੈ–ਚੰਗਾ ਲਗਦਾ ਹੈ; ਚਾਹੁੰਦਾ ਹੈ। ਤੈ–ਉਸ ਨੂੰ। ਦੇਇ–ਦੇਂਦਾ ਹੈ। ਅਵਰੁ–ਹੋਰ। ੪੫। ਬੀਜਉ–ਦੂਜਾ। ਸੂਝੈ ਨਹੀ–ਦਿਸਦਾ ਨਹੀਂ। ਕੋ–ਕੋਈ। ਬਹੈ–ਬੈਠੇ। ਦੁਲੀਚਾ ਪਾਇ–

ਆਸਣ (ਗੱਦੀ) ਲਗਾ ਕੇ (ਪੁਰਾਣੇ ਸਮੇਂ ਵਿਚ ਹਾਕਮ ਦਰਬਾਰ ਵਿਚ ਗਲੀਚਾ ਵਿਛਾ ਕੇ ਬੈਠਦੇ ਸਨ)। ਨਿਵਾਰਣੁ-ਦੂਰ ਕਰਨ ਵਾਲਾ। ਨਰਹਨਰੁ-ਮਨੁੱਖਾਂ ਦਾ ਮਾਲਕ। ਸਾਚਉ-ਸੱਚਾ ਪ੍ਰਭੂ। ਸਾਚੈ ਨਾਇ-ਸੱਚੇ ਨਾਮ ਦੁਆਰਾ। ਵਣੁ-ਜੰਗਲ। ਤ੍ਰਿਣੁ-ਘਾਹ। ਮਨ ਮਹਿ-ਮਨ ਵਿਚ। ਕਰਉ-ਕਰਦੀ ਹਾਂ। ਬਹੁ-ਬਹੁਤ। ਲਾਲ ਰਤਨ ਮਾਣਕੀ-ਪ੍ਰੇਮ, ਗਿਆਨ ਤੇ ਵੈਰਾਗ ਆਦਿ ਰਤਨ। ਇਕ ਮਨਿ-ਇਕ ਮਨ ਹੋ ਕੇ। ਭਾਇ-ਪ੍ਰੇਮ ਨਾਲ। ਰਸਿ-ਪ੍ਰੇਮ ਦੁਆਰਾ। ਪਰਥਾਇ-ਪ੍ਰਲੋਕ ਦਾ। ਰਾਚਿ-ਰਚ ਕੇ। ਸਿਰਿਆ-ਸਿਰਜਿਆ। ਜਿਨਿ-ਜਿਸ ਨੇ। ਆਕਾਰੁ-ਜਗਤ ਦਾ ਅਕਾਰ। ਗੁਰਮੁਖਿ-ਗੁਰੂ ਦੁਆਰਾ। ਪਾਰਾਵਾਰੁ-ਪਰਲਾ ਤੇ ਉਰਲਾ ਕਿਨਾਰਾ।੪੬।

ੜਾੜੈ ਰੂੜਾ ਹਰਿ ਜੀਉ ਸੋਈ ॥ ਤਿਸੁ ਬਿਨੁ ਰਾਜਾ ਅਵਰੁ ਨ ਕੋਈ ॥ ੜਾੜੈ ਗਾਰੁੜੁ ਤੁਮ ਸੁਣਹੁ ,ਹਰਿ ਵਸੈ ਮਨ ਮਾਹਿ ॥ ਗੁਰ ਪਰਸਾਦੀ ਹਰਿ ਪਾਈਐ, ਮਤੁ ਕੋ ਭਰਮਿ ਭੁਲਾਹਿ ॥ ਸੋ ਸਾਹੁ ਸਾਚਾ, ਜਿਸੁ ਹਰਿ ਧਨੁ ਰਾਸਿ ॥ ਗੁਰਮੁਖਿ ਪੂਰਾ ਤਿਸੁ ਸਾਬਾਸਿ ॥ ੜਾੜੇ ਅੱਖਰ ਦਾ ਉਪਦੇਸ਼ ਹੈ ਕਿ ਉਹ ਹਰਿ ਜੀ ਹੀ (ਸਭ ਤੋਂ ਵੱਧ) ਸੁੰਦਰ ਹੈ। ਉਸ ਹਰੀ ਤੋਂ ਬਿਨਾ ਹੋਰ ਕੋਈ ਰਾਜਾ ਨਹੀਂ। ੜਾੜੇ ਅੱਖਰ ਦੁਆਰਾ ਦਸਦੇ ਹਨ ਕਿ (ਹੇ ਭਰਾਵੋ ! ਮਾਇਆ ਰੂਪ ਸੱਪਣੀ ਦੀ ਵਿਸ ਉਤਾਰਨ ਵਾਲਾ ਗੁਰ ਸ਼ਬਦ ਰੂਪ) ਗਾਰੜ ਮੰਤ੍ਰ ਤੁਸੀਂ ਸੁਣੋ, (ਇਸ ਮੰਤ੍ਰ ਦੁਆਰਾ) ਹਰੀ ਮਨ ਵਿਚ ਆ ਵਸਦਾ ਹੈ। ਗੁਰੂ ਦੀ ਕਿਰਪਾ ਨਾਲ ਹਰੀ ਨੂੰ ਪਾਈਦਾ ਹੈ, ਮੱਤ ਕੋਈ ਮਨੁੱਖ ਭਰਮ ਵਿਚ ਪੈ ਕੇ ਭੁੱਲ ਜਾਵੇ (ਕਿ ਸ਼ਾਇਦ ਗੁਰੂ ਤੋਂ ਬਿਨਾ ਹਰੀ ਮਿਲ ਜਾਵੇ)। ਉਹ ਮਨੁੱਖ ਸੱਚਾ ਸ਼ਾਹ ਹੈ, ਜਿਸ ਦੇ ਪਾਸ ਹਰੀ ਦਾ ਨਾਮ ਧਨ ਰੂਪ ਪੂੰਜੀ ਹੈ। (ਜੋ ਮਨੁੱਖ ਗੁਰੂ ਦੀ ਸ਼ਰਨ ਵਿਚ ਪੈ ਕੇ) ਪੂਰਨ ਗੁਰਮੁਖ ਬਣ ਗਿਆ ਹੈ, ਉਸ ਨੂੰ ਸਾਬਾਸ਼ ਹੈ।

ਅੰਗ ੯੩੭ = ਰੂੜੀ ਬਾਣੀ ਹਰਿ ਪਾਇਆ, ਗੁਰ ਸਬਦੀ ਬੀਚਾਰਿ ॥ ਆਪੁ ਗਇਆ ਦੁਖੁ ਕਟਿਆ, ਹਰਿ ਵਰੁ ਪਾਇਆ ਨਾਰਿ ॥੪੭॥ ਸੁਇਨਾ ਰੁਪਾ ਸੰਚੀਐ, ਧਨੁ ਕਾਚਾ ਬਿਖੁ ਛਾਰੁ ॥ ਸਾਹੁ ਸਦਾਏ ਸੰਚਿ ਧਨੁ ,ਦੁਬਿਧਾ ਹੋਇ ਖੁਆਰੁ ॥ ਸਚਿਆਰੀ ਸਚੁ ਸੰਚਿਆ, ਸਾਚਉ ਨਾਮੁ ਅਮੋਲੁ ॥ ਹਰਿ ਨਿਰਮਾਇਲੁ ਊਜਲੋ ,ਪਤਿ ਸਾਚੀ ਸਚੁ ਬੋਲੁ ॥ ਸਾਜਨੁ ਮੀਤੁ ਸੁਜਾਣੁ ਤੂ ,ਤੂ ਸਰਵਰੁ ਤੂ ਹੰਸੁ ॥ ਸਾਚਉ ਠਾਕੁਰੁ ਮਨਿ ਵਸੈ, ਹਉ ਬਲਿਹਾਰੈ ਤਿਸੁ ॥ ਮਾਇਆ ਮਮਤਾ ਮੋਹਣੀ, ਜਿਨਿ ਕੀਤੀ ਸੋ ਜਾਣੁ ॥ ਬਿਖਿਆ ਅੰਮ੍ਰਿਤੁ ਏਕੁ ਹੈ, ਬੂਝੈ ਪੁਰਖੁ ਸੁਜਾਣੁ ॥੪੮॥ (ਉਸ ਗੁਰਮੁਖ ਨੇ ਗੁਰੂ ਦੀ) ਸੁੰਦਰ ਬਾਣੀ ਅਤੇ ਗੁਰੂ ਦੇ ਸ਼ਬਦ ਦੀ ਬਿਚਾਰ ਕਰਕੇ ਹਰੀ ਨੂੰ ਪਾਇਆ ਹੈ। (ਉਸ) ਜੀਵ ਇਸਤ੍ਰੀ ਨੇ ਪਤੀ ਪ੍ਰਮੇਸ਼ਰ ਨੂੰ ਪਾ ਲਿਆ ਹੈ, (ਜਿਸ ਦਾ) ਆਪਾ ਭਾਵ ਮਿਟ ਗਿਆ ਹੈ, (ਇਉਂ ਉਸ ਦਾ) ਦੁਖ ਵੀ ਕੱਟਿਆ ਗਿਆ ਹੈ।੪੭। ਸੋਨਾ ਚਾਂਦੀ ਇਕੱਠਾ ਕਰੀਦਾ ਹੈ, (ਪਰ ਇਹ) ਧਨ ਕੱਚਾ, ਜਹਿਰ ਤੇ ਸੁਆਹ ਰੂਪ ਹੈ। ਇਹ ਧਨ ਇੱਕਠਾ ਕਰਕੇ (ਜੋ ਮਨੁੱਖ) ਸ਼ਾਹ ਸਦਾਉਂਦਾ ਹੈ, ਉਹ ਦੁਬਿਧਾ ਵਿਚ ਪੈ ਕੇ ਖੱਜਲ ਖੁਆਰ ਹੁੰਦਾ ਹੈ (ਕਿ ਸਰਕਾਰ ਟੈਕਸ ਨਾ ਲਾ ਦੇਵੇ, ਚੋਰੀ ਨਾ ਹੋ ਜਾਵੇ, ਕੋਈ ਖੋਹ ਨਾ ਲਵੇ)। ਸਚਿਆਰ ਸਿੱਖਾਂ ਨੇ ਸੱਚ ਰੂਪ ਧਨ ਇਕੱਠਾ ਕੀਤਾ ਹੈ, (ਉਹ ਧਨ) ਸੱਚਾ ਨਾਮ ਹੈ, ਜੋ ਅਮੋਲਕ ਹੈ। ਹਰੀ ਨਿਰਮਲ ਤੇ ਉਜਲ ਹੈ, (ਜੋ ਮਨੁੱਖ ਹਰੀ ਦਾ ਨਾਮ ਸਿਮਰਦਾ ਹੈ, (ਉਸ ਨੂੰ) ਸੱਚੀ ਇੱਜਤ ਮਿਲਦੀ ਹੈ, (ਉਸ ਦਾ) ਬੋਲ ਸੱਚਾ ਹੁੰਦਾ ਹੈ। (ਇਸ ਤਰ੍ਹਾਂ ਬੇਨਤੀ ਕਰੋ) ਹੇ ਹਰੀ ! ਤੂੰ (ਇਸ ਲੋਕ ਦਾ) ਸਿਆਣਾ ਸੱਜਨ ਤੇ (ਪ੍ਰਲੋਕ ਦਾ) ਮਿਤ੍ਰ ਹੈਂ, ਤੂੰ (ਹੀਰੇ ਮੋਤੀਆਂ ਦਾ) ਸਰੋਵਰ ਹੈਂ ਅਤੇ ਤੂੰ ਹੀ (ਹੀਰੇ ਮੋਤੀ ਚੁਗਣ ਵਾਲਾ ਗੁਰਮੁਖ ਰੂਪ) ਹੰਸ ਹੈਂ। (ਜਿਸ ਮਨੁੱਖ ਦੇ) ਮਨ ਵਿਚ ਸੱਚਾ ਮਾਲਕ ਵਸ ਜਾਂਦਾ ਹੈ, ਮੈਂ ਉਸ ਤੋਂ ਬਲਿਹਾਰ ਹਾਂ। ਮਾਇਆ ਮੈਂ ਮੇਰੀ ਪੈਦਾ ਕਰਦੀ ਹੈ ਅਤੇ ਮੋਹ ਲੈਣ ਵਾਲੀ ਹੈ, (ਹੇ ਭਾਈ !) ਜਿਸ ਪ੍ਰਭੂ ਨੇ (ਮਾਇਆ) ਪੈਦਾ ਕੀਤੀ ਹੈ, ਉਸ ਨੂੰ ਜਾਣ (ਜਿਹੜਾ ਮਨੁੱਖ ਮਾਇਆ ਵਿਚ ਰਹਿ ਕੇ ਵੀ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ, ਉਸ ਦਾ ਜੀਵਨ ਸਫਲ ਹੈ। ਜਿਹੜਾ ਮਨੁੱਖ) ਸੁਜਾਨ ਪੁਰਖ ਪ੍ਰਭੂ ਨੂੰ ਸਮਝ ਲੈਂਦਾ ਹੈ, (ਉਹ) ਜਹਿਰ ਤੇ ਅੰਮ੍ਰਿਤ ਨੂੰ ਇਕੋ ਜਿਹਾ ਜਾਣਦਾ ਹੈ; ਸਿਆਣਾ ਪੁਰਖ ਬਿਖਿਆ ਤੇ ਅੰਮ੍ਰਿਤ ਨੂੰ ਇਕ ਸਮਾਨ ਸਮਝਦਾ ਹੈ।੪੮।

ਪਦਾਰਥ = ੜਾੜੈ-ੜਾੜੇ ਅੱਖਰ ਦੁਆਰਾ। ਰੂੜਾ-ਸੁੰਦਰ। ਸੋਈ-ਉਹ ਹੀ। ਰਾਜਾ-ਸਭ ਨੂੰ ਪ੍ਰਸੰਨ ਕਰਨ ਵਾਲਾ ਅਤੇ ਪ੍ਰਕਾਸ਼ਣ ਵਾਲਾ ਜਗਤ ਦਾ ਮਾਲਕ ਕਰਤਾਰ। ਗਾਰੁੜ-ਮਾਇਆ ਰੂਪ ਸੱਪਣੀ ਜਾਂ ਮਨ ਰੂਪ ਸੱਪ ਨੂੰ ਵਸ ਵਿਚ ਕਰਨ ਵਾਲਾ ਮੰਤ੍ਰ। ਮਨ ਮਾਹਿ-ਮਨ ਵਿਚ। ਗੁਰ ਪਰਸਾਦੀ-ਗੁਰੂ ਦੀ ਕਿਰਪਾ ਨਾਲ। ਮਤੁ-ਮੱਤਾਂ; ਸ਼ਾਇਦ। ਕੋ-ਕੋਈ। ਭਰਮਿ ਭੁਲਾਏ-ਭਰਮ ਵਿਚ ਪੈ ਕੇ ਭੁੱਲ ਜਾਵੇ। ਸੋ-ਉਹ। ਸਾਹੁ-ਸ਼ਾਹ। ਰਾਸਿ-ਪੂੰਜੀ। ਸਾਬਾਸਿ-ਧੰਨ ਹੈ। ਰੂੜੀ-ਸੁੰਦਰ। ਆਪੁ-ਆਪਾ ਭਾਵ (ਅਪਣੱਤ)। ਵਰੁ-ਪਤੀ। ਨਾਰਿ-ਜੀਵ ਰੂਪ ਇਸਤ੍ਰੀ ਨੇ।੪੭। ਰੁਪਾ-ਚਾਂਦੀ। ਸੰਚੀਐ-ਇਕੱਠਾ ਕਰੀਦਾ ਹੈ। ਬਿਖੁ-ਜਹਿਰ। ਛਾਰੁ-ਸੁਆਹ (ਬਿਅਰਥ)। ਸਦਾਏ-ਸਦਾਉਂਦਾ ਹੈ। ਸੰਚਿ-ਇਕੱਠਾ ਕਰਕੇ। ਦੁਬਿਧਾ-ਦੁਚਿੱਤਾਪਣ। ਖੁਆਰੁ-ਖੱਜਲ ਖੁਆਰ; ਦੁਖੀ। ਸਚਿਆਰੀ-ਸੱਚ ਦੇ ਧਾਰਨੀ ਸਿੱਖਾਂ ਨੇ। ਅਮੋਲੁ-ਅਮੋਲਕ। ਨਿਰਮਾਇਲੁ-ਨਿਰਮਲ; ਮਾਇਆ ਰਹਿਤ। ਪਤਿ-ਇੱਜਤ। ਮੀਤੁ-ਮਿੱਤਰ। ਸੁਜਾਣੁ-ਸਿਆਣਾ। ਸਰਵਰੁ-ਸਰੋਵਰ। ਮਨਿ-

ਮਨ ਵਿਚ।ਹਉ–ਮੈਂ।ਤਿਸੁ–ਉਸ (ਹੰਸ) ਤੋਂ।ਜਿਨਿ–ਜਿਸ ਨੇ।ਕੀਤੀ–ਪੈਦਾ ਕੀਤੀ।ਸੋ ਜਾਣੁ–ਉਸ ਨੂੰ ਸਮਝ।੪੮।

ਖਿਮਾ ਵਿਹੂਣੇ ਖਪਿ ਗਏ, ਖੂਹਣਿ ਲਖ ਅਸੰਖ ॥ ਗਣਤ ਨ ਆਵੈ ਕਿਉ ਗਣੀ, ਖਪਿ ਖਪਿ ਮੁਏ ਬਿਸੰਖ ॥ ਖਸਮੁ ਪਛਾਣੈ ਆਪਣਾ, ਖੂਲੈ ਬੰਧੁ ਨ ਪਾਇ ॥ ਸਬਦਿ ਮਹਲੀ ਖਰਾ ਤੂ ,ਖਿਮਾ ਸਚੁ ਸੁਖ ਭਾਇ ॥ ਖਰਚੁ ਖਰਾ ਧਨੁ ਧਿਆਨੁ ਤੂ ,ਆਪੇ ਵਸਹਿ ਸਰੀਰਿ ॥ ਮਨਿ ਤਨਿ ਮੁਖਿ ਜਾਪੈ ਸਦਾ, ਗੁਣ ਅੰਤਰਿ ਮਨਿ ਧੀਰ ॥ ਹਉਮੈ ਖਪੈ ਖਪਾਇਸੀ, ਬੀਜਉ ਵਥੁ ਵਿਕਾਰੁ ॥ ਜੰਤ ਉਪਾਇ ਵਿਚਿ ਪਾਇਅਨੁ ,ਕਰਤਾ ਅਲਗੁ ਅਪਾਰੁ ॥੪੯॥ ਸ੍ਰਿਸਟੇ ਭੇਉ ਨ ਜਾਣੈ ਕੋਇ ॥ ਸ੍ਰਿਸਟਾ ਕਰੈ ਸੁ ਨਿਹਚਉ ਹੋਇ ॥ ਸੰਪੈ ਕਉ ਈਸਰੁ ਧਿਆਈਐ ॥ ਸੰਪੈ ਪੁਰਬਿ ਲਿਖੇ ਕੀ ਪਾਈਐ ॥ ਸੰਪੈ ਕਾਰਣਿ ਚਾਕਰ ਚੋਰ ॥ ਸੰਪੈ ਸਾਥਿ ਨ ਚਾਲੈ ਹੋਰ ॥ ਬਿਨੁ ਸਾਚੇ ਨਹੀ ਦਰਗਹ ਮਾਨੁ ॥ ਹਰਿ ਰਸੁ ਪੀਵੈ ਛੁਟੈ ਨਿਦਾਨਿ ॥੫੦॥ (ਹੇ ਪੰਡਤ!) ਖਿਮਾ ਵਿਹੂਣੇ ਲੱਖਾਂ, ਅਣਗਿਣਤ ਤੋਂ ਅਣਗਿਣਤ ਜੀਵ ਮਰ ਖਪ ਗਏ ਹਨ।(ਉਨ੍ਹਾਂ ਦੀ) ਗਿਣਤੀ ਨਹੀਂ ਆਉਂਦੀ, ਮੈਂ ਕਿਵੇਂ ਗਿਣਤੀ ਕਰਾਂ? ਅਣਗਿਣਤ ਹੀ ਜੀਵ ਖਪ ਖਪ ਕੇ ਮਰ ਗਏ ਹਨ।(ਜਿਹੜਾ ਮਨੁੱਖ) ਅਪਣੇ ਮਾਲਕ ਨੂੰ ਪਛਾਣ ਲੈਂਦਾ ਹੈ, (ਉਸ ਦਾ) ਬੰਧਨ ਖੁਲ੍ਹ ਜਾਂਦਾ ਹੈ, (ਮੁੜ ਕੇ ਉਸ ਨੂੰ) ਬੰਧਨ ਨਹੀਂ ਪੈਂਦਾ। (ਹੇ ਪ੍ਰਭੂ! ਫਿਰ ਉਹ ਮਨੁੱਖ ਗੁਰੂ ਦੇ) ਸ਼ਬਦ ਦੁਆਰਾ ਤੇਰੇ ਮਹਿਲਾਂ ਵਿਚ ਵਸਣ ਦਾ ਅਧਿਕਾਰੀ ਬਣ ਜਾਂਦਾ ਹੈ, (ਕਿਉਂਕਿ ਉਸ ਨੂੰ) ਤੂੰ ਖਰਾ (ਸ਼ੁੱਧ) ਕਰ ਦਿਤਾ ਹੈ, ਖਿਮਾ ਤੇ ਸੱਚ (ਆਦਿ ਗੁਣ ਉਸ ਵਿਚ) ਸੁਖੈਨ ਹੀ ਆ ਜਾਂਦੇ ਹਨ।(ਹੇ ਪ੍ਰਭੂ!) ਤੂੰ ਹੀ (ਉਸ ਦੇ ਜੀਵਨ ਦਾ) ਖਰਚ ਹੈਂ, ਤੂੰ ਹੀ (ਉਸ ਦਾ) ਖਰਾ ਧਨ ਤੇ ਤੂੰ ਹੀ (ਉਸ ਦਾ) ਧਿਆਨ ਹੈਂ, (ਇਨ੍ਹਾਂ ਗੁਣਾਂ ਦੇ ਕਰਕੇ) ਤੂੰ ਆਪ ਹੀ (ਉਸ ਦੇ) ਸਰੀਰ ਵਿਚ ਵਸਣ ਲਗ ਪੈਂਦਾ ਹੈਂ।(ਉਹ) ਮਨ, ਤਨ ਤੇ ਮੂੰਹ ਦੁਆਰਾ ਸਦਾ ਤੇਰਾ ਨਾਮ ਜਪਦਾ ਹੈ, (ਉਸ ਦੇ ਹਿਰਦੇ) ਅੰਦਰ ਤੇਰੇ ਗੁਣ ਪੈਦਾ ਹੋ ਜਾਂਦੇ ਹਨ ਅਤੇ ਮਨ ਵਿਚ ਧੀਰਜ ਆ ਜਾਂਦਾ ਹੈ।(ਪਰ ਇਸ ਦੇ ਉਲਟ) ਜੀਵ ਹਉਮੈ ਵਿਚ ਆਪ ਖਪਦਾ ਹੈ ਤੇ ਹੋਰਨਾਂ ਨੂੰ ਖਪਾਉਂਦਾ ਹੈ, (ਕਿਉਂਕਿ ਵਾਹਿਗੁਰੂ ਤੋਂ ਬਿਨਾ) ਦੂਜੀ ਵਸਤੂ ਵਿਕਾਰ ਪੈਦਾ ਕਰਦੀ ਹੈ।ਉਸ ਪ੍ਰਭੂ ਨੇ ਜੀਵ ਪੈਦਾ ਕਰਕੇ (ਜੀਵਾਂ ਵਿਚ) ਹਉਮੈ ਪਾਈ ਹੈ, (ਪਰ) ਕਰਤਾਰ ਵੱਖਰਾ ਹੈ ਤੇ ਪਾਰਾਵਾਰ ਤੋਂ ਰਹਿਤ ਹੈ।੪੯।(ਹੇ ਪੰਡਤ!) ਸ੍ਰਿਸਟੀ ਰਚਣ ਵਾਲੇ ਵਾਹਿਗੁਰੂ ਦਾ ਭੇਤ ਕੋਈ ਮਨੁੱਖ ਨਹੀਂ ਜਾਣ ਸਕਦਾ।ਸ੍ਰਿਸਟੀ ਰਚਣ ਵਾਲਾ ਜੋ ਕੁਛ ਕਰਦਾ ਹੈ, ਉਹ ਅਵੱਸ਼ ਹੁੰਦਾ ਹੈ।ਧਨ ਵਾਸਤੇ ਮਨੁੱਖ ਈਸ਼ਵਰ ਨੂੰ ਧਿਆਉਂਦਾ ਹੈ।(ਹਾਲਾਂਕਿ) ਧਨ ਉਤਨਾ ਹੀ ਪਾਈਦਾ ਹੈ, ਜਿਤਨਾ ਕਰਮਾਂ ਅਨੁਸਾਰ ਪਹਿਲਾਂ ਲਿਖਿਆ ਹੁੰਦਾ ਹੈ।ਧਨ ਵਾਸਤੇ ਮਨੁੱਖ (ਹੋਰਨਾਂ ਦਾ) ਨੌਕਰ ਬਣਦਾ ਹੈ ਤੇ ਚੋਰ ਚੋਰੀ ਕਰਨ ਲਗਦਾ ਹੈ।(ਪਰ) ਧਨ ਕਿਸੇ ਦੇ ਨਾਲ ਨਹੀਂ ਜਾਂਦਾ, (ਮੌਤ ਤੋਂ ਬਾਦ) ਧਨ ਕਿਸੇ ਹੋਰ ਪਾਸ ਚਲੇ ਜਾਂਦਾ ਹੈ।ਸੱਚੇ ਨਾਮ ਧਨ ਤੋਂ ਬਿਨਾ ਰੱਬੀ ਦਰਗਾਹ ਵਿਚ (ਜੀਵ ਨੂੰ) ਆਦਰ ਨਹੀਂ ਮਿਲਦਾ।ਜੋ ਮਨੁੱਖ ਹਰੀ ਦਾ ਨਾਮ ਰਸ ਪੀਂਦਾ ਹੈ, ਉਹ ਅੰਤ ਨੂੰ ਛੁਟਦਾ (ਮੁਕਤ ਹੁੰਦਾ) ਹੈ।੫੦।

ਪਦਾਰਥ = ਵਿਹੂਣੇ–ਬਿਨਾ; ਖਾਲੀ।ਖੂਹਣਿ–ਬਹੁਤ ਜਿਆਦਾ ਗਿਣਤੀ ਵਾਲੀ ਸੈਨਾ।ਲਖ–ਲੱਖਾਂ।ਅਸੰਖ–ਅਣਗਿਣਤ।ਗਣਤ–ਗਿਣਤੀ।ਕਿਉ ਗਣੀ–ਕਿਵੇਂ ਗਿਣਾਂ? ਖਪਿ ਮੁਏ–ਖਪ ਕੇ ਮਰ ਗਏ।ਬਿਸੰਖ–ਅਣਗਿਣਤ।ਖਸਮੁ–ਮਾਲਕ ਪ੍ਰਭੂ ਨੂੰ।ਖੂਲੈ–ਖੁਲ੍ਹ (ਬੰਧਨਾਂ ਤੋਂ ਅਜਾਦ ਹੋ) ਜਾਂਦਾ ਹੈ।ਬੰਧੁ–ਬੰਧਨ।ਨ ਪਾਇ–ਨਹੀਂ ਪੈਂਦਾ।ਸਬਦਿ–ਸ਼ਬਦ ਦੁਆਰਾ।ਮਹਲੀ–ਮਹਲਾਂ ਵਿਚ।ਖਰਾ–ਸ਼ੁੱਧ; ਸੱਚਾ।ਸੁਖ ਭਾਇ–ਸੁਖ ਦੇ ਭਾਵ ਨਾਲ (ਸੌਖੇ ਹੀ)।ਵਸਹਿ–ਵਸਦਾ ਹੈਂ।ਸਰੀਰਿ–ਸਰੀਰ ਵਿਚ।ਮਨਿ–ਮਨ ਦੁਆਰਾ।ਤਨਿ–ਸਰੀਰ ਦੁਆਰਾ।ਮੁਖਿ–ਮੂੰਹ ਦੁਆਰਾ।ਜਾਪੈ–ਜਪਦਾ ਹੈ।ਅੰਤਰਿ–ਹਿਰਦੇ ਅੰਦਰ।ਧੀਰ–ਧੀਰਜ।ਖਪੈ ਖਪਾਇਸੀ–ਆਪ ਖਪਦਾ ਹੈ, ਹੋਰਨਾਂ ਨੂੰ ਖਪਾਉਂਦਾ ਹੈ।ਬੀਜਉ–ਦੂਜਾ।ਵਥੁ–ਵਸਤੂ।ਜੰਤ–ਜੀਵ।ਉਪਾਇ–ਪੈਦਾ ਕਰਕੇ।ਪਾਈਅਨੁ–ਉਸ ਨੇ ਪਾਈ।ਕਰਤਾ–ਕਰਤਾਰ।ਅਲਗੁ–ਵੱਖਰਾ; ਨਿਰਲੇਪ।ਅਪਾਰੁ–ਪਾਰਾਵਾਰ ਤੋਂ ਰਹਿਤ।੪੯।ਸ੍ਰਿਸਟੇ–ਸ੍ਰਿਸਟੀ ਪੈਦਾ ਕਰਨ ਵਾਲਾ ਵਾਹਿਗੁਰੂ।ਭੇਉ–ਭੇਤ।ਸ੍ਰਿਸਟਾ–ਸ੍ਰਿਸਟੀ ਪੈਦਾ ਕਰਨ ਵਾਲਾ ਪ੍ਰਭੂ।ਸੁ–ਉਹ।ਨਿਹਚਉ–ਜਰੂਰ।ਸੰਪੈ ਕਉ–ਧਨ ਪ੍ਰਾਪਤ ਕਰਨ ਵਾਸਤੇ।ਈਸਰੁ–ਪ੍ਰਮਾਤਮਾ।ਪੁਰਬਿ–ਪਹਿਲਾਂ ਦੇ ਕੀਤੇ ਕਰਮਾਂ ਅਨੁਸਾਰ।ਚਾਕਰ–ਨੌਕਰ।ਸਾਥਿ–ਨਾਲ।ਹੋਰ–(ਮੌਤ ਪਿਛੋਂ ਧਨ) ਹੋਰ ਕਿਸੇ ਦਾ ਬਣ ਜਾਂਦਾ ਹੈ।ਮਾਨੁ–ਆਦਰ।ਪੀਵੈ–ਪੀਂਦਾ ਹੈ।ਛੁਟੈ–ਛੁਟ (ਮੁਕਤ ਹੋ) ਜਾਂਦਾ ਹੈ।ਨਿਦਾਨਿ–ਅੰਤ ਨੂੰ।੫੦।

ਹੇਰਤ ਹੇਰਤ ਹੇ ਸਖੀ, ਹੋਇ ਰਹੀ ਹੈਰਾਨੁ ॥ ਹਉ ਹਉ ਕਰਤੀ ਮੈ ਮੁਈ, ਸਬਦਿ ਰਵੈ ਮਨਿ ਗਿਆਨੁ ॥ ਹਾਰ ਡੋਰ ਕੰਕਨ ਘਣੇ, ਕਰਿ ਥਾਕੀ ਸੀਗਾਰੁ ॥ ਮਿਲਿ ਪ੍ਰੀਤਮ ਸੁਖੁ ਪਾਇਆ, ਸਗਲ ਗੁਣਾ ਗਲਿ ਹਾਰੁ ॥ ਨਾਨਕ ਗੁਰਮੁਖਿ ਪਾਈਐ, ਹਰਿ ਸਿਉ ਪ੍ਰੀਤਿ ਪਿਆਰੁ ॥ ਹਰਿ ਬਿਨੁ ਕਿਨਿ ਸੁਖੁ ਪਾਇਆ, ਦੇਖਹੁ ਮਨਿ ਬੀਚਾਰਿ ॥ ਹਰਿ ਪੜਣਾ ਹਰਿ ਬੁਝਣਾ, ਹਰਿ ਸਿਉ ਰਖਹੁ ਪਿਆਰੁ ॥ ਹਰਿ ਜਪੀਐ ਹਰਿ ਧਿਆਈਐ, ਹਰਿ ਕਾ ਨਾਮੁ ਅਧਾਰੁ ॥੫੧॥ ਲੇਖੁ ਨ ਮਿਟਈ ਹੇ ਸਖੀ, ਜੋ ਲਿਖਿਆ ਕਰਤਾਰਿ ॥ ਆਪੇ ਕਾਰਣੁ

ਜਿਨਿ ਕੀਆ, ਕਰਿ ਕਿਰਪਾ ਪਗੁ ਧਾਰਿ ॥ ਕਰਤੇ ਹਥਿ ਵਡਿਆਈਆ, ਬੂਝਹੁ ਗੁਰ ਵੀਚਾਰਿ ॥ ਲਿਖਿਆ ਫੇਰਿ ਨ ਸਕੀਐ, ਜਿਉ ਭਾਵੀ ਤਿਉ ਸਾਰਿ ॥ ਨਦਰਿ ਤੇਰੀ ਸੁਖੁ ਪਾਇਆ ਨਾਨਕ ਸਬਦੁ ਵੀਚਾਰਿ ॥ ਮਨਮੁਖਿ ਭੂਲੇ ਪਚਿ ਮੁਏ, ਉਬਰੇ ਗੁਰ ਬੀਚਾਰਿ ॥ ਜਿ ਪੁਰਖੁ ਨਦਰਿ ਨ ਆਵਈ, ਤਿਸ ਕਾ ਕਿਆ ਕਰਿ ਕਹਿਆ ਜਾਇ ॥ ਬਲਿਹਾਰੀ ਗੁਰ ਆਪਣੇ, ਜਿਨਿ ਹਿਰਦੈ ਦਿਤਾ ਦਿਖਾਇ ॥੫੨॥(ਹਾਹੇ ਅੱਖਰ ਦੁਆਰਾ ਦਸਦੇ ਹਨ ਕਿ) ਹੇ ਸਖੀ! ਮੈਂ (ਇਹ ਅਵਸਥਾ) ਦੇਖਦੀ ਦੇਖਦੀ ਹੈਰਾਨ ਹੋ ਰਹੀ ਹਾਂ।(ਕਿ ਮੇਰੇ ਅੰਦਰੋਂ) ਮੈਂ ਮੈਂ ਕਰਨ ਵਾਲੀ ਹਉਮੈ ਮਰ ਗਈ ਹੈ, (ਗੁਰੂ ਦੇ) ਸ਼ਬਦ ਵਿਚ ਜੁੜ ਕੇ ਮੇਰੀ ਜੀਭ (ਉਸ ਨੂੰ) ਸਿਮਰਦੀ ਹੈ ਅਤੇ ਮੇਰੇ ਮਨ ਵਿਚ (ਉਸ ਦਾ) ਗਿਆਨ ਆ ਗਿਆ ਹੈ। ਹਾਰ, ਡੋਰ, ਕੰਗਣ ਆਦਿ ਬਹੁਤ ਗਹਿਣਿਆਂ ਦਾ ਸ਼ਿੰਗਾਰ ਕਰਕੇ ਮੈਂ ਥੱਕ ਗਈ ਸਾਂ (ਫਿਰ ਵੀ ਪਿਆਰਾ ਪ੍ਰਭੂ ਨਹੀਂ ਸੀ ਮਿਲਿਆ। ਹੁਣ) ਪਿਆਰੇ ਪ੍ਰਭੂ ਨੂੰ ਮਿਲ ਕੇ ਸੁਖ ਪਾ ਲਿਆ ਹੈ ਅਤੇ (ਉਸ ਦੇ) ਸਾਰੇ ਗੁਣਾਂ ਦਾ ਹਾਰ ਮੇਰੇ ਗਲ ਵਿਚ ਪੈ ਗਿਆ ਹੈ (ਹੁਣ ਦੁਨਿਆਵੀ ਸ਼ਿੰਗਾਰ ਦੀ ਲੋੜ ਨਹੀਂ)। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਨਾਲ ਪ੍ਰੀਤ ਪਿਆਰ ਗੁਰੂ ਦੁਆਰਾ ਪਾਈਦਾ ਹੈ। (ਹੇ ਪੰਡਤ!) ਮਨ ਵਿਚ ਵਿਚਾਰ ਕਰਕੇ ਦੇਖ ਲਵੋ ਕਿ ਹਰੀ ਤੋਂ ਬਿਨਾ ਕਿਸ ਨੇ ਸੁਖ ਪਾਇਆ ਹੈ? (ਹਰੀ ਤੋਂ ਬਿਨਾ ਸੁਖ ਨਹੀਂ ਮਿਲਦਾ)। ਹਰੀ ਦਾ ਨਾਮ ਪੜ੍ਹਨਾ ਕਰੋ, ਹਰੀ ਦਾ ਗਿਆਨ ਸਮਝਣਾ ਕਰੋ ਅਤੇ ਹਰੀ ਨਾਲ ਪਿਆਰ ਰਖੋ। (ਜੀਭ ਨਾਲ) ਹਰੀ ਦਾ ਨਾਮ ਜਪਣਾ ਚਾਹੀਦਾ ਹੈ, (ਮਨ ਵਿਚ ਵੀ) ਹਰੀ ਦਾ ਨਾਮ ਸਿਮਰਨਾ ਚਾਹੀਦਾ ਹੈ, (ਕਿਉਂਕਿ ਜੀਵਨ ਦਾ) ਆਸਰਾ ਹਰੀ ਦਾ ਨਾਮ ਹੀ ਹੈ।੫੧। ਹੇ ਸਖੀ! (ਪਿਛਲੇ ਕੀਤੇ ਕਰਮਾਂ ਅਨੁਸਾਰ) ਕਰਤਾਰ ਨੇ ਜੋ ਲੇਖ (ਸਾਡੇ ਮੱਥੇ ਤੇ) ਲਿਖ ਦਿਤਾ ਹੈ, (ਉਹ ਸਾਡੇ ਅਪਣੇ ਕਿਸੇ ਜਤਨ ਨਾਲ) ਮਿਟ ਨਹੀਂ ਸਕਦਾ। ਜਿਸ ਪ੍ਰਭੂ ਨੇ ਆਪ ਹੀ ਇਹ ਕਾਰਣ ਬਣਾਇਆ ਹੈ, ਜੇ ਉਹ ਕ੍ਰਿਪਾ ਕਰਕੇ ਸਾਡੇ ਹਿਰਦੇ ਵਿਚ ਅਪਣੇ ਚਰਨ ਧਰ ਦੇਵੇ (ਤਾਂ ਲੇਖ ਮਿਟ ਜਾਣਗੇ)। ਕਰਤਾਰ ਦੇ ਹੱਥ ਵਿਚ ਵਡਿਆਈਆਂ ਹਨ ਗੁਰੂ ਦੇ ਵਿਚਾਰ ਰਾਹੀਂ (ਇਸ ਗੱਲ ਨੂੰ) ਸਮਝੋ। (ਪ੍ਰਭੂ ਦਾ) ਲਿਖਿਆ ਲੇਖ ਮੋੜਿਆ ਨਹੀਂ ਜਾ ਸਕਦਾ, (ਹੇ ਪ੍ਰਭੂ! ਤੈਨੂੰ) ਜਿਵੇਂ ਚੰਗਾ ਲਗਦਾ ਹੈ, ਤਿਵੇਂ ਤੂੰ ਸਾਡੀ ਸੰਭਾਲ ਕਰ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਸਮਝ ਆ ਗਈ ਹੈ ਕਿ ਤੇਰੀ ਮਿਹਰ ਦੀ ਨਜਰ ਨਾਲ ਸੁਖ ਪਾਇਆ ਜਾਂਦਾ ਹੈ। ਮਨਮੁਖ ਭੁੱਲੇ ਹੋਏ ਹਨ ਤੇ ਸੜ ਮਰੇ ਹਨ, ਬਚੇ ਉਹ ਹਨ, ਜੋ ਗੁਰੂ ਦੇ ਸ਼ਬਦ ਦੀ ਵਿਚਾਰ ਕਰਦੇ ਹਨ। ਜਿਹੜਾ ਵਿਆਪਕ ਪ੍ਰਭੂ (ਇਨ੍ਹਾਂ ਅੱਖਾਂ ਨਾਲ) ਨਜਰ ਨਹੀਂ ਆਉਂਦਾ, ਉਸ ਦਾ ਸਰੂਪ ਕੀ ਕਰਕੇ ਕਿਹਾ ਜਾਵੇ? (ਪਰ) ਅਪਣੇ ਗੁਰੂ ਤੋਂ ਬਲਿਹਾਰ ਹਾਂ, ਜਿਸ ਨੇ ਹਿਰਦੇ ਵਿਚ (ਅਦ੍ਰਿਸ਼ਟ ਪ੍ਰਭੂ) ਦਿਖਾ ਦਿਤਾ ਹੈ।੫੨।

ਪਦਾਰਥ = ਹੇਰਤ ਹੇਰਤ–ਦੇਖਦੀ ਦੇਖਦੀ। ਹਉ ਹਉ–ਮੈਂ ਮੈਂ। ਕਰਤੀ–ਕਰਨ ਵਾਲੀ। ਮੁਈ–ਮਰ ਗਈ। ਸਬਦਿ–ਗੁਰੂ ਦੇ ਸ਼ਬਦ ਵਿਚ ਜੁੜ ਕੇ। ਰਵੈ–ਸਿਮਰਦੀ ਹੈ। ਮਨਿ–ਮਨ ਵਿਚ। ਡੋਰਿ–ਪਰਾਂਦਾ (ਇਸਤ੍ਰੀਆਂ ਦੇ ਵਾਲ ਗੁੰਦਣ ਵਾਲੀ ਡੋਰੀ)। ਕੰਕਨ–ਕੰਗਣ। ਘਣੇ–ਬਹੁਤੇ। ਸਗਲ–ਸਾਰੇ। ਗਲਿ–ਗਲ ਵਿਚ। ਗੁਰਮੁਖਿ–ਗੁਰੂ ਦੁਆਰਾ। ਸਿਉ–ਨਾਲ। ਕਿਨਿ–ਕਿਸ ਨੇ। ਬੀਚਾਰਿ–ਵਿਚਾਰ ਕੇ। ਅਧਾਰੁ–ਆਸਰਾ।੫੧। ਲੇਖੁ ਲਿਖਿਆ–ਪਿਛਲੇ ਕੀਤੇ ਕਰਮਾਂ ਦਾ ਮੱਥੇ ਤੇ ਲਿਖਿਆ ਲੇਖ। ਕਰਤਾਰਿ–ਕਰਤਾਰ ਨੇ। ਕਾਰਣੁ–(ਮੱਥੇ ਦੇ ਲੇਖਾਂ ਦਾ) ਸਬੱਬ। ਕੀਆ–ਕੀਤਾ (ਬਣਾਇਆ)। ਜਿਨਿ–ਜਿਸ ਨੇ। ਪਗੁ ਧਾਰਿ–ਹਿਰਦੇ ਵਿਚ ਚਰਨ ਧਰ ਦੇਵੇ। ਕਰਤੇ ਹਥਿ–ਕਰਤਾ ਪੁਰਖ ਦੇ ਹੱਥ ਵਿਚ। ਬੂਝਹੁ–ਸਮਝੋ। ਫੇਰਿ ਨ ਸਕੀਐ–ਮੋੜਿਆ ਨਹੀਂ ਜਾ ਸਕਦਾ। ਭਾਵੀ–ਚੰਗਾ ਲਗਦਾ ਹੈ। ਸਾਰਿ–ਸੰਭਾਲ ਕਰ। ਨਦਰਿ–ਮੇਹਰ ਦੀ ਨਜਰ। ਪਚਿ ਮੁਏ–ਸੜ ਮਰੇ ਹਨ। ਉਬਰੇ–ਬਚ ਗਏ ਹਨ। ਜਿ–ਜਿਹੜਾ। ਪੁਰਖੁ–ਸਰਬ ਵਿਆਪਕ ਪ੍ਰਭੂ। ਬਲਿਹਾਰੀ–ਕੁਰਬਾਨ ਜਾਂਦਾ ਹਾਂ। ਹਿਰਦੈ–ਹਿਰਦੇ ਵਿਚ।੫੨।

ਅੰਗ ੯੩੮ = ਪਾਧਾ ਪੜਿਆ ਆਖੀਐ, ਬਿਦਿਆ ਬਿਚਰੈ ਸਹਜਿ ਸੁਭਾਇ ॥ ਬਿਦਿਆ ਸੋਧੈ ਤਤੁ ਲਹੈ, ਰਾਮ ਨਾਮ ਲਿਵ ਲਾਇ ॥ ਮਨਮੁਖੁ ਬਿਦਿਆ ਬਿਕ੍ਰਦਾ, ਬਿਖੁ ਖਟੇ ਬਿਖੁ ਖਾਇ ॥ ਮੂਰਖੁ ਸਬਦੁ ਨ ਚੀਨਈ, ਸੂਝ ਬੂਝ ਨਹ ਕਾਇ ॥੫੩॥ ਪਾਧਾ ਗੁਰਮੁਖਿ ਆਖੀਐ, ਚਾਟੜਿਆ ਮਤਿ ਦੇਇ ॥ ਨਾਮੁ ਸਮਾਲਹੁ ਨਾਮੁ ਸੰਗਰਹੁ ,ਲਾਹਾ ਜਗ ਮਹਿ ਲੇਇ ॥ ਸਚੀ ਪਟੀ ਸਚੁ ਮਨਿ, ਪੜੀਐ ਸਬਦੁ ਸੁ ਸਾਰੁ ॥ ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ, ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥ (ਪੱਪੇ ਅੱਖਰ ਰਾਹੀਂ ਉਪਦੇਸ਼ ਦੇਂਦੇ ਹਨ ਕਿ ਹੇ ਪੰਡਤ! ਉਹ) ਪਾਧਾ ਪੜਿਆ ਹੋਇਆ ਵਿਦਵਾਨ ਆਖੀਦਾ ਹੈ, ਜੋ ਸ਼ਾਂਤ ਸੁਭਾਵ (ਠੰਢੇ ਦਿਲ) ਨਾਲ ਵਿਦਿਆ ਵਿਚਾਰਦਾ ਹੈ; ਸਹਿਜ ਸੁਭਾਵਕ ਹੀ ਵਿਦਿਆ ਅਨੁਸਾਰ ਜੀਵਨ ਵਿਚ ਬਿਚਰਦਾ ਹੈ। (ਉਹ) ਵਿਦਿਆ ਦੁਆਰਾ ਅਪਣੇ ਆਪ ਨੂੰ ਸੁਧਾਰਦਾ ਹੈ ਅਤੇ ਰਾਮ ਦੇ ਨਾਮ ਵਿਚ ਲਿਵ ਲਾ ਕੇ ਅਸਲੀਅਤ ਨੂੰ ਲੱਭਦਾ ਹੈ। (ਦੂਜੇ ਪਾਸੇ) ਮਨਮੁਖ ਵਿਦਿਆ ਵੇਚਦਾ ਹੈ (ਪੈਸੇ ਲੈ ਕੇ ਚੇਲਿਆਂ ਨੂੰ ਪੜ੍ਹਾਉਂਦਾ ਹੈ, ਉਹ) ਜਹਿਰ ਰੂਪ ਮਾਇਆ ਖੱਟਦਾ ਹੈ ਤੇ ਜਹਿਰ ਹੀ ਖਾਂਦਾ ਹੈ। ਮੂਰਖ (ਪਾਧਾ ਗੁਰੂ ਦੇ) ਸ਼ਬਦ

ਨੂੰ ਪਛਾਣਦਾ ਨਹੀਂ, (ਜਿਸ ਕਰਕੇ ਉਸ ਨੂੰ) ਕੋਈ ਸੂਝ ਬੂਝ ਨਹੀਂ ਹੁੰਦੀ।੫੩।(ਉਹ) ਪਾਧਾ ਗੁਰਮੁਖ ਕਹੀਦਾ ਹੈ, (ਜੋ ਅਪਣੇ) ਚੇਲਿਆਂ ਨੂੰ (ਇਹ ਚੰਗੀ) ਸਿਖਿਆ ਦੇਵੇ।ਕਿ ਹਰੀ ਦਾ ਨਾਮ ਸਿਮਰੋ ਅਤੇ ਨਾਮ ਧਨ ਇਕੱਠਾ ਕਰੋ, (ਇਉਂ) ਜਗਤ ਵਿਚ ਲਾਹਾ ਲੈ ਲਵੋ; (ਇਸ ਤਰ੍ਹਾਂ ਦਾ ਉਪਦੇਸ਼ ਦੇਣ ਵਾਲਾ ਪਾਧਾ) ਜਗਤ ਵਿਚ ਲਾਹਾ ਪ੍ਰਾਪਤ ਕਰ ਲੈਂਦਾ ਹੈ।ਸੱਚੇ ਪ੍ਰਭੂ ਨੂੰ ਮਨ ਵਿਚ ਵਸਾ ਲੈਣਾ ਸੱਚੀ ਪੱਟੀ ਹੈ ਅਤੇ ਸਤਿਗੁਰੂ ਦਾ ਸ੍ਰੇਸਟ ਸ਼ਬਦ ਪੜ੍ਹਨਾ ਚਾਹੀਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪੜ੍ਹਿਆ ਵਿਦਵਾਨ ਹੈ, ਉਹ ਸਿਆਣਾ ਪੰਡਤ ਹੈ, ਜਿਸ ਦੇ ਗਲ ਵਿਚ ਪ੍ਰਭੂ ਦਾ ਨਾਮ ਰੂਪ ਹਾਰ ਹੈ (ਜੋ ਹਰੀ ਦਾ ਨਾਮ ਸਿਮਰਦਾ ਹੈ)।੫੪।੧।

ਪਦਾਰਥ = ਪਾਧਾ–ਬੱਚਿਆਂ ਨੂੰ ਪੜ੍ਹਾਉਣ ਵਾਲਾ ਮਾਸਟਰ।ਆਖੀਐ–ਅਖੀਦਾ ਹੈ।ਬਿਚਰੈ–ਵਿਚਰਦਾ ਹੈ; ਵਿਚਾਰਦਾ ਹੈ।ਸਹਜ ਸੁਭਾਇ–ਸ਼ਾਂਤ ਸੁਭਾਵ ਨਾਲ; ਸਹਿਜ ਸੁਭਾਵਕ।ਸੋਧੈ–ਸੁਧਾਰਦਾ ਹੈ; ਵਿਚਾਰਦਾ ਹੈ।ਤਤੁ–ਅਸਲੀਅਤ ਨੂੰ।ਲਹੈ–ਲੱਭਦਾ ਹੈ।ਰਾਮ–ਪ੍ਰਮਾਤਮਾ।ਬਿਕ੍ਰਦਾ–ਵੇਚਦਾ ਹੈ।ਬਿਖੁ–ਮਾਇਆ; ਜਹਿਰ।ਖਟੇ–ਖੱਟਦਾ ਹੈ।ਨ ਚੀਨਈ–ਨਹੀਂ ਪਛਾਣਦਾ; ਨਹੀਂ ਸਮਝਦਾ।ਨਹ–ਨਹੀਂ।ਕਾਇ–ਕੋਈ।੫੩।ਪਾਧਾ ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਪਿਆ ਪਾਧਾ।ਚਾਟੜਿਆ–ਚੇਲਿਆਂ ਨੂੰ।ਮਤਿ–ਸਿੱਖਿਆ।ਦੇਇ–ਦੇਂਦਾ ਹੈ।ਸਮਾਲਹੁ–ਯਾਦ ਕਰੋ।ਸੰਗਰਹੁ–ਇਕੱਠਾ ਕਰੋ।ਲਾਹਾ–ਲਾਭ।ਲੇਇ–ਲੈਂਦਾ ਹੈ।ਮਨਿ–ਮਨ ਵਿਚ।ਸਾਰੁ–ਸ੍ਰੇਸਟ।ਸੋ–ਉਹ।ਬੀਨਾ–ਸਿਆਣਾ।ਜਿਸੁ ਗਲਿ–ਜਿਸ ਦੇ ਗਲ ਵਿਚ।੫੪।੧।